# ਕੈਨੇਡਾ ਦਰਪਣ

ਦਸੰਬਰ 20, 1985

**December 20, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991



I.C.B.C. claim, Criminal law, Divorces, Estates, Wills, Companies, Land transfers, Mortgages, Immigration Appeal Board.

**D. Persad** B.A.,LL.B.

Ph. Off. 521-8808

Nyack & Persad
Barristers & Solicitors
Notaries

Box 390
4—514 Sixth Ave.
New Westminster, B.C.
CANADA, V3L 4Y7



Weekending Dec. 20, 1985 Vol. 4 No. 48 | P.O.BOX 67344 STN. 0 Vancouver, B.C. V5W 3T1 | PRICE 35¢ Out of Greater Vancouver 50¢ | Phone (604) 581-4473


# ਕੈਨੇਡੀਅਨ -ਅਤਿਵਾਦੀ ਜਕੜੇ ਗਏ

# ਬਰਨਾਲਾ ਅਕਾਲੀ ਦਲ ਦੇ ਪ੍ਰਧਾਨ ਬਣਨਗੇ?

## ਅਕਾਲੀ ਦਲ ਦੇ ਜਨਰਲ ਹਾਊਸ ਦੀ ਮੀਟਿੰਗ 15 ਦਸੰਬਰ ਨੂੰ

ਚੰਡੀਗੜ੍ਹ — ਸ਼ਰੋਮਣੀ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੇ 15 ਦਸੰਬਰ ਨੂੰ ਅੰਮ੍ਰਿਤਸਰ ਵਿਚ ਪਾਰਟੀ ਦੇ ਜਨਰਲ ਹਾਊਸ ਦੀ ਮੀਟਿੰਗ ਬੁਲਾ ਲਈ ਹੈ। ਮੀਟਿੰਗ ਵਿਚ ਦਲ ਦੇ ਪ੍ਰਧਾਨ ਦੀ ਬਕਾਇਦਾ ਚੋਣ ਕੀਤੀ ਜਾਵੇਗੀ। ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਬਾਅਦ ਦੁਪਹਿਰ ਇਕ ਵਜੇ ਸੱਦੀ ਗਈ ਹੈ ਜਿਸ ਵਿਚ ਹਾਊਸ ਦੇ 450 ਮੈਂਬਰਾਂ ਵਲੋਂ ਸ. ਬਰਨਾਲਾ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਣਾ ਲਗਭਗ ਯਕੀਨੀ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਪਿਛੋਂ ਪ੍ਰਧਾਨਗੀ ਦਾ ਅਹੁਦਾ ਖਾਲੀ ਪਿਆ ਸੀ ਅਤੇ ਸ. ਬਰਨਾਲਾ ਐਕਟਿੰਗ ਪ੍ਰਧਾਨ ਵਜੋਂ ਕੰਮ ਚਲਾ ਰਹੇ ਹਨ। ਸੰਤ ਲੌਂਗੋਵਾਲ ਪਿਛੋਂ ਜ਼ਿਲਾ ਜਥੇਦਾਰਾਂ ਨੇ ਉਨ੍ਹਾ ਨੂੰ ਇਹ ਜ਼ਿੰਮੇਵਾਰੀ ਸੌਂਪੀ ਸੀ।

ਰਾਜਸੀ ਹਲਕਿਆਂ ਦੀ ਰਾਇ ਹੈ ਕਿ ਦਲ ਦੀ ਪ੍ਰਧਾਨਗੀ ਦੀ ਚੋਣ ਤੋਂ ਵਿਹਲੇ ਹੁੰਦਿਆਂ ਹੀ ਸ. ਬਰਨਾਲਾ ਮੰਤਰੀ ਮੰਡਲ ਵਿਚ ਵਾਧਾ ਕਰਨ ਦਾ ਐਲਾਨ ਵੀ ਕਰ ਦੇਣਗੇ। ਪਿਛਲੇ ਕਾਫੀ ਦਿਨਾ ਤੋਂ ਉਨ੍ਹਾਂ ਉਤੇ ਇਸ ਗੱਲ ਲਈ ਜ਼ੋਰ ਪੈ ਰਿਹਾ ਹੈ ਕਿ ਮੰਤਰੀ ਮੰਡਲ ਦਾ ਵਿਸਥਾਰ ਕੀਤਾ ਜਾਵੇ। ਸ. ਬਰਨਾਲਾ ਇਹ ਐਲਾਨ ਵੀ ਕਰ ਚੁੱਕੇ ਹਨ ਕਿ ਦਸੰਬਰ ਦੇ ਅਖੀਰ ਤਕ ਵਜ਼ਾਰਤ ਵਿਚ ਨਵੇਂ ਮੈਂਬਰ ਸ਼ਾਮਲ ਕੀਤੇ ਜਾਣਗੇ।

ਦਲ ਦੇ ਹਲਕਿਆਂ ਦਾ ਕਹਿਣਾ ਹੈ ਕਿ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨਗੀ ਪਦ ਲਈ ਸ. ਗੁਰਚਰਨ ਸਿੰਘ ਟੌਹੜਾ ਦੀ ਚੋਣ ਹੁੰਦਿਆਂ ਹੀ ਜਨਰਲ ਹਾਊਸ ਦੀ ਮੀਟਿੰਗ ਬੁਲਾਏ ਜਾਣਾ ਬਹੁਤ ਮਹੱਤਤਾ ਰਖਦਾ ਹੈ। ਸ. ਟੌਹੜਾਂ ਦੀ ਚੋਣ ਨੇ ਸ਼ਰੋਮਣੀ ਅਕਾਲੀ ਦਲ ਵਿਚ ਸ. ਬਰਨਾਲਾ ਦੀ ਸਥਿਤੀ ਨੂੰ ਸਪਸ਼ਟ ਰੂਪ ਵਿਚ ਉਭਾਰ ਕੇ ਸਾਹਮਣੇ ਲਿਆਂਦਾ ਹੈ। ਉਨ੍ਹਾਂ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਸ: ਬਰਨਾਲਾ ਨੇ ਜਨਰਲ ਹਾਊਸ ਦੀ ਮੀਟਿੰਗ ਨੂੰ ਬੜੇ ਹੀ ਭਰੋਸੇ ਨਾਲ ਸੱਦਿਆ ਹੈ ਅਤੇ ਐਡੀਗੇਟਾਂ ਨੇ ਉਨ੍ਹਾਂ ਦੇ ਪ੍ਰਧਾਨਗੀ ਦੇ ਅਹੁਦੇ ਨੂੰ ਕੇਵਲ ਰਵਾਇਤੀ ਪ੍ਰਵਾਨਗੀ ਹੀ ਦੇਣੀ ਹੈ।

ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਬਕਾ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਹਮਾਇਤੀ ਇਹ ਨਹੀਂ ਚਾਹੁੰਦੇ ਕਿ ਦਲ ਵਿਚ ਦੋ ਮਹੱਤਵਪੂਰਨ ਅਹੁਦੇ ਇਕ ਵਿਅਕਤੀ ਕੋਲ ਰਹਿਣ ਪ੍ਰੰਤੂ ਉਨ੍ਹਾਂ ਦੀ ਇਸ ਰਾਏ ਨੂੰ ਦਲ ਦੇ ਡੈਲੀਗੇਟਾਂ ਵਲੋਂ ਕੋਈ ਹੁੰਗਾਰਾ ਮਿਲਣ ਦੀ



ਸੰਭਾਵਨਾ ਨਹੀਂ ਹੈ। ਦਲ ਦੇ ਜ਼ਿਲਾ ਜਥੇਦਾਰਾਂ ਦੀਆਂ ਹਾਲ ਹੀ ਵਿਚ ਹੋਈਆਂ ਮੀਟਿੰਗਾਂ ਵੀ ਇਸੇ ਰੋਅ ਦਾ ਪ੍ਰਗਟਾਵਾ ਕਰਦੀਆਂ ਹਨ।

ਸ਼ਰੋਮਣੀ ਅਕਾਲੀ ਦਲ ਦੇ ਕਈ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਕੋਈ ਵੀ ਖੇਤਰੀ ਪਾਰਟੀ ਰਾਜਭਾਗ ਤਾਂ ਹੀ ਸਫਲਤਾ ਨਾਲ ਚਲਾ ਸਕਦੀ ਹੈ ਜੇਕਰ ਮੁਖ ਮੰਤਰੀ ਅਤੇ ਪਾਰਟੀ ਪ੍ਰਧਾਨ ਦਾ ਅਹੁਦਾ ਇਕ ਹੀ ਸ਼ਖਸ਼ੀਅਤ ਨੂੰ ਸੰਭਾਲਿਆ ਗਿਆ ਹੋਵੇ। ਸ਼ਰੋਮਣੀ ਅਕਾਲੀ ਦਲ ਨੂੰ ਵੀ ਇਸ ਤਰ੍ਹਾਂ ਦੇ ਟਕਰਾਓ ਦੀ ਸਥਿਤੀ ਦਾ ਪਿਛਲਾ ਤਜਰਬਾ ਹੈ। ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੀਆਂ ਖੇਤਰੀ ਪਾਰਟੀਆਂ ਵੀ ਇਸ ਸਿਧਾਂਤ ਨੂੰ ਪ੍ਰਵਾਨ ਕਰਕੇ ਹਕੂਮਤ ਚਲਾ ਰਹੀਆਂ ਹਨ। ਇਥੋਂ ਤਕ ਕਿ ਦੇਸ਼ ਵਿਚ ਹਕੂਮਤ ਚਲਾ ਰਹੀ ਕਾਂਗਰਸ(ਇ:) ਪਾਰਟੀ ਦੀ ਪ੍ਰਧਾਨਗੀ ਅਤੇ ਪ੍ਰਧਾਨ ਮੰਤਰੀ ਦਾ ਅਹੁਦਾ ਵੀ ਇਕ ਹੀ ਵਿਅਕਤੀ ਸ੍ਰੀ ਰਾਜੀਵ ਗਾਂਧੀ ਕੋਲ ਹੈ।

## ਅਗਲੇ ਅੰਕ ਬਾਰੇ ਸੂਚਨਾ

ਕੈਨੇਡਾ ਦਰਪਣ ਦੇ ਪਾਠਕਾਂ ਨੂੰ ਸੂਚਨਾ ਦਿਤੀ ਜਾਂਦੀ ਹੈ ਕਿ ਕ੍ਰਿਸਮਿਸ ਅਤੇ ਨਵੇਂ ਸਾਲ ਦੀਆਂ ਛੁੱਟੀਆਂ ਨੂੰ ਧਿਆਨ ਵਿਚ ਰੱਖਦਿਆਂ, ਅਗਲਾ ਅੰਕ 23 ਦਸੰਬਰ ਨੂੰ ਮਾਰਕੀਟ ਵਿਚ ਆਵੇਗਾ ਜੋ ਕਿ ਇਸ ਸਾਲ ਦਾ ਆਖਰੀ ਅੰਕ ਹੋਵੇਗਾ, ਜੋ ਕਿ ਸਪੈਸ਼ਲ ਅੰਕ ਹੋਵੇਗਾ। — ਸੰਪਾਦਕ

## ਪੁਲਸ ਨੇ ਕੈਨੇਡਾ ਤੋਂ ਆਏ ਦੋ ਦਰਜਨ ਅਤਿਵਾਦੀ ਫੜੇ

ਜੰਮ— ਪੁਲੀਸ ਨੇ ਪੰਜਾਬ ਅਤੇ ਕੈਨੇਡਾ ਤੋਂ ਆਏ ਅਤਿਵਾਦੀਆਂ ਦਾ ਗਰੋਹ ਫੜਨ ਦਾ ਦਾਅਵਾ ਕੀਤਾ ਹੈ, ਜਿਹੜਾ ਇਥੇ ਫਿਰਕੂ ਭਾਵਨਾਵਾਂ ਭੜਕਾਉਣ ਆਇਆ ਸੀ। ਜਾਣਕਾਰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਦਿੱਲੀ ਤੋਂ ਆਈ ਸੀ. ਬੀ. ਆਈ. ਦੀ ਸਪੈਸ਼ਲ ਟੀਮ ਦੀ ਮਦਦ ਨਾਲ ਦੋ ਦਰਜਨ ਦੇ ਕਰੀਬ ਵਿਅਕਤੀਆਂ ਨੂੰ ਇਸ ਸਬੰਧੀ ਫੜਿਆ ਗਿਆ ਹੈ। ਸੀ. ਬੀ. ਆਈ. ਦੀ ਟੀਮ ਨਾਲ ਕਮਾਂਡੋ ਦਸਤਾ ਵੀ ਆਇਆ ਸੀ। ਪੁੱਛਗਿਛ ਦੌਰਾਨ ਫੜੇ ਗਏ ਅਤਿਵਾਦੀਆਂ ਨੇ ਮੰਨਿਆ ਹੈ ਕਿ ਉਨ੍ਹਾਂ ਦੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਵਾਲੇ ਦਿਨ ਫਿਰਕੂ ਭਾਵਨਾਵਾਂ ਭੜਕਾਉਣ ਦੀ ਸਕੀਮ ਵਿਚ ਸੀ।

ਫੜੇ ਗਏ ਅਤਿਵਾਦੀਆਂ ਵਿਚ ਇਕ ਇੰਟੈਲੀਜੈਂਸੀ ਬਿਊਰੋ ਦਾ ਕਰਮਚਾਰੀ, ਦੋ ਕੈਨੇਡਾ ਤੋਂ ਆਏ ਹੋਏ, ਜਿਨ੍ਹਾਂ ਨੇ ਆਪਣੇ ਆਪ ਨੂੰ ਬੇਪਛਾਣ ਕਰਨ ਲਈ ਦਾੜ੍ਹੀ ਅਤੇ ਵਾਲ ਕਟਾਏ ਹੋਏ ਸਨ, ਕੁਝ ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲਿਆਂ ਨਾਲ ਸਬੰਧਤ ਅਤੇ ਕੁਝ ਲੋਕਲ ਯੁਵਕ ਸਨ। ਅਤਿਵਾਦੀਆਂ ਦੀ ਜਾਣਕਾਰੀ ਰਾਜ ਦੇ ਖੁਫੀਆ ਵਿਭਾਗ ਨੇ ਕੇਂਦਰ ਇੰਟੈਲੀਜੈਂਸ ਨੂੰ ਦਿਤੀ ਸੀ। ਵਧੇਰੇ ਪੁੱਛਗਿਛ ਲਈ ਫੜੇ ਅਤਿਵਾਦੀਆਂ ਨੂੰ ਦਿੱਲੀ ਲਿਜਾਇਆ ਗਿਆ ਹੈ।

## ਸਕਾਈ ਟਰੇਨ (ਅਕਾਸ਼ ਗੱਡੀ) ਅਜ ਤੋਂ ਚਾਲੂ ਬਿਲ ਬੈਨਿਟ ਦਾ ਇਲੈਕਸ਼ਨ ਨੇੜੇ ਦੀ ਸੰਭਾਵਨਾ ?

ਦਸੰਬਰ 11 — ਅਜ ਬੀ. ਸੀ. ਦੇ ਪ੍ਰੀਮੀਅਰ ਬੈਨਟ ਨੇ ਸਕਾਈ ਟਰੇਨ ਨੂੰ ਚਲਾਉਣ ਲਈ ਬਟਨ ਦੱਬਣ ਦੀ ਰਸਮ ਅਦਾ ਕੀਤੀ। ਇਸ ਗੱਡੀ ਨੂੰ ਬਣਾਉਣ ਲਈ ਲੋਕਾਂ ਦਾ ਤਕਰੀਬਣ ਇਕ ਬਿਲੀਅਨ ਡਾਲਰ ਖਰਚ ਹੋਇਆ ਹੈ ਜੋ ਕਿ ਸੰਸਾਰ ਦਾ ਸਭ ਤੋਂ ਮਹਿੰਗਾ ਆਵਾਜਾਈ ਦਾ ਸਾਧਨ ਕਿਹਾ ਜਾਂਦਾ ਹੈ। ਗਰੇਸ


(ਬਾਕੀ ਪੰਨਾ 20 ਤੇ)



ROYAL
new & used
FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

Ph:
874-9525

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈੱਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:



ਭੂਰ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

## ਬੱਲੇ! ਬੱਲੇ!, ਬਾਬਾ ਜੀ.....

ਇਸਲਾਮਾਬਾਦ — ਪਾਕਿਸਤਾਨ ਦਾ ਸਭ ਤੋਂ ਵੱਡੀ ਉਮਰ ਦਾ ਬੰਦਾ ਪੀਰ ਸਈਅਦ ਅਬਦੁਲ ਮਾਊਦ ਜਿਲਾਨੀ 169 ਸਾਲ ਦੀ ਉਮਰ ਭੋਗ ਕੇ ਸੁਰਗਵਾਸ ਹੋ ਗਿਆ। ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਲਾ ਉਸ ਦੇ ਜਨਾਜ਼ਾ ਵਿਚ ਸ਼ਾਮਲ ਹੋਏ।

ਸੰਨ 1816 ਵਿਚ ਬਗਦਾਦ (ਇਰਾਕ) ਵਿਚ ਜਨਮੇ ਪੀਰ ਅਬਦੁਲ ਮਾਊਦ 19ਵੀਂ ਸਦੀ ਦੇ ਉਘੇ ਵਿਦਵਾਨ ਤੇ ਅਜ਼ਾਦੀ ਘੁਲਾਟੀਏ ਸਨ। ਪੀਰ ਅਬਦੁਲ ਦੇ ਇਕ ਪੁੱਤਰ ਪੀਰ ਮੁਤਾਲ ਨੇ ਇਥੇ ਦੱਸਿਆ ਕਿ ਉਨ੍ਹਾਂ ਦੇ ਪਿਤਾ 1857 ਦੇ ਗਦਰ ਦੀਆਂ ਕਹਾਣੀਆਂ ਅਕਸਰ ਸੁਣਾਇਆ ਕਰਦੇ ਸਨ।

1983 ਵਿਚ ਉਸ ਦੇ ਅਮਰੀਕਾ ਦੌਰੇ ਸਮੇਂ ਨੈਸ਼ਨਲ ਬਰਾਡਕਾਸਟਿਗ ਕਾਰਪੋਰੇਸ਼ਨ ਸਮੇਤ ਟੀ. ਵੀ. ਨੈਟਵਰਕ ਨੇ ਪੀਰ ਅਬਦੁਲ ਮਾਊਦ ਦੀ ਇਟਰਵੀਊ ਲਈ ਸੀ ਤੇ ਦਾਅਵਾ ਕੀਤਾ ਸੀ ਕਿ ਉਹ ਧਰਤੀ ਉਤੇ ਸਭ ਤੋਂ ਵੱਡੀ ਉਮਰ ਦਾ ਬੰਦਾ ਹੈ।

ਪੀਰ ਮੁਤਾਲ ਦਾ ਕਹਿਣਾ ਹੈ ਕਿ ਇਸ ਅਸਾਧਾਰਨ ਉਮਰ ਦੇ ਬਾਵਜੂਦ ਉਨ੍ਹਾਂ ਦੇ ਪਿਤਾ ਬੜੇ ਤੰਦਰੁਸਤ ਸਨ ਤੇ ਬਿਨਾਨਾਗਾ ਨਮਾਜ਼ ਅਦਾ ਕਰਦੇ ਸਨ। ਉਹ ਬੜਾ ਸਾਦਾ ਭੋਜਨ ਖਾਂਦੇ ਸਨ ਤੇ ਜ਼ਿਆਦਾਤਰ ਦੁੱਧ ਨਾਲ ਹੀ ਸਾਰ ਲੈਂਦੇ ਸਨ।

## ਲੁਧਿਆਣੇ ਵਿਚ ਦੋਹਰੀ ਸਵਾਰੀ ਉਤੇ ਪਾਬੰਦੀ

ਲੁਧਿਆਣਾ — ਜ਼ਿਲਾ ਮੈਜਿਸਟਰੇਟ ਸ੍ਰੀ ਕ. ਰ. ਲਖਨਪਾਲ ਨੇ ਜ਼ਿਲੇ ਵਿਚ ਸਕੂਟਰਾਂ ਅਤੇ ਮੋਪਡਾਂ ਉਤੇ ਸ਼ਾਮੀਂ ਛੇ ਵਜੋਂ ਤੋਂ ਸਵੇਰ ਛੇ ਵਜੇ ਤੱਕ ਦੋਹਰੀ ਸਵਾਰੀ ਉਤੇ ਮਨਾਹੀ ਦੇ ਹੁਕਮ ਜਾਰੀ ਕੀਤੇ ਹਨ ਪਰ ਇਸਤਰੀਆਂ ਅਤੇ ਬਾਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇਸ ਪਾਬੰਦੀ ਤੋਂ ਛੋਟ ਹੋਵੇਗੀ। 3.5 ਹਾਰਸ ਪਾਵਰ ਜਾਂ ਉਸ ਤੋਂ ਵੱਧ ਸਮਰਥਾ ਦੇ ਮੋਟਰ ਸਾਈਕਲ ਚਲਾਉਣ ਦੀ ਇਜਾਜ਼ਤ ਸਵੇਰ ਛੇ ਵਜੋਂ ਤੋਂ ਸ਼ਾਮ ਛੇ ਵਜੇ ਤਕ ਹੀ ਹੋਵੇਗੀ।

## ਕਿਸਾਨ ਸਭਾ ਵਲੋਂ ਮਜ਼ਦੂਰਾਂ ਦੀ ਹਮਾਇਤ

ਬਰਨਾਲਾ — ਜ਼ਿਲਾ ਕਿਸਾਨ ਸਭਾ ਸੰਗਰੂਰ ਨੇ ਸਾਲਵੈਂਟ ਪਲਾਂਟ ਵਰਕਰਜ਼ ਯੂਨੀਅਨ, ਸੁਨਾਮ ਦੇ ਸੰਘਰਸ਼ ਦੀ ਹਮਾਇਤ ਕੀਤੀ ਹੈ। ਇਥੇ ਸਭਾ ਦੇ ਪ੍ਰਧਾਨ ਜੰਗੀਰ ਸਿੰਘ ਕੌਲਸੇੜੀ ਤੇ ਜਨਰਲ ਸਕੱਤਰ ਗੁਰਦੇਵ ਸਿੰਘ ਵਲੋਂ ਜਾਰੀ ਕੀਤੇ ਬਿਆਨ ਵਿਚ ਮੋਦੀ ਮਿੱਲ ਸੁਨਾਮ ਵਲੋਂ ਵਰਕਰਾਂ ਦੀ ਛਾਂਟੀ, ਤਾਲਾਬੰਦੀ ਅਤੇ ਵਰਕਰਾਂ ਉਤੇ ਝੂਠੇ ਕੇਸ ਬਣਾਏ ਜਾਣ ਦੀ ਨਿਖੇਧੀ ਕੀਤੀ। ਜ਼ਿਲਾ ਅਧਿਕਾਰੀਆਂ ਤੋਂ ਤਾਲਾਬੰਦੀ ਖਤਮ ਕਰਾਉਣ ਦੀ ਮੰਗ ਕੀਤੀ ਗਈ।

## ਬਰਤਾਨੀਆ ਦੇ ਅਤਿਵਾਦੀਆਂ ਵਲੋਂ ਇਕਵਾਡੋਰ ਵੱਲ ਵਹੀਰਾਂ

ਲੰਦਨ — ਬਰਤਾਨੀਆਂ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਉਤੇ ਸਖਤ ਪਾਬੰਦੀਆਂ ਹੋਣ ਕਾਰਨ ਹੁਣ ਉਹ ਇਕਵਾਡੋਰ ਵਿਚ ਆਪਣਾ ਆਧਾਰ ਮਜ਼ਬੂਤ ਕਰਨ ਦੀ ਦਿਸ਼ਾ ਵੱਲ ਅੱਗੇ ਵਧ ਰਹੇ ਹਨ। 'ਸੰਡੇ ਟਾਈਮਜ਼' ਨੇ ਸਿਖ ਅਤਿਵਾਦੀ ਲੀਡਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਉਨ੍ਹਾਂ ਨੇ ਇਕਵਾਡੋਰ ਦੀ ਰਾਜਧਾਨੀ ਕਿਊਟੋ ਵਿਚ ਆਪਣਾ 'ਦੂਤਘਰ' ਵੀ ਸਥਾਪਤ ਕਰ ਲਿਆ ਹੈ ਅਤੇ ਦੂਤਘਰ ਦਾ 'ਰਾਜਦੂਤ' ਸ. ਜਗਤਾਰ ਸਿੰਘ ਨੂੰ ਬਣਾਇਆ ਗਿਆ ਹੈ ਜੋ ਡਰਬੀ ਦਾ ਇਕ ਵਪਾਰੀ ਹੈ।

'ਖਾਲਿਸਤਾਨ' ਦੇ ਆਪੂੰ ਬਣੇ ਪ੍ਰਧਾਨ ਡਾ. ਜਗਜੀਤ ਸਿੰਘ ਚੌਹਾਨ ਅਨੁਸਾਰ ਇਹ ਸੱਚ ਹੈ ਕਿ ਪਿਛਲੇ ਦੋ ਮਹੀਨਿਆਂ ਵਿਚ ਬਰਤਾਨੀਆ, ਭਾਰਤ ਅਤੇ ਹੋਰਨਾਂ ਥਾਵਾਂ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਇਕਵਾਡੋਰ ਗਏ ਹਨ। ਅਖਬਾਰ ਅਨੁਸਾਰ ਬਰਤਾਨੀਆ ਵਿਚ ਇਸ ਸਮੇਂ ਪੰਜ ਸੌ ਤੋਂ ਲੈ ਕੇ ਇਕ ਹਜ਼ਾਰ ਤਕ ਅਤਿਵਾਦੀ ਹਨ। ਅਤਿਵਾਦੀਆਂ ਦੇ ਵੱਖ ਵੱਖ ਗਰੁੱਪਾਂ ਵਿਚਕਾਰ ਬਰਤਾਨੀਆ ਦੀਆਂ ਗਲੀਆਂ ਤੇ ਬਜ਼ਾਰਾਂ ਵਿਚ ਹਿੰਸਾ ਦੀਆਂ ਘਟਨਾਵਾਂ ਵਧ ਰਹੀਆਂ ਹਨ।

ਅਖਬਾਰ ਨੇ 'ਇੰਡੀਅਨ ਓਵਰਸੀਜ਼ ਕਾਂਗਰਸ' ਦੇ ਜਨਰਲ ਸਕੱਤਰ ਸ. ਤਰਸੇਮ ਸਿੰਘ ਤੂੜ ਦੇ ਹਵਾਲੇ ਨਾਲ ਕਿਹਾ ਹੈ ਕਿ ਹਰ ਰੋਜ਼ ਗੁਰਦੁਆਰਿਆਂ ਵਿਚ ਕਿਤੇ ਨਾ ਕਿਤੇ ਗੜਬੜ ਹੋ ਜਾਂਦੀ ਹੈ। ਕਈ ਵਾਰ ਲੋਕ ਸਖਤ ਫਟੜ ਹੋਏ ਹਨ। ਪਿਛਲੇ ਐਤਵਾਰ ਨੂੰ ਇਕ ਬੰਦੇ ਨੂੰ 42 ਟਾਂਕੇ ਲੱਗੇ। ਤਿੰਨ ਹਫਤੇ ਪਹਿਲਾਂ ਇਕ ਬੰਦੇ ਨੂੰ ਛੁਰਾ ਵੱਜਿਆ। ਸਾਊਥਾਲ ਅਤੇ ਡਰਬੀ ਦੇ ਗੁਰਦੁਆਰੇ ਬੁਰੀ ਤਰ੍ਹਾਂ ਇਨ੍ਹਾਂ ਵਾਰਦਾਤਾਂ ਤੋਂ ਪ੍ਰਭਾਵਤ ਹਨ।

## ਪਾਕਿ 'ਚ ਸਿਖ ਅਤਿਵਾਦੀਆਂ ਦਾ ਕੈਂਪ — ਪਾਕੀ ਅਫਸਰਾਂ 'ਤੇ ਅਤਿਵਾਦੀਆਂ 'ਚ ਮਿਲੀ-ਭੁਗਤ

ਨਵੀਂ ਦਿੱਲੀ — ਵਿਦੇਸ਼ ਮੰਤਰੀ ਬੀ. ਆਰ. ਭਗਤ ਨੇ ਲੋਕ ਸਭਾ ਵਿਚ ਦੱਸਿਆ ਕਿ ਹਾਲ ਵਿਚ ਹੀ ਲਾਹੌਰ ਦੇ ਇਕ ਗੁਰਦੁਆਰੇ ਵਿਚ ਕੈਨੇਡਾ ਦੇ ਕੁਝ ਸਿੱਖਾਂ ਵਲੋਂ ਭਾਰਤੀ ਡਿਪਲੋਮੇਟਾਂ ਉਤੇ ਕੀਤੇ ਗਏ ਹਮਲੇ ਤੋਂ ਇਹ ਗੱਲ ਬਿਨਾਂ ਕਿਸੇ ਸ਼ੱਕ ਤੋਂ ਸਪਸ਼ਟ ਹੋ ਗਈ ਹੈ ਕਿ ਇਸ ਪਿਛੇ ਪਾਕਿਸਤਾਨ ਦਾ ਹੱਥ ਸੀ। 29 ਨਵੰਬਰ ਨੂੰ ਲਾਹੌਰ ਵਿਖੇ ਡੇਰਾ ਸਾਹਿਬ ਗੁਰਦੁਆਰੇ ਵਿਚ ਵਾਪਰੀ ਇਸ ਘਟਨਾ ਉਤੇ ਟਿਪਣੀ ਕਰਦਿਆਂ ਸ੍ਰੀ ਭਗਤ ਨੇ ਕਿਹਾ ਕਿ ਇਸ ਘਟਨਾ ਪਿਛੋਂ ਭਾਰਤ-ਪਾਕਿ ਵਿਚਕਾਰ ਸਬੰਧਾਂ ਨੂੰ ਆਮ ਵਰਗੇ ਬਨਾਉਣ ਦੀ ਦਿਸ਼ਾ ਵੱਲ ਚਲ ਰਹੀ ਵਾਰਤਾ ਤਹਿਸ-ਨਹਿਸ ਹੋ ਗਈ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਇਸ ਘਟਨਾ ਪ੍ਰਤੀ ਜੋ ਰਵੱਈਆ ਅਖਤਿਆਰ ਕੀਤਾ ਹੈ ਉਹ ਵੀਆਨਾ ਕਨਵੈਨਸ਼ਨ ਦੇ ਅਸੂਲਾਂ ਉਤੇ ਰਵਾਇਤਾਂ ਦੇ ਉਲਟ ਜਾਂਦਾ ਹੈ ਜਿਸ ਦੀ ਇਕ ਸਭਿਆ ਸਮਾਜ ਵਿਚ ਮੰਗ ਕੀਤੀ ਜਾਂਦੀ ਹੈ। ਇਸ ਸਬੰਧ ਵਿਚ ਸ੍ਰੀ ਕਮਲ ਨਾਥ ਕਾਂਗਰਸ(ਆਈ) ਵਲੋਂ ਉਠਾਏ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਸ੍ਰੀ ਭਗਤ ਨੇ ਕਿਹਾ ਕਿ ਅਸਲ ਵਿਚ ਸਿੱਖ ਅਤਿਵਾਦੀਆਂ ਅਤੇ ਪਾਕਿਸਤਾਨ ਸਰਕਾਰ ਵਿਚੇ ਮਧ-ਵਰਗੀ ਤੇ ਹੇਠਲੀ ਪੱਧਰ ਦੀ ਲੀਡਰਸ਼ਿਪ ਦਰਮਿਆਨ ਗੁਪਤ ਸਮਝੌਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਜ਼ਿਆ-ਉਲ-ਹੱਕ ਇਹੋ ਕਹਿੰਦੇ ਹਨ ਕਿ ਪਾਕਿਸਤਾਨ ਭਾਰਤ ਨਾਲ ਦੋਸਤਾਨਾ ਸਬੰਧ ਚਾਹੁੰਦਾ ਹੈ ਅਤੇ ਉਨ੍ਹਾਂ ਨੇ ਗੁਰਦੁਆਰੇ ਵਿਚ ਵਾਪਰੀ ਘਟਨਾਵਾਂ ਵਿਚ ਪਾਕ ਦੇ ਹੱਥ ਹੋਣ ਦਾ ਖੰਡਨ ਕੀਤਾ ਹੈ। "ਇਸ ਲਈ ਮੈਂ ਨਹੀਂ ਕਹਿ ਸਕਦਾ ਕਿ ਉਚ ਪੱਧਰ 'ਤੇ ਕੋਈ ਗੁਪਤ ਸਮਝੌਤਾ ਹੈ ਪਰ ਹੇਠਲੀ ਪੱਧਰ ਉਤੇ ਅਫਸਰਾਂ ਦੇ ਵਤੀਰੇ ਤੋਂ ਸਾਫ ਜ਼ਾਹਿਰ ਹੈ ਕਿ ਹੇਠਲੀ ਪੱਧਰ 'ਤੇ ਮਿਲੀਭੁਗਤ ਜ਼ਰੂਰ ਹੈ।"

ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਪਿਛੋਂ ਵਾਪਰੀਆਂ ਘਟਨਾਵਾਂ ਦੀ ਲੜੀ ਨੂੰ ਵੇਖਿਆ ਜਾਏ ਤਾਂ ਪਤਾ ਲਗੇਗਾ ਕਿ ਪਾਕਿਸਤਾਨੀ ਅਧਿਕਾਰੀ ਕੈਨੇਡਾ ਦੇ ਸਿਖ ਅਤਿਵਾਦੀਆਂ ਨਾਲ ਬੜੀ ਨਰਮੀ ਨਾਲ ਪੇਸ਼ ਆਏ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕਰਨ ਵਿਚ ਬੜੀ ਢਿੱਲ ਮਿਠ ਵਿਖਾਈ। ਉਨ੍ਹਾਂ ਨੇ ਕਿਹਾ ਕਿ ਵਿਦੇਸ਼ਾਂ ਵਿਚ ਰਹਿੰਦੀ ਭਾਰਤੀ ਬਰਾਦਰੀ ਦੇ ਇਕ ਛੋਟੇ ਜਿਹੇ ਹਿੱਸੇ ਵਿਚ ਅਤਿਵਾਦ ਜੀਵਨ ਦਾ ਇਕ ਢੰਗ ਹੀ ਬਣ ਗਿਆ ਹੈ।

ਅਮਰੀਕਾ, ਕੈਨੇਡਾ, ਤੇ ਹੋਰਨੀਂ ਥਾਈਂ ਅਤਿਵਾਦੀਆਂ ਨੂੰ ਹਥਿਆਰਾਂ ਦੀ ਟਰੇਨਿੰਗ ਦੇਣ ਦੇ ਮਾਮਲਿਆਂ ਦਾ ਜ਼ਿਕਰ ਕਰਦਿਆਂ ਮੰਤਰੀ ਨੇ ਕਿਹਾ ਕਿ ਇਸ ਦੀ ਕਾਨੂੰਨੀ ਪੋਜ਼ੀਸ਼ਨ 'ਤੇ ਗੌਰ ਕੀਤਾ ਜਾ ਰਿਹਾ ਹੈ। ਸਰਕਾਰ ਨੇ ਕੈਨੇਡਾ ਤੋਂ ਮੰਗ ਕੀਤੀ ਹੈ ਕਿ "ਈਗਲ ਕੰਬੈਟ' ਅਤੇ 'ਬਾਡੀਗਾਰਡ ਟਰੇਨਿੰਗ ਸਕੂਲ' ਨਾਂ ਦੀਆਂ ਜਥੇਬੰਦੀਆਂ ਵਲੋਂ ਨਿਊ ਵੈਸਟ ਮਨਿਸਟਰ ਵਿਚ ਦਿਤੀ ਜਾ ਰਹੀ ਹਥਿਆਰਬੰਦ ਸਿਖਲਾਈ ਵਿਰੁਧ ਕਾਰਵਾਈ ਕੀਤੀ ਜਾਏ।

ਸ੍ਰੀ ਕਮਲ ਨਾਥ ਇਹ ਜਾਨਣਾ ਚਾਹੁੰਦੇ ਸਨ ਕਿ ਸਰਕਾਰ ਪਾਕਿਸਤਾਨ, ਅਮਰੀਕਾ ਤੇ ਹੋਰਨਾਂ ਮੁਲਕਾਂ ਵਿਰੁਧ ਨਰਮੀ ਵਾਲਾ ਰੁਖ ਕਿਉਂ ਅਖਤਿਆਰ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਕਿਸਤਾਨ ਅਤਿਵਾਦੀਆਂ ਦੀ ਹਮਾਇਤ ਕਰ ਰਿਹਾ ਹੈ ਅਤੇ ਉਨ੍ਹਾਂ ਨਾਲ ਗੁਪਤ ਸਾਜ ਗਾਠ ਕਰ ਰਿਹਾ ਹੈ।

ਸ੍ਰੀ ਐਸ. ਐਮ. ਭੱਟਮ ਨੇ ਕਿਹਾ ਕਿ ਇਕਵਾਡੋਰ ਵੀ ਸਿੱਖ ਅਤਿਵਾਦੀਆਂ ਨੂੰ ਹਮਾਇਤ ਦੇ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਦੀ ਇਕ ਸੰਸਥਾ ਨੇ ਐਟਮ ਬੰਬ ਬਨਾਉਣ ਦੀ ਸਿਖਲਾਈ ਦੇਣ ਦੀ ਵੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਡਰ ਪ੍ਰਗਟ ਕੀਤਾ ਕਿ ਹੋ ਸਕਦੈ ਅਤਿਵਾਦੀ ਇਹ ਸਿਖਲਾਈ ਹਾਸਲ ਕਰਨ। ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਸਾਰੇ ਸਿੱਖਾਂ ਨੂੰ ਅਤਿਵਾਦੀ ਕਰਾਰ ਨਹੀਂ ਦਿਤਾ ਜਾਣਾ ਚਾਹੀਦਾ ਕਿਉਂਕਿ ਉਹ ਅਤਿਵਾਦ ਦੇ ਵਿਰੁਧ ਹਨ। ਇਸ 'ਤੇ ਮੰਤਰੀ ਨੇ ਕਿਹਾ, "ਮੈਂ ਤੁਹਾਡੇ ਵਿਚਾਰਾਂ ਨਾਲ ਸਹਿਮਤ ਹਾਂ।" ਸ. ਰਾਮੂਵਾਲੀਆ ਨੇ ਕਿਹਾ ਕਿ ਅਤਿਵਾਦੀਆਂ ਨਾਲ ਬਹੁਤ ਘੱਟ ਗਿਣਤੀ ਹੈ। ਸਿੱਖਾਂ ਦੀ ਵੱਡੀ ਬਹੁਗਿਣਤੀ ਦੇਸ਼ ਭਗਤ ਹੈ। ਇਸ ਸਮੇਂ ਹਾਲ ਵਿਚ ਡੈਸਕ ਥਪ-ਥਪਾ ਕੇ ਮੈਂਬਰਾਂ ਨੇ ਰਾਮੂਵਾਲੀਆ ਦੇ ਬਿਆਨ ਦਾ ਸਵਾਗਤ ਕੀਤਾ।

## ਰਿਹਾਈਆਂ ਬਾਰੇ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਜਾਣੂ — ਬਰਨਾਲਾ

ਚੰਡੀਗੜ੍ਹ — ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਹੈ ਕਿ ਰਾਜ ਵਿਚ ਅਮਨ ਕਾਨੂੰਨ ਕਾਇਮ ਰੱਖਣਾ ਕੇਂਦਰ ਦੀ ਨਹੀਂ ਸਗੋਂ ਰਾਜ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਕਾਲੀ ਮੋਰਚੇ ਦੌਰਾਨ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੀਆਂ ਰਿਹਾਈਆਂ ਬਿਲਕੁਲ ਸਹੀ ਢੰਗ ਨਾਲ ਹੋ ਰਹੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਹੀ ਰਿਹਾਅ ਕੀਤਾ ਜਾ ਰਿਹਾ ਹੈ ਜਿਹੜੇ ਕਿ ਮੋਰਚੇ ਸਮੇਂ ਝੂਠੇ ਕੇਸਾਂ ਵਿਚ ਫਸਾ ਕੇ ਗ੍ਰਿਫਤਾਰ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਹੁਣ ਤਕ ਜਿੰਨੇ ਨੌਜਵਾਨ ਰਿਹਾਅ ਕੀਤੇ ਗਏ ਹਨ, ਉਨ੍ਹਾਂ ਵਿਚੋਂ ਕਿਸੇ ਦੇ ਵੀ ਸਮਾਜ ਵਿਰੋਧੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੀ ਰਿਪੋਰਟ ਨਹੀਂ ਹੈ।

ਬਰਨਾਲਾ ਵਿਚ ਅਤਿਵਾਦੀਆਂ ਅਤੇ ਪੁਲਸ ਮੁਕਾਬਲੇ ਦਾ ਜ਼ਿਕਰ ਕਰਦਿਆਂ ਮੁਖ ਮੰਤਰੀ ਨੇ ਕਿਹਾ ਕਿ ਪੁਲੀਸ ਇਸਪੈਕਟਰ ਪਰਮਜੀਤ ਸਿੰਘ ਦੀ ਅਗਵਾਈ ਹੇਠਾਂ ਅਤਿਵਾਦੀਆਂ ਨੂੰ ਕਾਬੂ ਕਰਨ ਵਾਲੇ 9 ਪੁਲੀਸ ਕਰਮਚਾਰੀਆਂ ਨੂੰ ਫੌਰੀ ਤੌਰ ਉਤੇ ਇਕ ਇਕ ਤਰੱਕੀ ਦਿਤੀ ਜਾਵੇਗੀ। ਇਸ ਤੋਂ ਇਲਾਵਾ ਇਹ ਬਹਾਦਰੀ ਵਾਲਾ ਕਾਰਨਾਮ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਨੂੰ ਐਵਾਰਡ ਦੇ ਕੇ ਸਨਮਾਨਿਆ ਜਾਵੇਗਾ। ਮੁਖ ਮੰਤਰੀ ਪਟਿਆਲਾ ਹਸਪਤਾਲ ਵਿਚ ਦਾਖਲ ਜ਼ਖਮੀ ਸਿਪਾਹੀ ਦਾ ਹਾਲ ਚਾਲ ਪੁੱਛਣ ਲਈ ਵੀ ਗਏ। ਉਨ੍ਹਾਂ ਨੂੰ ਜ਼ਖਮੀ ਸਿਪਾਹੀ ਲਾਲ ਸਿੰਘ ਦੇ ਇਲਾਜ ਲਈ 2000 ਰੁਪਏ ਦਿਤੇ। ਉਸ ਦੀ ਹਾਲਤ ਅਜੇ ਖਤਰੇ ਤੋਂ ਬਾਹਰ ਨਹੀਂ ਹੈ। ਸ. ਬਰਨਾਲਾ ਨੇ ਕਿਹਾ ਕਿ ਰਾਜ ਵਿਚ ਪੁਲੀਸ ਦੇ ਹੌਂਸਲੇ ਪੂਰੀ ਤਰ੍ਹਾਂ ਬੁਲੰਦ ਹਨ ਅਤੇ ਅਮਨ ਕਾਨੂੰਨ ਲਈ ਪੈਦਾ ਹੋਣ ਵਾਲੇ ਕਿਸੇ ਵੀ ਖਤਰੇ ਦਾ ਟਾਕਰਾ ਕਰਨ ਦੇ ਸਮਰਥ ਹਨ। ਉਨ੍ਹਾਂ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਪੰਜਾਬ ਵਿਚ ਬਹੁਤ ਦੇਰ ਬਾਅਦ ਪਹਿਲੀ ਵਾਰ ਪੁਲੀਸ ਅਤੇ ਲੋਕਾਂ ਨੇ ਮਿਲ ਕੇ ਅਤਿਵਾਦੀਆਂ ਦਾ ਟਾਕਰਾ ਕੀਤਾ। ਉਨ੍ਹਾਂ ਕਿਹਾ ਕਿ ਹਰ ਸ਼ਹਿਰ ਅਤੇ ਪਿੰਡ ਵਿਚ ਇਸ ਤਰ੍ਹਾਂ ਦਾ ਸਹਿਯੋਗ ਹੋਣਾ ਚਾਹੀਦਾ ਹੈ।

ਮੁਖ ਮੰਤਰੀ ਨੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਸਥਿਤੀ ਨਾਲ ਨਿਪਟਣ ਲਈ ਪੁਲੀਸ ਨੂੰ ਪੂਰੇ ਅਧਿਕਾਰ ਦਿਤੇ ਹੋਏ ਹਨ। ਉਨ੍ਹਾਂ ਕਿਹਾ ਕਿ ਪੁਲੀਸ ਦੀ ਕਾਰਵਾਈ ਵੇਖ ਕੇ ਬਰਨਾਲਾ ਦੇ ਲੋਕਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਤਰੱਕੀ ਅਤੇ ਐਵਾਰਡ ਦਿਤੇ ਜਾਣ।

## ਦੋ ਕੈਨੇਡਾ ਤੋਂ ਗਏ ਗ੍ਰਿਫਤਾਰ

ਜੰਮੂ — ਜੰਮੂ ਖੇਤਰ ਦੇ ਵੱਖ ਵੱਖ ਹਿੱਸਿਆਂ ਵਿਚੋਂ ਪੰਦਰਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਕੈਨੇਡਾ ਤੋਂ ਗਏ ਦੋ ਸਿਖ ਵੀ ਸ਼ਾਮਲ ਹਨ। ਇਹ ਜਾਣਕਾਰੀ ਸਰਕਾਰੀ ਸੂਤਰਾਂ ਤੋਂ ਮਿਲੀ ਹੈ। ਇਨ੍ਹਾਂ ਸੂਤਰਾਂ ਅਨੁਸਾਰ ਸੀ. ਬੀ. ਆਈ. ਅਤੇ ਸੂਬਾ ਪੁਲਸ ਵਲੋਂ ਰਾਸ਼ਟਰ ਵਿਰੋਧੀ ਅਨਸਰਾਂ ਵਿਰੁਧ ਚਲਾਈ ਗਈ ਤਾਜ਼ਾ ਮੁਹਿਮ ਦੇ ਤਹਿਤ ਇਹ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿਚੋਂ ਕੁਝ ਨੂੰ ਜੰਮੂ ਸ਼ਹਿਰ ਦੇ ਕੁਝ ਹੋਟਲਾਂ ਵਿਚੋਂ ਵੀ ਗ੍ਰਿਫਤਾਰ ਕੀਤਾ ਗਿਆ। ਦੱਸਿਆ ਗਿਆ ਹੈ ਕਿ ਗ੍ਰਿਫਤਾਰ ਕੀਤੇ ਜਾਣ ਵਾਲਿਆਂ ਵਿਚ 13 ਵਿਅਕਤੀ ਪੰਜਾਬ ਦੇ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਤੇ ਫਰੀਦਕੋਟ ਜ਼ਿਲਿਆਂ ਦੇ ਹਨ।

ਇਨ੍ਹਾਂ ਸੂਤਰਾਂ ਨੇ ਗ੍ਰਿਫਤਾਰ ਕੀਤੇ ਵਿਅਕਤੀਆਂ ਦੇ ਨਾਂ ਦੱਸਣ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਇੰਜ ਕਰਨਾ ਰਾਜ ਅਤੇ ਦੇਸ਼ ਦੀ ਸੁਰੱਖਿਆ ਦੇ ਹਿਤਾਂ ਵਿਚ ਨਹੀਂ ਹੋਵੇਗਾ। ਸੂਤਰਾਂ ਅਨੁਸਾਰ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪੁੱਛਗਿਛ ਇਕ ਸਪੈਸ਼ਲ ਟੀਮ ਵਲੋਂ ਕੀਤੀ ਜਾ ਰਹੀ ਹੈ। ਜਿਸ ਦੀ ਅਗਵਾਈ ਸੀ. ਬੀ. ਆਈ. ਦੇ ਇਕ ਸੀਨੀਅਰ ਸੁਪਰਡੈਂਟ ਕਰ ਰਹੇ ਹਨ। ਉਕਤ ਅਧਿਕਾਰੀ ਨੂੰ ਜੰਮੂ ਖੇਤਰ 'ਚ ਸਰਗਰਮ "ਕੇਸਰੀ ਸ਼ੇਰਾਂ" ਨੂੰ ਪੁੱਛਗਿਛ ਦਾ ਕੰਮ ਵਿਸ਼ੇਸ਼ ਤੌਰ ਉਤੇ ਸੌਂਪਿਆ ਗਿਆ ਹੈ।

ਚੇਤੇ ਰਹੇ ਕਿ ਸੂਬਾ ਪੁਲਸ ਵਲੋਂ ਫੜੇ ਗਏ "ਕੇਸਰੀ ਸ਼ੇਰਾਂ" ਦੇ ਗਰੁਪ ਦੇ ਮੈਂਬਰਾਂ ਦੀ ਪੁਛਗਿਛ ਤੋਂ ਇਸ ਗਲ ਦਾ ਪਤਾ ਲੱਗਾ ਹੈ ਕਿ ਜੰਮੂ ਇਲਾਕੇ ਦੇ ਧਾਰਮਕ ਅਸਥਾਨਾਂ ਦੀ ਪਵਿਤਰਤਾ ਭੰਗ ਕਰਨ ਬਾਰੇ ਉਨ੍ਹਾਂ ਨੇ ਵਿਉਂਤ ਬਣਾਈ ਹੋਈ ਸੀ।

FLEXIBLE PREMIUM LIFE INSURANCE TAILOR-MADE
To your needs which you can afford.

TOGETHER WE ARE STRONGER
NORTH AMERICAN LIFE

INSURANCE FOR
- Personal
- Children
- Mortgage
- RRSP
- Group Insuranc & Annuities

ਆਪਣੀਆਂ ਇਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:
ਰਾਜ ਸਿੰਘ ਮਾਨ
- ਲਾਈਫ ਇੰਨਸ਼ੋਰੈਂਸ
- ਗਰੁਪ ਇੰਨਸ਼ੋਰੈਂਸ
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

1507 - 330 Portage Avenue
Winnipeg, Manitoba R3C 0C4
Bus. 943-1526
Res. 694-0731

NORTH AMERICAN LIFE ASSURANCE CO.


Raj Singh Mann

# ਪੰਜਾਬ ਵਿਚ ਸਨਅਤਾਂ ਨੂੰ ਵਧੇਰੇ ਸਹੂਲਤਾਂ ਦਿਆਂਗੇ — ਬਰਨਾਲਾ

ਸੰਗਰੂਰ — ਇਥੋਂ ਕੋਈ 40 ਕਿਲੋਮੀਟਰ ਦੂਰ ਮਲੇਰਕੋਟਲਾ ਸਬ ਡਿਵੀਜ਼ਨ ਦੇ ਪਿੰਡ ਸਰੋਦ ਵਿਖੇ ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਇਕ ਪ੍ਰਾਈਵੇਟ ਫੈਕਟਰੀ (ਸਾਲਵੈਂਟ ਐਕਸਟਰੈਕਸ਼ਨ ਪਲਾਂਟ) ਦਾ ਉਦਘਾਟਨ ਕੀਤਾ। ਸ. ਸੁਰਜੀਤ ਸਿੰਘ ਬਰਨਾਲਾ ਨੇ ਇਸ ਮੌਕੇ ਉਤੇ ਕਿਹਾ ਕਿ ਪੰਜਾਬ ਵਿਚ ਸਨਅਤਾਂ ਦਾ ਪਸਾਰ ਕਰਨ ਵਾਸਤੇ ਗੁਜਰਾਤ ਤੇ ਮਹਾਂਰਾਸ਼ਟਰ ਵਾਂਗ ਹਰ ਤਰ੍ਹਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਚਾਹੇ ਇਹ ਇਕ ਛੋਟੀ ਜਿਹੀ ਫੈਕਟਰੀ ਹੈ ਪਰ ਇਨ੍ਹਾ ਛੋਟੀਆਂ ਫੈਕਟਰੀਆਂ ਨਾਲ ਹੀ ਪੰਜਾਬ ਵਿਚ ਸਨਅਤਾਂ ਦਾ ਪਸਾਰ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਫੈਕਟਰੀਆਂ ਕੁਝ ਦੂਰੀ ਉਤੇ ਲਾਈਆਂ ਜਾਣ ਤਾਂ ਕਿ ਮਜ਼ਦੂਰਾਂ ਦੀ ਮੁਸ਼ਕਲ ਖੜ੍ਹੀ ਨਾ ਹੋਵੇ। ਸਰੋਦ ਪਿੰਡ ਵਿਖੇ ਇਕ ਛੋਟੀ ਜਿਹੀ ਫੈਕਟਰੀ ਦਾ ਲਗਾਇਆ ਜਾਣ ਪੰਜਾਬ ਵਿਚ ਇੰਡਸਟਰੀਜ਼ ਦਾ ਫੈਲਾਅ ਕਰਨ ਵੱਲ ਹੀ ਇਕ ਕਦਮ ਹੈ।

ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਿਕਰ ਕਰਦਿਆਂ ਸ. ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਸੰਤ ਲੌਂਗੋਵਾਲ ਪੰਜਾਬ ਦੇ ਲੋਕਾਂ ਦੇ ਦਿਲਾਂ ਦੀ ਤਰਜਮਾਨੀ ਕਰਦੇ ਸਨ। ਅਕਾਲੀ ਦਲ ਦੇ ਹਰ ਮੋਰਚੇ ਦੀ ਅਗਵਾਈ ਸੰਤਾਂ ਨੇ ਚੰਗੀ ਤਰ੍ਹਾਂ ਕੀਤੀ ਅਤੇ ਇਹ ਸੰਤ ਲੌਂਗੋਵਾਲ ਦੇ ਹੀ ਉਪਰਾਲੇ ਸਨ ਕਿ ਪੰਜਾਬ ਵਿਚ ਮਾਹੌਲ ਸ਼ਾਂਤ ਹੋਇਆ ਅਤੇ ਫਿਰ ਚੋਣਾਂ ਦੇ ਨਤੀਜੇ ਵੀ ਪੰਜਾਬ ਦੇ ਲੋਕਾਂ ਦੀ ਸਹੀ ਸੋਚ ਦਾ ਸਿੱਟਾ ਹਨ। ਉਨ੍ਹਾਂ ਕਿਹਾ ਕਿ ਅਸੀਂ ਸੰਤ ਲੌਂਗੋਵਾਲ ਵਲੋਂ ਅਪਣਾਏ ਹੋਏ ਨਿਸ਼ਾਨੇ (ਸਰਬਤ ਦਾ ਭਲਾ) ਨੂੰ ਲੈ ਕੇ ਚਲੇ ਹਾਂ ਅਤੇ ਇਸ ਨਿਸ਼ਾਨੇ ਨੂੰ ਮੁਖ ਰਖਦੇ ਹੋਏ ਪੰਜਾਬ ਦੇ ਲੋਕਾਂ ਲਈ ਕੰਮ ਕਰਾਂਗੇ।

# ਕੰਦੂਖੇੜਾ ਦੇ ਪੰਚਾਇਤ ਮੈਂਬਰ ਪੰਜਾਬ ਵਿਚ ਰਹਿਣ ਦੇ ਚਾਹਵਾਨ

ਸਿਰਸਾ — ਇਥੋਂ 65 ਕਿਲੋਮੀਟਰ ਦੂਰ ਪਿੰਡ ਕੰਦੂਖੇੜਾ ਦੀ ਪੰਚਾਇਤ ਦੇ ਸੱਤ ਮੈਂਬਰਾਂ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਚਿੱਠੀਆਂ ਲਿਖ ਕੇ ਮੰਗ ਕੀਤੀ ਹੈ ਕਿ ਉਨ੍ਹਾਂ ਦਾ ਪਿੰਡ ਪੰਜਾਬ ਵਿਚ ਹੀ ਰਹਿਣ ਦਿਤਾ ਜਾਵੇ ਅਤੇ ਹਰਿਆਣਾ ਵਿਚ ਸ਼ਾਮਲ ਨਾ ਕੀਤਾ ਜਾਵੇ। ਇਨ੍ਹਾਂ ਮੈਂਬਰਾਂ ਦੇ ਦਸਤਖਤਾਂ ਵਾਲੀਆਂ ਚਿੱਠੀਆਂ ਵਿਚ ਪੰਜ ਨੁਕਤਿਆਂ ਉਤੇ ਜ਼ੋਰ ਦਿਤਾ ਗਿਆ ਹੈ ਜਿਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਪਿੰਡ ਦੀ 90 ਪ੍ਰਤੀਸ਼ਤ ਅਬਾਦੀ ਪੰਜਾਬੀ ਹੈ। ਇਹ ਲੋਕ 1947 ਦੀ ਪਾਕਿਸਤਾਨ ਵੰਡ ਤੋਂ ਬਾਅਦ ਲਾਹੌਰ ਜ਼ਿਲੇ ਵਿਚੋਂ ਆ ਕੇ ਇਥੇ ਅਬਾਦ ਹੋਏ ਸਨ।

ਵੰਡ ਤੋਂ ਪਹਿਲਾਂ ਪਿੰਡ ਵਿਚ ਮੁਸਲਮਾਨ ਅਤੇ ਮੇਘਵਾਲ ਰਹਿੰਦੇ ਸਨ। ਮੁਸਲਮਾਨ ਜੋ ਕਿ ਵਧੇਰੇ ਗਿਣਤੀ ਵਿਚ ਸਨ ਪਾਕਿਸਤਾਨ ਚਲੇ ਗਏ ਅਤੇ ਉਨ੍ਹਾਂ ਦੀ ਥਾਂ ਪੰਜਾਬੀ ਲੋਕ ਇਥੇ ਅਬਾਦ ਹੋਏ।

ਮੌਜੂਦਾਹ ਵਸੋਂ ਮੁਤਾਬਕ ਪਿੰਡ ਵਿਚ 1600 ਲਾਹੌਰੀਏ ਜੱਟ ਸਿੱਖ, 150 ਮਜ਼ਹਬੀ ਸਿੱਖ, 100 ਸਿੱਖ ਬਾਜ਼ੀਗਰ ਬਹਾਵਲਪੁਰੀਏ, 100 ਵਿਸ਼ਨੋਈ ਬਹਾਵਲਪੁਰੀਏ, ਅਤੇ ਪੰਜਾਹ ਮੇਘਵਾਲ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪੰਚਾਇਤ ਦਾ ਮੌਜੂਦਾ ਸਰਪੰਚ ਹਨੂੰਮਾਨ ਵਿਸ਼ਨੋਈ ਹੈ ਪਰ ਇਸ ਤੋਂ ਪਹਿਲਾਂ ਹਮੇਸ਼ਾਂ ਹੀ ਪੰਜਾਬੀ ਸਰਪੰਚ ਰਹੇ ਹਨ।

# ਪੰਜ-ਮੈਂਬਰੀ ਕਮੇਟੀ ਦਾ ਗਠਨ

ਲੁਧਿਆਣਾ — 'ਸੰਯੁਕਤ' ਅਕਾਲੀ ਦਲ ਨੂੰ ਛੱਡ ਚੁੱਕੇ ਅਕਾਲੀ ਨੇਤਾਵਾਂ ਨੇ ਅਗਲਾ ਪਰੋਗਰਾਮ ਉਲੀਕਣ ਲਈ ਪੰਜ-ਮੈਂਬਰੀ ਐਡਹਾਕ ਕਮੇਟੀ ਬਨਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਮੀਟਿੰਗ ਸ੍ਰੀ ਰਣਧੀਰ ਸਿੰਘ ਚੀਮਾ ਨੇ ਸੱਦੀ ਸੀ ਜਿਸ ਵਿਚ 'ਸੰਯੁਕਤ' ਅਕਾਲੀ ਦਲ ਨੂੰ ਛੱਡ ਕੇ ਆਉਣ ਵਾਲੇ ਹੋਰ ਸੀਨੀਅਰ ਨੇਤਾ ਵੀ ਸ਼ਾਮਲ ਹੋਏ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਜਸਵਿੰਦਰ ਸਿੰਘ ਬਰਾੜ, ਸ੍ਰੀਮਤੀ ਸਤਵੰਤ ਕੌਰ, ਬਲਦੇਵ ਸਿੰਘ, ਮਨਮੋਹਨ ਸਿੰਘ ਬਰਾੜ, ਗੁਰਬਚਨ ਸਿੰਘ ਲਖਮੀਰਵਾਲਾ, ਠਾਕਰ ਸਿੰਘ, ਚਿਰੰਜੀ ਲਾਲ ਐਡਵੋਕੇਟ, ਨਰਿੰਦਰ ਸਿੰਘ ਗੁਰਦਾਸਪੁਰ ਤੇ ਦਵਿੰਦਰ ਸਿੰਘ ਪੱਪੂ ਵੀ ਸ਼ਾਮਲ ਹੋਏ।

ਮੀਟਿੰਗ ਨੇ ਸ੍ਰੀ ਚੀਮਾ ਨੂੰ ਪੰਜ-ਮੈਂਬਰੀ ਕਮੇਟੀ ਬਨਾਉਣ ਦਾ ਸਰਬਸੰਮਤੀ ਨਾਲ ਅਧਿਕਾਰ ਦੇ ਦਿਤਾ ਜੋ ਪੰਥਕ ਏਕਤਾ ਲਈ ਅਤੇ ਸਿਖ ਮਸਲਿਆਂ ਦੇ ਹੱਲ ਵਾਸਤੇ ਇਕ ਵਿਸ਼ਾਲ ਅਧਾਰ ਉਤੇ ਪਰੋਗਰਾਮ ਉਲੀਕੇਗੀ। ਮੀਟਿੰਗ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਬਾਰੇ ਭਾਰਤੀ ਕਿਸਾਨ ਯੂਨੀਅਨ ਦੇ ਅੰਦੋਲਨ ਦੀ ਹਮਾਇਤ ਕੀਤੀ।

# ਰਾਜ ਸਰਕਾਰ ਵਲੋਂ ਦਿਤੀ ਸਹਾਇਤਾ ਦੀ ਪੂਰੀ ਵਰਤੋਂ ਨਹੀਂ ਹੁੰਦੀ

ਪਟਿਆਲਾ — ਸਰਕਾਰ ਵਲੋਂ ਵੱਖ ਵੱਖ ਵਿਭਾਗਾਂ ਨੂੰ ਖਰਚ ਲਈ ਦਿਤੀ ਜਾਣ ਵਾਲੀ ਸਹਾਇਤਾ ਰਕਮ ਦੀ ਕਿਸ ਤਰ੍ਹਾਂ ਦੁਰਵਰਤੋਂ ਕੀਤੀ ਜਾਂਦੀ ਹੈ, ਇਸ ਦਾ ਪਤਾ ਸਰਕਾਰੀ ਆਂਕੜਿਆਂ ਤੋਂ ਲਗਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜ ਵਿਚ 54-55 ਤੋਂ ਸਾਲ 82-83 ਤਕ ਸਿੱਖਿਆ ਸੰਸਥਾਵਾਂ, ਜਿਨ੍ਹਾਂ ਵਿਚ ਯੂਨੀਵਰਸਿਟੀਆਂ ਵੀ ਸ਼ਾਮਲ ਹਨ, ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾ, ਸਹਿਕਾਰੀ ਸਭਾਵਾਂ ਅਤੇ ਦੂਜੀਆਂ ਸੰਸਥਾਵਾਂ ਨੂੰ ਦਿਤੀ ਗਈ ਸਹਾਇਤਾ ਵਿਚੋਂ 22,388.05 ਲੱਖ ਰੁਪਏ ਦੀ ਰਕਮ ਬਿਨਾਂ ਖਰਚ ਕੀਤੀ ਗਈ ਪਾਈ ਗਈ ਤੇ ਇਸ ਰਕਮ ਨੂੰ ਖਰਚ ਨਾ ਕਰਨ ਬਾਰੇ ਸਰਕਾਰ ਨੂੰ ਕੋਈ ਜਾਣਕਾਰੀ ਨਹੀਂ।

ਕੇਵਲ ਸਥਾਨਕ ਸਰਕਾਰ ਵਿਭਾਗ ਵਿਚ 82-83 ਸਾਲ ਦੇ ਕੀਤੇ ਗਏ ਸਰਵੇ ਤੋਂ ਪਤਾ ਲਗਦਾ ਹੈ ਕਿ 2349.42 ਲੱਖ ਰੁਪਏ ਦੀ ਰਕਮ ਬਿਨਾਂ ਖਰਚ ਕੀਤੀ ਪਈ ਹੈ, ਜਿਸ ਵਿਚੋਂ ਨਗਰ ਪਾਲਿਕਾਵਾਂ ਵੱਲ.

o

956.11 ਲੱਖ, ਪੰਚਾਇਤ ਸੰਮਤੀਆਂ ਵੱਲ 1208.59 ਲੱਖ, ਜ਼ਿਲਾ ਪ੍ਰੀਸ਼ਦਾਂ ਵੱਲ 184.72 ਲੱਖ, ਦੀ ਰਕਮ ਇਹੋ ਜਿਹੀ ਹੈ ਜਿਹੜਾਪ ਸਹਇਤਾ ਵਜੋਂ ਦਿਤੀ ਗਈ, ਪਰ ਇਸ ਦਾ ਕਿਤੇ ਵੀ ਖਰਚ ਨਹੀਂ ਕੀਤਾ ਗਿਆ।

ਸਰਵੇ ਅਨੁਸਾਰ ਰਾਜ ਸਰਕਾਰ ਨੂੰ ਆਪਣੇ ਵੱਖ ਵੱਖ ਵਿਭਾਗਾਂ 54-55 ਤੋਂ 79-80 ਤੱਕ 9176 ਕੰਮਾਂ ਲਈ 2756.78 ਲੱਖ, o

# ਰੋਪੜ ਵਿਚ ਦਸ ਨੰਬਰ' ਦੇ ਫੈਡਰੇਸ਼ਨੀਏ

ਮੋਰਿੰਡਾ — ਜ਼ਿਲਾ ਰੋਪੜ ਪੁਲੀਸ ਵਲੋਂ ਹਾਲ ਵਿਚ ਹੀ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜੇਲ੍ਹਾਂ ਤੋਂ ਰਿਹਾਅ ਹੋਏ ਯੁਵਕਾਂ ਨੂੰ ਜਿਨ੍ਹਾਂ ਵਿਰੁਧ ਅਦਾਲਤਾਂ ਵਿਚ ਕੇਸ ਵੀ ਚਲ ਰਹੇ ਹਨ, 'ਦਸ ਨੰਬਰੀਆ' ਖਤਰਨਾਕ ਮੁਲਜ਼ਮਾਂ ਦੀਆਂ ਲਿਸਟਾਂ ਵਿਚ ਸ਼ਾਮਲ ਕਰ ਦੇਣ ਨਾਲ ਫੈਡਰੇਸ਼ਨ ਦੇ ਵਰਕਰਾਂ ਵਿਚ ਭਾਰੀ ਰੋਹ ਤੇ ਗੁੱਸਾ ਹੈ। ਇਸ ਗੱਲ ਦੀ ਜਾਣਕਾਰੀ ਇਥੇ ਫੈਡਰੇਸ਼ਨ ਦੀ ਰੋਪੜ ਇਕਾਈ ਦੇ ਕਨਵੀਨਰ ਇੰਦਰਜੀਤ ਸਿੰਘ ਰਤਨਗੜ੍ਹ ਨੇ ਦਿਤੀ ਅਤੇ ਦੱਸਿਆ ਕਿ ਇਸ ਸਬੰਧ ਵਿਚ ਪੁਲੀਸ ਦੀ ਕਾਰਵਾਈ ਸਬੰਧੀ ਵੱਖ-ਵੱਖ ਸਰਕਲਾਂ ਤੋਂ ਰਿਪੋਰਟਾਂ ਆ ਰਹੀਆਂ ਹਨ।

ਇੰਦਰਜੀਤ ਸਿੰਘ ਨੇ ਸਰਕਾਰ ਦੀ ਇਸ ਗੈਰ-ਕਨੂੰਨੀ ਕਾਰਵਾਈ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਸਰਕਾਰ ਦੋਗਲੀ ਨੀਤੀ ਅਪਣਾ ਕੇ ਯੁਵਕਾਂ ਨੂੰ ਬੇਵਕੂਫ ਬਣਾ ਰਹੀ ਹੈ। ਇਕ ਪਾਸੇ ਸਰਕਾਰ ਯੁਵਕਾਂ ਨੂੰ ਰੁਜ਼ਗਾਰ ਦੇਣ ਦੀਆਂ ਗੱਲਾਂ ਕਰ ਰਹੀ ਹੈ, ਦੂਸਰੇ ਪਾਸੇ ਪੁਲੀਸ ਦਆਂ ਲਿਸਟਾਂ ਵਿਚ ਫੈਡਰੇਸ਼ਨ ਦੇ ਵਰਕਰਾਂ ਨੂੰ 'ਦਸ ਨੰਬਰੀਆ' ਕਰਾਰ ਦੇ ਕੇ ਉਨ੍ਹਾਂ ਨੂੰ ਰੁਜ਼ਗਾਰ ਲੈਣ ਤੋਂ ਅਯੋਗ ਕਰਾਰ ਦੇਣ ਲਈ ਹਦਾਇਤਾਂ ਜਾਰੀ ਕਰ ਰਹੀ ਹੈ। ਫੈਡਰੇਸ਼ਨ ਦੇ ਵਰਕਰਾਂ ਦਾ ਵਫਦ ਰੋਪੜ ਦੇ ਡੀ. ਸੀ. ਕੇ. ਡੀ. ਅਰੋੜਾ ਤੇ ਸੁਪਰਡੈਂਟ ਪੁਲੀਸ ਰੋਪੜ ਅਨਿਲ ਕੌਸ਼ਿਕ ਨੂੰ ਮਿਲਿਆ ਤੇ ਵੱਖ ਵੱਖ ਥਾਣਿਆਂ ਵਲੋਂ ਫੈਡਰੇਸ਼ਨ ਦੇ ਵਰਕਰਾਂ ਵਿਰੁਧ ਕੀਤੀ ਉਪਰੋਕਤ ਕਾਰਵਾਈ ਨੂੰ ਤੁਰੰਤ ਖਤਮ ਕਰਨ ਦੀ ਮੰਗ ਕੀਤੀ ਹੈ।

# ਭੂਪਾਲ ਗੈਸ ਕਾਂਡ 'ਚ ਸਿੱਖਾਂ ਦਾ ਹੱਥ ਨਹੀਂ — ਵੋਰਾ

ਭੂਪਾਲ — ਮੱਧ ਪ੍ਰਦੇਸ਼ ਦੇ ਮੁਖ ਮੰਤਰੀ ਸ੍ਰੀ ਮੋਤੀ ਲਾਲ ਵੋਰਾ ਨੇ ਇਸ ਗੱਲ ਦਾ ਖੰਡਨ ਕੀਤਾ ਕਿ ਪਿਛਲੇ ਸਾਲ ਦਸੰਬਰ 'ਚ ਇਥੋਂ ਦੇ ਯੂਨੀਅਨ ਕਾਰਬਾਈਡ ਕਾਰਖਾਨੇ 'ਚ ਗੈਸ ਲੀਕ ਹੋਣ ਨਾਲ ਵਾਪਰੇ ਭਿਆਨਕ ਦੁਖਾਂਤ ਪਿਛੇ "ਸਿੱਖਾਂ ਦੇ ਇਕ ਅਤਿਵਾਦੀ ਧੜੇ" ਦਾ ਹੱਥ ਹੈ। ਸ੍ਰੀ ਵੋਰਾ ਨੇ ਕਿਹਾ ਕਿ ਇਨ੍ਹਾਂ ਅਫਵਾਹਾਂ 'ਚ ਉਕਾ ਹੀ ਸਚਾਈ ਨਹੀਂ ਤੇ ਇਸ ਕਾਂਡ 'ਚ ਭੰਨ-ਤੋੜ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਯੂਨੀਅਨ ਕਾਰਬਾਈਡ ਦੇ ਮੁਖੀ ਵਾਰਨ ਐਂਡਰਸਨ ਵਲੋਂ ਹਾਲ ਵਿਚ ਹੀ ਦਿਤੇ ਦੱਸੇ ਜਾਂਦੇ ਇਸ ਬਿਆਨ ਉਤੇ ਟਿਪਣੀ ਕਰ ਰਹਹੇ ਸਨ ਕਿ ਗੈਥ ਗੈਸ ਲੀਕ 'ਚ "ਅਤਿਵਾਦੀ ਸਿਖ ਧੜੇ" ਦਾ ਹੱਥ ਹੈ।

# ਰਜਨੀਸ਼ ਨੂੰ ਹਿਮਾਚਲ 'ਚ ਜਗ੍ਹਾ ਮਿਲਣ ਦੀ ਅਜੇ ਸੰਭਾਵਨਾ ਨਹੀਂ

ਮੰਡੀ — ਹਿਮਾਚਲ ਸਰਕਾਰ ਵਲੋਂ ਅਚਾਰੀਆ ਰਜਨੀਸ਼ ਨੂੰ ਪ੍ਰਾਂਤ ਅੰਦਰ ਕਿਧਰੇ ਵੀ ਆਸ਼ਰਮ ਬਨਾਉਣ ਦੀ ਆਗਿਆ ਦੇਣ ਦੀ ਸੰਭਾਵਨਾ ਨਹੀਂ। ਇਹ ਜਾਣਕਾਰੀ ਅਧਿਕਾਰਤ ਸੂਤਰਾਂ ਤੋਂ ਮਿਲੀ ਹੈ। ਭਾਵੇਂ ਕਿ ਰਜਨੀਸ਼ ਨੇ ਇਹ ਗੱਲ ਸਪਸ਼ਟ ਕਰ ਦਿਤੀ ਹੈ ਕਿ ਆਪਣੇ ਪਹਿਲੇ ਤਲਖ ਤਜਰਬੇ ਨੂੰ ਧਿਆਨ ਵਿਚ ਰਖਦਿਆਂ ਉਨ੍ਹਾਂ ਦਾ ਕੋਈ ਆਸ਼ਰਮ ਬਨਾਉਣ ਜਾਂ ਕਮਿਊਨ ਵਿਚ ਰਹਿਣ ਦਾ ਵਿਚਾਰ ਨਹੀਂ ਹੈ ਫਿਰ ਵੀ ਉਨ੍ਹਾਂ ਦੇ ਚੇਲੇ ਇਹ ਗੱਲ ਨਹੀਂ ਲੁਕਾਉਂਦੇ ਕਿ ਉਨ੍ਹਾਂ ਨੂੰ ਹਿਮਾਚਲ ਸਰਕਾਰ ਜਿੰਨੀਂ ਜ਼ਮੀਨ ਦੇ ਦੇਵੇਗੀ, ਉਹ ਓਨੀ ਲੈ ਲੈਣਗੇ।

ਅਚਾਰੀਆ ਰਜਨੀਸ਼ ਦੇ ਪੈਰੋਕਾਰਾਂ ਦਾ ਇਕ ਵਫਦ ਮੁਖ ਮੰਤਰੀ ਸ੍ਰੀ ਵੀਰਭੱਦਰ ਸਿੰਘ ਨੂੰ ਹਿਮਾਚਲ ਪ੍ਰਦੇਸ਼ ਸਟੇਟ ਗੈਸਟ ਹਾਊਸ ਵਿਖੇ ਮੰਗਲਵਾਰ ਨੂੰ ਮਿਲਿਆ ਤੇ ਜ਼ਮੀਨ ਅਲਾਟ ਕਰਨ ਬਾਰੇ ਬੇਨਤੀ ਕੀਤੀ। ਪਤਾ ਲੱਗਾ ਹੈ ਕਿ ਮੁਖ ਮੰਤਰੀ ਨੇ ਦੱਸਿਆ ਹੈ ਕਿ ਉਹ ਇਸ ਮਾਮਲੇ ਨੂੰ ਮੈਰਿਟ ਉਤੇ ਹੀ ਵਿਚਾਰਨਗੇ।

ਪੱਤਰਕਾਰ ਵਲੋਂ ਪੁੱਛੇ ਜਾਣ 'ਤੇ ਕਿ ਕਿੰਨੀਂ ਜ਼ਮੀਨ ਚਾਹੀਦੀ ਹੈ, ਵਫਦ ਦੇ ਇਕ ਮੈਂਬਰ ਰਵਿੰਦਰ ਭਾਰਤੀ ਨੇ ਦੱਸਿਆ, "ਜਿੰਨੀ ਵੱਧ ਤੋਂ ਵੱਧ ਸਰਕਾਰ ਦੇ ਦੇਵੇ।" ਉਨ੍ਹਾਂ ਹੋਰ ਦੱਸਿਆ, "ਭਗਵਾਨ ਰਜਨੀਸ਼ ਦੀ ਦੇਸ਼ ਵਾਪਸੀ ਨਾਲ ਕਿਸਮਤ ਜਾਗ ਪਈ ਹੈ। ਇਹ ਹੁਣ ਸਰਕਾਰ ਉਤੇ ਨਿਰਭਰ ਹੈ ਕਿ ਦੇਸ਼ ਵਿਚ ਉਨ੍ਹਾਂ ਦੀ ਮੌਜੂਦਗੀ ਦਾ ਫਾਇਦਾ ਲਿਆ ਜਾਂਦਾ ਹੈ ਜਾਂ ਨਹੀਂ।"

ਇਸੇ ਦੌਰਾਨ ਰਜਨੀਸ਼ ਵਲੋਂ ਰਾਜਨੀਤਕ ਨੇਤਾਵਾਂ ਉਤੇ ਉਚ ਅਫਸਰਾਂ ਵਿਰੁੱਧ ਨੁਕਤਾਚੀਨੀ ਦੀ ਤਿੱਖੀ ਆਲੋਚਨਾ ਹੋਣ ਲੱਗ ਪਈ ਹੈ। ਉਨ੍ਹਾਂ ਵਲੋਂ ਇਹ ਕਹਿਣਾ ਕਿ ਬਜ਼ੁਰਗ ਸਿਆਸਤਦਾਨਾਂ ਨਾਲੋਂ ਉਨ੍ਹਾਂ ਦੀ ਸੁਰ ਰਾਜੀਵ ਗਾਂਧੀ ਨਾਲ ਜ਼ਿਆਦਾ ਮਿਲਦੀ ਹੈ, ਉਨ੍ਹਾਂ ਦੇ ਆਲੋਚਕਾਂ ਨੂੰ ਹਾਸੋਹੀਣਾ ਲੱਗਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਇਕ ਪਾਸੇ ਤਾਂ ਰਜਨੀਸ਼ ਆਪਣੇ ਆਪ ਨੂੰ ਸਿਰਫ ਅਧਿਆਤਮਕ ਨੇਤਾ ਦੱਸਦਾ ਹੈ ਜਦ ਕਿ ਦੂਜੇ ਪਾਸੇ ਰਾਜਨੀਤਕ ਬਿਆਨ ਦਿੰਦਾ ਹੈ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਅਚਾਰੀਆ ਰਜਨੀਸ਼ ਵਲੋਂ ਇਹ ਯਕੀਨ ਦਿਵਾਉਣ ਉਤੇ ਕਿ ਉਨ੍ਹਾਂ ਦੀਆਂ ਸਰਗਰਮੀਆਂ ਨਿਰੋਲ ਅਧਿਆਤਮਕ ਕਿਸਮ ਦੀਆਂ ਰਹਿਣਗੀਆਂ, ਸਰਕਾਰ ਜ਼ਮੀਨ ਦੇਣ ਦੇ ਮਾਮਲੇ 'ਤੇ ਹਮਦਰਦੀ ਨਾਲ ਵਿਚਾਰ ਕਰ ਸਕਦੀ ਹੈ। ਇਨ੍ਹਾਂ ਸੂਤਰਾਂ ਦਾ ਕਹਿਣਾ ਹੈ ਕਿ ਅਚਾਰੀਆ ਰਜਨੀਸ਼ ਦੇ ਹਾਲ ਹੀ ਵਿਚ ਦਿਤੇ ਬਿਆਨ ਤੋਂ ਸਰਕਾਰ ਲਈ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਉਨ੍ਹਾਂ ਦੀਆਂ ਸਰਗਰਮੀਆਂ ਹਿਮਾਚਲ ਪ੍ਰਦੇਸ਼ ਦੇ ਸ਼ਾਂਤਮਈ ਵਾਤਾਵਰਨ ਲਈ ਸੰਕਟ ਪੈਦਾ ਕਰ ਸਕਦੀਆਂ ਹਨ।

# ਲਿੰਕ ਨਹਿਰ ਦਾ ਪਾਣੀ ਰੋਪੜ ਤੇ ਪਟਿਆਲਾ ਜ਼ਿਲਿਆਂ ਨੂੰ ਵੀ ਮਿਲੇਗਾ

ਖਰੜ — ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਹੋ ਜਾਣ ਤੋਂ ਬਾਅਦ ਖਰੜ ਤੇ ਰੋਪੜ ਸਬ ਡਿਵੀਜ਼ਨਾਂ ਦੇ ਪਿੰਡਾਂ ਨੂੰ ਲਿਫਟ ਇਰੀਗੇਸ਼ਨ ਸਕੀਮ ਰਾਹੀਂ ਸਿੰਚਾਈ ਲਈ ਪਾਣੀ ਮਿਲੇਗਾ। ਇਹ ਜਾਣਕਾਰੀ ਦਿੰਦੇ ਹੋਏ ਜ਼ਿਲਾ ਰੋਪੜ ਦੇ ਡਿਪਟੀ ਕਮਿਸ਼ਨਰ ਸ੍ਰੀ ਕੇ. ਡੀ. ਅਰੋੜਾ ਨੇ ਦੱਸਿਆ ਕਿ ਇਸ ਲਹਿਰ ਦੇ ਪਾਣੀ ਵਿਚੋਂ 900 ਕਿਊਸਿਕ ਪਾਣੀ ਰੋਪੜ ਤੇ ਪਟਿਆਲਾ ਜ਼ਿਲਿਆਂ ਦੀ ਪਿਆਸੀ ਧਰਤੀ ਲਈ ਇਸਤੇਮਾਲ ਕੀਤਾ ਜਾਣਾ ਹੈ।

# ਸਰਕਾਰੀ ਏਜੰਸੀਆਂ ਵਲੋਂ 35 ਲੱਖ ਟਨ ਧਾਨ ਦੀ ਖਰੀਦ

ਪਟਿਆਲਾ — ਭਾਵੇਂ ਐਫ. ਸੀ. ਆਈ. ਤੇ ਸਰਕਾਰੀ ਏਜੰਸੀਆਂ ਨੇ 35 ਲੱਖ ਟਨ ਦੇ ਲਗਭਗ ਧਾਨ ਖਰੀਦ ਲਿਆ ਹੈ ਪਰ ਅਜੇ ਤਕ ਐਫ. ਸੀ. ਆਈ. ਨੇ ਚੌਲ ਕਢਵਾਉਣ ਦੀ ਨੀਤੀ ਤੈਅ ਨਹੀਂ ਕੀਤੀ। ਇਸ ਨਾਲ ਖਰਚਾਂ ਤੋਂ ਵਿਆਹ ਪੈ ਰਿਹਾ ਹੈ। ਪੰਜਾਬ ਰਾਈਸ ਮਿਲਰਜ਼ ਐਸੋ: ਨੇ ਸੁਝਾਅ ਦਿਤਾ ਕਿ ਐਫ. ਸੀ. ਆਈ. ਚੌਲ ਕਢਵਾਉਣ ਲਈ ਤੁਰੰਤ ਕਾਰਵਾਈ ਕਰੇ। ਚੌਲ ਕੱਢਣ ਦਾ ਕੰਮ ਛੇਤੀ ਖਤਮ ਕਰਨ ਲਈ ਵੱਧ ਤੋਂ ਵੱਧ ਮਿੱਲਾਂ ਨੂੰ ਇਹ ਸੇਵਾ ਦਿਤੀ ਜਾਵੇ। ਇਸ ਨਾਲ ਚੌਲਾਂ ਦੀ ਕੁਅਲਿਟੀ ਚੰਗੀ ਨਿਕਲੇਗੀ।

ਐਸੋ: ਦੇ ਜਨਰਲ ਸਕੱਤਰ ਹੇਮ ਰਾਜ ਅਗਰਵਾਲ ਦਾ ਕਹਿਣਾ ਹੈ ਕਿ ਇਸ ਸਾਲ ਐਫ. ਸੀ. ਆਈ. ਦਾ ਕਹਿਣਾ ਹੈ ਕਿ ਇਸ ਸਾਲ ਐਫ. ਸੀ. ਆਈ. ਨੂੰ ਵਧੀਆ ਕੁਆਲਿਟੀ ਦੀ ਜ਼ੀਰੀ ਖਰੀਦਣ ਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ


DOSANJH & PIRANI

#202 - 5887 Victoria Drive, Vancouver, B.C. V5P 3W5

Phone 327-6381

• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ

ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

**THE CANADA DARPAN**
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

## ਸੰਪਾਦਕੀ

# ਖੁਲ੍ਹੇ ਵਪਾਰ ਦੇ ਲੁਕਵੇਂ ਅਰਥ

ਜਦੋਂ ਤੋਂ ਟੋਰੀ ਸਰਕਾਰ ਰਾਜ ਸੱਤਾ ਵਿਚ ਆਈ ਹੈ, ਉਸ ਵੇਲੇ ਤੋਂ ਹੀ ਇਸ ਦੇ ਉਘੇ ਆਗੂ ਖਾਸ ਕਰਕੇ ਪ੍ਰਧਾਨ ਮੰਤਰੀ ਸ੍ਰੀ ਬਰਾਇਨ ਮਲਰੂਨੀ ਖੁਲੇ ਵਪਾਰ (ਫਰੀ ਟਰੇਡ) ਬਾਰੇ ਬੜੇ ਹੀ ਉਤਸਕ ਸਨ। ਉਨ੍ਹਾਂ ਅਮਰੀਕੀ ਪ੍ਰਧਾਨ ਦੁਆਲੇ ਕਈ ਗੇੜੇ ਮਾਰੇ ਹਨ। ਅਮਰੀਕਾ ਤਾਂ ਪਹਿਲਾਂ ਹੀ ਅਜਿਹਾ ਚਾਹੁੰਦਾ ਹੈ ਕਿ ਉਹ ਕੈਨੇਡਾ ਦੀ ਆਰਥਕਤਾ ਨੂੰ ਪੂਰਨ ਤੌਰ ਉਪਰ ਆਪਣੇ ਕੰਟਰੋਲ ਵਿਚ ਕਰ ਲਵੇ।

ਹੁਣ ਸਥਿਤੀ ਇਹ ਹੈ ਕਿ ਕੀ ਇਹ ਖੁਲ੍ਹਾ ਵਪਾਰ ਆਮ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕੇਗਾ? ਨਹੀਂ, ਅਜਿਹਾ ਨਾਮੁਮਕਿਨ ਹੈ। ਕਿਉਂਕਿ ਪਹਿਲਾਂ ਹੀ ਕੈਨੇਡੀਅਨ ਆਰਥਕਤਾ ਭਾਵ ਕੈਨੇਡਾ ਸਥਿਤ ਵੱਡੀਆਂ ਫੈਕਟਰੀਆਂ, ਸਟੋਰ ਅਤੇ ਹੋਰ ਵਪਾਰਕ ਅਦਾਰੇ 75 ਫੀਸਦੀ ਦੇ ਕਰੀਬ ਅਮਰੀਕਨ ਪੂੰਜੀਪਤੀਆਂ ਦੀ ਮਾਲਕੀ ਹੇਠ ਹਨ। ਜਿਵੇਂ ਫੋਰਡ, ਜੀ. ਐਮ. ਸੀ. ਵਰਗੀਆਂ ਵੱਡੀਆਂ ਕੰਪਨੀਆਂ ਦੇ ਬਹੁਤੇ ਹਿਸੇ ਅਮਰੀਕਨ ਪੂੰਜੀਪਤੀਆਂ ਦੇ ਕੋਲ ਹਨ। ਇਥੋਂ ਦੀਆਂ ਛੇ ਵੱਡੀਆਂ ਬੈਂਕਾਂ ਇਨ੍ਹਾਂ ਅਮਰੀਕਨ ਪੂੰਜੀਪਤੀਆਂ ਦੇ ਕੰਟਰੋਲ ਵਿਚ ਹਨ। ਜਦੋਂ ਖੁਲ੍ਹਾ ਟਰੇਡ ਹੋ ਜਾਵੇਗਾ ਤਦ ਇਨ੍ਹਾਂ ਪੂੰਜੀਪਤੀਆਂ ਦੇ ਮੁਨਾਫੇ ਹੋਰ ਵਧਣਗੇ। ਅਮਰੀਕਾ ਵਿਚ ਇਨ੍ਹਾਂ ਦੀਆਂ ਫੈਕਟਰੀਆਂ ਵਿਚ ਘੱਟ ਲਾਗਤ ਤੇ ਬਣਿਆ ਵਪਾਰ ਕੈਨੇਡਾ ਦੇ ਸਟੋਰਾਂ ਵਿਚ ਭਰ ਜਾਵੇਗਾ। ਜੋ ਫੈਕਟਰੀਆਂ ਇਥੇ ਸਾਮਾਨ ਬਣਾਉਂਦੀਆਂ ਹਨ ਉਨ੍ਹਾਂ ਵਿਚ ਬਹੁਤੀਆਂ ਇਸ ਲਈ ਬੰਦ ਹੋ ਜਾਣਗੀਆਂ ਕਿ ਉਹ ਕੀਮਤਾਂ ਵਿਚ ਮੁਕਾਬਲਾ ਨਹੀਂ ਕਰ ਸਕਣਗੀਆਂ। ਦੂਜੀਆਂ ਉਹ ਫੈਕਟਰੀਆਂ ਜਿਨ੍ਹਾਂ ਦੇ ਮਾਲਕਾਂ ਦੀਆਂ ਉਹੋ ਜਿਹੀਆਂ ਫੈਕਟਰੀਆਂ ਅਮਰੀਕਾ ਵਿਚ ਹਨ, ਉਹ ਉਸ ਤਰਾਂ ਬੰਦ ਕਰ ਦੇਣਗੀਆਂ ਤੇ ਬਣਿਆ ਮਾਲ ਹੀ ਏਥੇ ਲਿਆ ਕੇ ਵੇਚਣਗੀਆਂ।

ਇਸ ਤਰ੍ਹਾਂ ਏਥੇ ਬੇਰੁਜ਼ਗਾਰੀ ਹੋਰ ਵਧੇਗੀ, ਜੇ ਪਹਿਲਾਂ ਪਹਿਲਾਂ ਕੀਮਤਾਂ ਕੁਝ ਘਟੀਆਂ ਤਾਂ ਮਗਰੋਂ ਜਾ ਕੇ ਉਚੇ ਮੁੱਲਾਂ ਤੇ ਚੜ੍ਹ ਜਾਣਗੀਆਂ। ਨਾਲ ਹੀ ਏਥੇ ਯੂਨੀਅਨ ਟੁੱਟਣਗੀਆਂ। ਜਿਸ ਦਾ ਸਿੱਧਾ ਅਸਰ ਘੱਟ ਤਨਖਾਹ ਰੇਟਾਂ ਵਿਚ ਨਿਕਲੇਗਾ, ਜਿਵੇਂ ਐਕਸਪੋ 86 ਦੀ ਉਸਾਰੀ ਸਮੇਂ ਹੋਇਆ। ਭਾਵੇਂ ਇਸ ਦੀ ਵੱਡੀ ਮਾਰ ਦਾ ਅਸਰ ਸਾਰੇ ਲੋਕਾਂ ਉਪਰ ਹੀ ਪਵੇਗਾ, ਪ੍ਰੰਤੂ ਇਸ ਦਾ ਬਹੁਤਾ ਮਾੜਾ ਅਸਰ ਇਮੀਗਰੇਂਟਾਂ ਉਪਰ ਪਵੇਗਾ, ਜਿਨ੍ਹਾਂ ਨੂੰ ਕੰਮ ਲਈ ਕਿਸੇ ਪਹਿਲ ਨਹੀਂ ਦੇਣੀ। ਜਿਹੜੇ ਲੋਕ ਆਮ ਮਿਹਨਤ ਵਾਲਾ ਜਸਮਾਨੀ ਕੰਮ ਕਰਦੇ ਹਨ, ਉਨ੍ਹਾਂ ਲਈ ਵੀ ਆਫਤ ਆਵੇਗੀ, ਕਿਉਂਕਿ ਫਿਰ ਨਵੇਂ ਟੈਕਨਾਲੋਜੀ ਵਧੇਰੇ ਵਰਤੋਂ ਵਿਚ ਆਵੇਗੀ।

ਕੈਨੇਡਾ ਦਾ ਅਮਰੀਕਾ ਨਾਲ ਹੁਣ 150 ਬਿਲੀਅਨ ਡਾਲਰ ਸਾਲਾਨਾ ਦਾ ਵਪਾਰ ਹੈ। ਕੈਨੇਡਾ ਆਪਣੀ ਪੈਦਾਵਾਰ ਦਾ ਬਾਹਰ ਭੇਜੇ ਜਾਣ ਵਾਲੇ ਸਾਮਾਨ ਦਾ ਤਿੰਨ ਚੌਥਾਈ ਅਮਰੀਕਾ ਨੂੰ ਭੇਜਦਾ ਹੈ ਅਤੇ ਅਮਰੀਕਾ ਆਪਣੇ ਬਾਹਰ ਭੇਜੇ ਜਾਣ ਵਾਲੇ ਮਾਲ ਦਾ ਪੰਜਵਾਂ ਹਿਸਾ ਕੈਨੇਡਾ ਨੂੰ ਭੇਜਦਾ ਹੈ।

ਪ੍ਰਧਾਨ ਰੇਗਨ ਨੇ ਅਮਰੀਕੀ ਕਾਂਗਰਸ ਨੂੰ ਖੁਲ੍ਹੇ ਵਪਾਰ ਦੀ ਆਗਿਆ ਦੇਣ ਲਈ ਲਿਖੇ ਪੱਤਰ ਵਿਚ ਲਿਖਿਆ ਹੈ ਕਿ, "ਜਿਵੇਂ ਕਿ ਤੁਹਾਨੂੰ ਪਤਾ ਹੈ ਕੈਨੇਡਾ ਸਾਡਾ ਵੱਡਾ ਵਪਾਰਕ ਭਾਈਵਾਲ ਵੀ ਹੈ ਅਤੇ ਬੜੀ ਤੇਜ਼ੀ ਨਾਲ ਉਸਰ ਰਹੀ ਨਿਰਿਆਤ ਮਾਰਕੀਟ ਵੀ ਹੈ।"

ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਹਿਲਾਂ ਹੀ ਇਸ ਤਰ੍ਹਾਂ ਦੇ ਘਾਟੇ ਵਾਲੇ ਵਪਾਰ ਸਦਕਾ ਕੈਨੇਡਾ ਦੀ ਆਰਥਕਤਾ ਦਾ ਭੱਠਾ ਬੈਠਾ ਹੋਇਆ ਹੈ, ਖੁਲ੍ਹਾ ਵਪਾਰ ਹੋ ਜਾਣ ਨਾਲ ਤਾਂ ਫਿਰ ਜੋ ਮਹਿਗਾਈ, ਬੇਰੁਜ਼ਗਾਰੀ ਦੀ ਗਲਤ ਪੈਦਾ ਹੋਵੇਗੀ, ਉਸ ਕਾਰਨ, ਜੁਰਮਾਂ ਵਿਚ ਵਾਧਾ ਹੋਵੇਗਾ, ਸਮਾਜੀ ਮੁਸ਼ਕਲਾਂ ਪਰੇਸ਼ਾਨੀਆਂ ਅਤੇ ਖੁਦਕਸ਼ੀਆਂ ਨੂੰ ਜਨਮ ਦੇਣਗੀਆਂ। ਜਿਨ੍ਹਾਂ ਵਿਚੋਂ ਨਿਕਲਣ ਲਈ ਕਰੜੇ ਸੰਘਰਸ਼ਾਂ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ।

# ਬੰਦ ਸਕੀਮਾਂ ਮੁੜ ਚਾਲੂ ਹੋਣਗੀਆਂ

ਦੀਨਾਨਗਰ — ਨਜ਼ਦੀਕੀ ਪਿੰਡ ਅਵਾਖਾਂ ਵਿਖੇ ਇਕ ਪੇਂਡੂ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਅਕਾਲੀ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਕਈ ਨਵੀਆਂ ਸਕੀਮਾਂ ਤਿਆਰ ਕੀਤੀਆਂ ਹਨ ਅਤੇ ਪਿਛਲੀ ਅਕਾਲੀ ਸਰਕਾਰ ਵਲੋਂ ਲਾਗੂ ਸਕੀਮਾਂ, ਜਿਨ੍ਹਾਂ ਨੂੰ ਕਾਂਗਰਸ ਸਰਕਾਰ ਨੇ ਬੰਦ ਕਰ ਦਿੱਤਾ ਸੀ, ਮੁੜ ਚਾਲੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਸਰਕਾਰ, ਪਿੰਡਾਂ ਵਿਚ ਲੋਕਾਂ ਦੀ ਸਹੂਲਤ ਲਈ ਧਰਮਸ਼ਲਾਵਾਂ ਤਿਆਰ ਕਰਕੇ ਦਿੰਦੀ ਹੈ, ਪਰ ਅਕਾਲੀ ਸਰਕਾਰ ਪਿੰਡਾਂ ਦੇ ਲੋਕਾਂ ਨੂੰ ਵਿਆਹ-ਸ਼ਾਦੀਆਂ ਲਈ ਜੰਜਘਰ ਵੀ ਤਿਆਰ ਕਰ ਕੇ ਦੇਵੇਗੀ। ਡਿਪਟੀ ਸਪੀਕਰ ਨੇ ਕਿਹਾ ਕਿ ਅਕਾਲੀ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਉਪਰਾਲੇ ਕਰ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਜ਼ਿਲਾ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਵਲੋਂ ਇਹ ਵਿਸ਼ੇਸ਼ ਹਦਾਇਤ ਜਾਰੀ ਕੀਤੀ ਗਈ ਹੈ ਕਿ ਉਹ ਲੋਕਾਂ ਦੀਆਂ ਦੁਖ-ਤਕਲੀਫਾਂ ਸੁਣ ਕੇ ਉਨ੍ਹਾਂ ਦੇ ਮੌਕੇ 'ਤੇ ਹੀ ਨਿਪਟਾਰਾ ਕਰਨ ਤਾਂ ਜੋ ਲੋਕਾਂ ਨੂੰ ਬਿਨਾਂ ਵਜ੍ਹਾ ਚੰਡੀਗੜ੍ਹ ਦੇ ਚੱਕਰ ਨਾ ਕੱਟਣੇ ਪੈਣੇ।

# ਸਭਿਆਚਾਰ ਵਿਚ ਰਾਜਨੀਤਕ ਵਿਗਾੜ

**ਪ੍ਰੋ: ਪਿਆਰਾ ਸਿੰਘ ਭੋਗਲ**

ਪਟਿਆਲੇ ਵਿਚ ਸਭਿਆਚਾਰਕ ਮੇਲਾ ਹੋ ਰਿਹਾ ਸੀ, ਜਿਸ ਦਾ ਮਨੋਰਥ ਸਰਕਾਰੀ ਪ੍ਰਧੰਕਾਂ ਮੁਤਾਬਕ, ਸਭਿਆਚਾਰਾਂ ਦੇ ਸੰਜੋਗ ਰਾਹੀਂ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨਾ ਸੀ।

ਦੂਜੇ ਪਾਸੇ ਹਰਿਆਣੇ ਦੇ ਪ੍ਰਤੀਨਿਧ ਅਤੇ ਵਕੀਲ ਅੱਡੀ ਚੋਟੀ ਦਾ ਜ਼ੋਰ ਲਾ ਕੇ ਮੈਥਿਊ ਕਮਿਸ਼ਨ ਨੂੰ ਇਸ ਗੱਲ ਲਈ ਮਨਾ ਰਹੇ ਸਨ ਕਿ ਕਿਸੇ ਤਰ੍ਹਾਂ ਅਬੋਹਰ ਤੇ ਫਾਜ਼ਿਲਕਾ ਹਿੰਦੀ ਬੋਲਦੇ ਇਲਾਕੇ ਮੰਨ ਲਏ ਜਾਣ ਅਤੇ ਕਮਿਸ਼ਨ ਇਨ੍ਹਾਂ ਦੇ ਸੋ ਤੋਂ ਵੱਧ ਪਿੰਡ ਹਰਿਆਣੇ ਨੂੰ ਦੇ ਦੇਵੇ।

ਇਕ ਪਾਸੇ ਸਭਿਆਚਾਰਕ ਦੋਸਤੀ ਰਾਹੀਂ ਭਾਰਤੀ ਲੋਕ ਨੇੜੇ ਨੇੜੇ ਲਿਆਉਣ ਦੇ ਦਾਅਵੇ ਹੋ ਰਹੇ ਹਨ, ਤੇ ਦੂਜੇ ਇਕ ਜੱਜ ਸਾਹਮਣੇ ਅਜੀਬ ਦਲੀਲਾਂ ਦੇ ਕੇ ਪੰਜਾਬ ਅਤੇ ਹਰਿਆਣੇ ਵਿਚਕਾਰ ਖਿਚੋਤਾਣ ਪੈਦਾ ਕੀਤੀ ਜਾ ਰਹੀ ਹੈ।

### ਸਵਾਲਾਂ ਦਾ ਸਵਾਲ

ਕੁਝ ਸੌ ਨ੍ਰਿਤ ਕਾਰ ਅਤੇ ਦਸਤਕਾਰ ਨੱਚ ਕੇ ਅਤੇ ਆਪਣੀ ਸਦੀਆਂ ਪੁਰਾਣੀ ਦਸਤਕਾਰੀ ਦੇ ਨਮੂਨੇ ਦਿਖਾ ਕੇ ਕਿੰਨੀ ਕੁ ਸਭਿਆਚਾਰਕ ਸਾਂਝ ਦੀ ਭਾਵਨਾ ਜਗਾਉਣਗੇ, ਇਹ ਪ੍ਰਸ਼ਨ ਤਾਂ ਅਜੇ ਜਵਾਬ - ਤਲਬ ਹੈ। ਪਰ ਜੋ ਕੁਝ ਮੈਥਿਊ ਕਮਿਸ਼ਨ ਦੇ ਰੂਬਰੂ ਹਰਿਆਣਾ ਕਰ ਰਿਹਾ ਹੈ ਉਹ ਬਿਨਾਂ ਸ਼ੱਕ ਸੂਬਾਈ ਤੁਅੱਸਬ ਅਤੇ ਫਿਰਕੂ ਸੋਚ ਨੂੰ ਉਭਾਰਨ ਵਾਲਾ ਹੈ। ਹਰਿਆਣਾ ਬਹੁਤ ਘਟੀਆ ਰਾਜਨੀਤੀ ਤੋਂ ਕੰਮ ਲੈ ਕੇ ਅਬੋਹਰ ਤੇ ਫਾਜ਼ਿਲਕਾ ਦੇ ਇਲਾਕੇ ਵਿਚ ਫਿਰਕਪ੍ਰਸਤੀ ਉਭਾਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਘਟੀਆ ਰਾਜਨੀਤੀ ਹਰਿਆਣੇ ਦੀ ਕਾਂਗਰਸ ਸਰਕਾਰ ਚਲਾ ਰਹੀ ਹੈ ਜਦੋਂ ਕਿ ਕਾਂਗਰਸ ਦਾ ਪ੍ਰਧਾਨ ਅਤੇ ਕਾਂਗਰਸੀ ਪ੍ਰਧਾਨ ਮੰਤਰੀ ਸੂਬਿਆਂ ਵਿਚਕਾਰ ਦੋਸਤੀ ਦੀਆਂ ਤੰਦਾਂ ਮਜ਼ਬੂਤ ਕਰਨ ਲਈ ਸਭਿਆਚਾਰ ਦਾ ਸਹਾਰਾ ਲੈ ਰਿਹਾ ਹੈ।

ਸਵਾਲਾਂ ਦਾ ਸਵਾਲ ਇਹ ਹੈ ਕਿ ਅਬੋਹਰ ਤੇ ਫਾਜ਼ਿਲਕਾ ਦਾ ਸਵਾਲ ਕਿਉਂ ਸਭਿਆਚਾਰ ਦੇ ਆਧਾਰ ਉਤੇ ਹੱਲ ਹੀਂ ਕੀਤਾ ਜਾ ਰਿਹਾ? ਕਿਉਂ ਇਸ ਨੂੰ ਸੂਬਾਈ ਰਾਜਨੀਤੀ ਅਤੇ ਫਿਰਕਾਪ੍ਰਸਤੀ ਦਾ ਰੰਗ ਦਿੱਤਾ ਜਾ ਰਿਹਾ ਹੈ?

ਹਰਿਆਣੇ ਨੇ ਪਹਿਲਾਂ ਇਹ ਜ਼ਿੱਦ ਕੀਤੀ ਕਿ 1961 ਈ. ਦੀ ਮਰਦਮ ਸ਼ੁਮਾਰੀ ਨੂੰ ਆਧਾਰ ਬਣਾਇਆ ਜਾਏ। ਕੌਣ ਨਹੀਂ ਜਾਣਦਾ ਕਿ 1961 ਈ. ਅਤੇ ਇਸ ਤੋਂ ਪਹਿਲਾਂ 1951 ਈ. ਦੀ ਮਰਦਮ ਸ਼ੁਮਾਰੀ ਫਿਰਕਾਦਾਰਾਨਾ ਸੀ? ਜੇ 1961 ਈ. ਦੀ ਮਰਦਮ ਸ਼ੁਮਾਰੀ ਨੂੰ ਹੀ ਆਧਾਰ ਬਣਾਉਣਾ ਹੈ ਤਾਂ ਪੰਜਾਬ ਦੇ ਤਿੰਨ ਵੱਡੇ ਸ਼ਹਿਰ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਹਿੰਦੀ ਬੋਲਦੇ ਹਨ। ਕੋਈ ਅਕਲ ਦਾ ਅੰਨ੍ਹਾ ਅਤੇ ਅਹਿਮਕ ਹੀ ਇਹ ਮੰਨੇਗਾ ਕਿ ਇਹ ਸ਼ਹਿਰ ਹਿੰਦੀ ਬੋਲਦੇ ਹਨ। ਹਾਂ ਇਹ ਹਿੰਦੂ ਬਹੁਗਿਣਤੀ ਵਾਲੇ ਸ਼ਹਿਰ ਜ਼ਰੂਰ ਹਨ। ਇਉਂ ਹੀ ਅਬੋਹਰ ਤੇ ਫਾਜ਼ਿਲਕਾ ਹਿੰਦੂ ਬਹੁਗਿਣਤੀ ਵਾਲੇ ਇਲਾਕੇ ਹਨ, ਪਰ ਹਿੰਦੀ ਬੋਲਣ ਵਾਲੇ ਇਲਾਕੇ ਨਹੀਂ। ਕਿਉਂ ਨਹੀਂ ਹਰਿਆਣਾ 1981 ਈ. ਦੀ ਮਰਦਮ ਸ਼ੁਮਾਰੀ ਦੇ ਅੰਕੜੇ ਪ੍ਰਵਾਨ ਕਰ ਲੈਂਦਾ? 1981 ਈ. ਵਿਚ ਪੰਜਾਬ ਵਿਚ ਅਕਾਲੀ ਸਰਕਾਰ ਨਹੀਂ ਸੀ। ਸ੍ਰੀ ਭਜਨ ਲਾਲ ਵਰਗੇ ਸ. ਦਰਬਾਰਾ ਸਿੰਘ ਦੀ ਹੀ ਸਰਕਾਰ ਸੀ। ਫਰਕ ਸਿਰਫ ਇਹ ਸੀ ਕਿ ਇਸ ਮਰਦਮ ਸ਼ੁਮਾਰੀ ਵਿਚ ਪੰਜਾਬ ਦੇ ਹਿੰਦੂ ਵੀਰਾਂ ਵਿਚ ਹਿੰਦੀ ਲਿਖਵਾਣ ਦੀ ਭੜਕਾਹਟ ਨਹੀਂ ਪੈਦਾ ਕੀਤੀ ਗਈ ਸੀ ਹਿੰਦੀ ਫੇਰ ਵੀ ਕੁਝ ਲੋਕਾਂ ਨੇ ਲਿਖਵਾਈ, ਪਰ ਬਹੁਗਿਣਤੀ ਨੇ ਸਹੀ ਸਹੀ ਆਪਣੀ ਬੋਲੀ ਲਿਖਵਾਈ। ਹਰਿਆਣਾ ਹੁਣ ਸੱਚ ਨੂੰ ਝੂਠ ਬਣਾਉਣੇ ਉਤੇ ਕਿਉਂ ਤੁਲਿਆ ਹੋਇਆ ਹੈ?

ਹੁਣ ਹਰਿਆਣੇ ਨੇ ਕਮਿਸ਼ਨ ਨੂੰ ਆਖਿਆ ਹੈ ਕਿ ਅਬੋਹਰ ਅਤੇ ਫਾਜ਼ਿਲਕਾ ਦੇ ਲੋਕਾਂ ਦਾ ਨਵੇਂ ਸਿਰਿਓਂ ਸਰਵੇਖਣ ਕਰਵਾਇਆ ਜਾਏ। ਪਰ ਸਰਵੇਖਣ ਦੀ ਤਜਵੀਜ਼ ਹਰਿਆਣਾ ਫਿਰਕੂ ਦ੍ਰਿਸ਼ਟੀਕੋਣ ਤੋਂ ਪੇਸ਼ ਕਰ ਰਿਹਾ ਹੈ। ਉਹ ਚਾਹੁੰਦਾ ਹੈ ਕਿ ਗੈਰ-ਪੰਜਾਬੀ ਅਤੇ ਗੈਰ-ਹਰਿਆਣਵੀ ਕਰਮਚਾਰੀ ਪਿੰਡ ਪਿੰਡ ਜਾ ਕੇ ਇਕ ਇਕ ਵਿਅਕਤੀ ਨੂੰ ਪੁੱਛਣ ਕਿ ਤੁਹਾਡੀ ਭਾਸ਼ਾ ਕੀ ਹੈ? ਪੰਜਾਬ ਨੇ ਜਵਾਬ ਵਿਚ ਕਿਹਾ ਹੈ ਕਿ ਜੇ ਸਰਵੇਖਣ ਕਰਵਾਇਆ ਹੀ ਹੈ ਤਾਂ ਭਾਸ਼ਾਈ ਸਰਵੇਖਣ ਕਰਵਾਇਆ ਜਾਏ। ਸਿਰਫ ਭਾਸ਼ਾਈ ਮਾਹਰ ਹੀ ਭੇਜੇ ਜਾਣ। ਪਰ ਹਰਿਆਣਾ ਭਾਸ਼ਾਈ ਮਾਹਰਾਂ ਦੀ ਥਾਂ ਆਮ ਸਰਕਾਰੀ ਕਰਮਚਾਰੀ ਭੇਜਣ ਦੀ ਜ਼ਿੱਦ ਕਿਉਂ ਕਰ ਰਿਹਾ ਹੈ? ਉਸ ਨੇ ਪਹਿਲਾਂ ਫਾਜ਼ਿਲਕਾ ਤਹਿਸੀਲ ਦੇ ਹਿੰਦੂ ਜਾਂ ਜਾਟ ਪਿੰਡਾਂ ਵਿਚ ਫਿਰਕੂ ਭੜਕਾਹਟ ਪੈਦਾ ਕੀਤੀ ਹੋਈ ਹੈ। ਉਹ ਹਿੰਦੂ ਜਾਂ ਜਾਟ ਬਹੁਗਿਣਤੀ ਵਾਲੇ ਪਿੰਡਾਂ ਦੇ ਮੁਖੀਆਂ ਤੋਂ ਕਹਾਉਣਾ ਚਾਹੁੰਦਾ ਹੈ ਕਿ ਉਨ੍ਹਾਂ ਹਰਿਆਣੇ ਵਿਚ ਜਾਣਾ ਹੈ।

ਉਂਜ ਹਰਿਆਣੇ ਨੂੰ ਫਾਜ਼ਿਲਕਾ ਨਾਲ ਮੋਹ ਨਹੀਂ। ਮੁਖ ਮੰਤਰੀ ਸ੍ਰੀ ਭਜਨ ਲਾਲ ਕਿਸੇ ਵੀ ਕੀਮਤ ਉਤੇ ਪੰਜਾਬ ਦਾ ਕਾਫੀ ਇਲਾਕਾ ਪੰਜਾਬ ਤੋਂ ਲੈਣਾ ਚਾਹੁਣਗੇ, ਤਾਂ ਕਿ ਆਪਣੇ ਰਾਜਨੀਤਕ ਸਮਰਥਕਾਂ ਅਤੇ ਵਿਰੋਧੀਆਂ, ਖਾਸ ਤੌਰ 'ਤੇ ਵਿਰੋਧੀਆਂ ਨੂੰ ਦਸ ਸਕਣ ਕਿ ਕੀ ਹੋਇਆ ਚੰਡੀਗੜ੍ਹ ਖੁਸ ਗਿਆ, ਬਦਲੇ ਵਿਚ ਅਸੀਂ ਕਾਫੀ ਇਲਾਕਾ ਲੈ ਲਿਆ ਹੈ।

### ਦੋ ਧਾਰਾਵਾਂ

ਇਕ ਉਲਝਣ ਭਰੀ ਗੱਲ ਇਹ ਹੈ ਕਿ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਤੈਅ ਹੋਏ ਸਮਝੌਤੇ ਵਿਚ ਦੋ ਅਲੱਗ ਅਲੱਗ ਧਾਰਾਵਾਂ ਪਈਆਂ ਹੋਈਆਂ ਹਨ। ਪਹਿਲੀ ਇਹ ਹੈ ਕਿ ਚੰਡੀਗੜ੍ਹ ਬਦਲੇ ਪੰਜਾਬ ਦੇ ਕੁਝ ਹਿੰਦੀ ਬੋਲਦੇ ਇਲਾਕੇ ਹਰਿਆਣੇ ਨੂੰ ਦਿੱਤੇ ਜਾਣਗੇ, ਤੇ ਇਨ੍ਹਾਂ ਇਲਾਕਿਆਂ ਦੀ ਚੋਣ ਕਰਨ ਲਈ ਕਮਿਸ਼ਨ ਬਣਾਇਆ ਜਾਏਗਾ। ਦੂਜੀ ਧਾਰਾ ਇਹ ਹੈ ਕਿ ਹਰਿਆਣੇ ਵਿਚ ਸ਼ਾਮਲ ਹੋ ਚੁੱਕੇ ਕੁਝ ਪੰਜਾਬੀ ਬੋਲਦੇ ਇਲਾਕਿਆਂ ਬਾਰੇ ਫੈਸਲਾ ਕਰਨ ਲਈ ਜਾਂ ਇਉਂ ਕਹਿ ਲਉ ਕਿ ਸਰਹੱਦਾਂ ਭਾਸ਼ਾ ਦੇ ਆਧਾਰ 'ਤੇ ਠੀਕ ਠੀਕ ਉਲੀਕਣ ਲਈ ਇਕ ਹੋਰ ਕਮਿਸ਼ਨ ਬਣਾਇਆ ਜਾਏਗਾ। ਜਦੋਂ ਇਹ ਸਮਝੌਤਾ ਹੋਇਆ ਸੀ ਤਾਂ ਅਸੀਂ ਇਸ ਦੀ ਡਟ ਕੇ ਹਮਾਇਤ ਕੀਤੀ ਸੀ। ਹਮਾਇਤ ਦਾ ਕਾਰਨ ਇਹ ਸੀ ਕਿ ਅਸੀਂ ਪੰਜਾਬ ਦੀ ਬੇਚੈਨੀ ਅਤੇ ਸਿੱਖਾਂ ਦੀ ਨਾਰਾਜ਼ਗੀ ਦੀ ਭਾਵਨਾ ਸ਼ਾਂਤ ਕਰਨਾ ਚਾਹੁੰਦੇ ਸਾਂ। ਇਹ ਬੇਚੈਨੀ ਕਾਂਗਰਸ ਨੇ ਆਪ ਹੀ ਚੋਣ-ਲਾਭਾਂ ਦੀ ਖਾਤਰ ਪੈਦਾ ਕੀਤੀ ਸੀ। ਇਸ ਨਾਲ ਸਿੱਖਾਂ ਦੀ ਅਤਿਅੰਤ ਬਦਨਾਮੀ ਅਤੇ ਪੰਜਾਬ ਦੀ ਬਰਬਾਦੀ ਹੋਈ ਸੀ। ਇਹ ਸਮਝੌਤਾ ਇਸ ਦੁਖਾਂਤ ਨੂੰ ਖਤਮ ਕਰਨ ਵੱਲ ਚੁੱਕਿਆ ਗਿਆ ਚੰਗਾ ਕਦਮ ਸੀ। ਪਰ ਮੈਥਿਊ ਕਮਿਸ਼ਨ ਅੱਗੇ ਪੇਸ਼ ਕੀਤੇ ਜਾ ਰਹੇ ਹਰਿਆਣੇ ਦੇ ਪੱਖ ਨੂੰ ਦੇਖ ਕੇ ਅਸੀਂ ਹੈਰਾਨ ਹੋ ਰਹੇ ਹਾਂ ਕਿ ਅਕਾਲੀਆਂ ਨੇ ਦੋ ਅਲੱਗ ਅਲੱਗ ਕਮਿਸ਼ਨਾਂ ਦੀ ਗੱਲ ਪ੍ਰਵਾਨ ਕਰਕੇ ਗਲਤੀ ਕੀਤੀ ਹੈ। ਕਮਿਸ਼ਨ ਇਕ ਹੀ ਹੋਣਾ ਚਾਹੀਦਾ ਸੀ ਜੋ ਦੋਨਾਂ ਸੂਬਿਆਂ ਦੀਆਂ ਸਰਹੱਦਾਂ ਉਤੇ ਹਿੰਦੀ ਬੋਲਦੇ ਅਤੇ ਪੰਜਾਬੀ ਬੋਲਦੇ ਪਿੰਡਾਂ ਦੀ ਚੋਣ ਕਰੇ। ਸਮਝੌਤਾ ਹੋਣ ਸਮੇਂ ਅਸੀਂ ਇਹ ਲਿਖਿਆ ਹੈ ਸੀ ਕਿ ਇਲਾਕਿਆਂ ਦਾ ਫੈਸਲਾ ਕਰਨ ਵਾਲੇ ਕਮਿਸ਼ਨ ਭਾਸ਼ਾਈ ਮਾਹਰਾਂ ਦੇ ਹੀ ਹੋਣ। ਪਰ ਕੇਂਦਰੀ ਸਰਕਾਰ ਨੇ ਇਕ ਜੱਜ ਨੂੰ ਕਮਿਸ਼ਨ ਦਾ ਮੁਖੀ ਬਣਾ ਦਿਤਾ। ਸਾਡੇ ਜੱਜ ਵਕੀਲਾਂ ਦੀਆਂ ਦਲੀਲਾਂ ਅਤੇ ਗਵਾਹੀਆਂ ਉਤੇ ਭਰੋਸਾ ਕਰਦੇ ਹਨ ਤੇ ਯਥਾਰਥ ਕੀ ਹੈ, ਇਹ ਆਪ ਪੜਤਾਲਣ ਦੀ ਕੋਸ਼ਿਸ਼ ਨਹੀਂ ਕਰਦੇ।

ਕੇਂਦਰੀ ਰਾਜਨੀਤਕ ਨੇਤਾ ਅਤੇ ਕਮਿਸ਼ਨ ਪੰਜਾਬ ਦੇ ਸਭਿਆਚਾਰਕ ਅਤੇ ਭਾਸ਼ਾਈ ਮਸਲਿਆਂ ਨੂੰ ਪਹਿਲਾਂ ਹੀ ਫਿਰਕੂ ਰੰਗਤ ਦਿੰਦੇ ਰਹੇ ਹਨ। ਪਹਿਲਾਂ ਪੈ ਚੁੱਕੀਆਂ ਉਲਝਣਾਂ ਹੀ ਹੁਣ ਤੱਕ ਹੱਲ ਨਹੀਂ ਹੋ ਰਹੀਆਂ।

1966 ਈ. ਦੀ ਹਰਿਆਣੇ ਅਤੇ ਪੰਜਾਬ ਦੀ ਹੱਦਬੰਦੀ ਇਕ ਕਮਿਸ਼ਨ ਨੇ ਕੀਤੀ ਸੀ, ਪਰ ਫੈਸਲਾ ਫਿਰਕੂ ਸੀ। ਉਦੋਂ ਆਧਾਰ 1961 ਈ. ਦੀ ਮਰਦਮ ਸ਼ੁਮਾਰੀ ਨੂੰ ਬਣਾਇਆ ਗਿਆ ਸੀ।

ਪਿਛੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਚੰਡੀਗੜ੍ਹ ਬਾਰੇ ਅਕਾਲੀਆਂ ਦੇ ਅੰਦੋਲਨ ਦੇਖ ਕੇ ਚੰਡੀਗੜ੍ਹ ਤਾਂ ਪੰਜਾਬ ਨੂੰ ਦੇਣਾ ਮੰਨ ਲਿਆ, ਪਰ ਅਬੋਹਰ ਤੇ ਫਾਜ਼ਿਲਕਾ ਹਰਿਆਣੇ ਨੂੰ ਦਿੱਤੇ ਜਾਣ ਦੀ ਸ਼ਰਤ ਲਾ ਦਿਤੀ। ਉਸ ਵੇਲੇ ਤਾਂ ਅਕਾਲੀ ਮੰਨ ਗਏ, ਪਰ ਪਿਛੋਂ ਲੋਕ-ਰਾਏ ਦੇਖ ਕੇ ਠਠੰਬਰ ਗਏ।

### ਭਾਵਨਾ

ਪ੍ਰਤੀਤ ਹੁੰਦਾ ਹੈ ਕਿ ਜਦੋਂ ਸ੍ਰੀ ਰਾਜੀਵ ਗਾਂਧੀ ਅਤੇ ਸੰਤ ਲੌਂਗੋਵਾਲ ਨੇ ਆਪੋ ਵਿੱਚੀਂ ਗੱਲਬਾਤ ਕੀਤੀ, ਤਾਂ ਕਿਉਂਕਿ ਦੋਨਾਂ ਨੇਤਾਵਾਂ ਦੀ ਭਾਵਨਾ ਇਨਸਾਫ ਦੇ ਨੇਮਾਂ ਦੇ ਆਧਾਰ ਉਤੇ ਇਲਾਕਿਆਂ ਦੀ ਠੀਕ ਠਾਕ ਅਦਲ ਬਦਲ ਦੀ ਸੀ, ਇਸ ਕਰਕੇ ਇਕ ਪਾਸੇ ਚੰਡੀਗੜ੍ਹ ਪੰਜਾਬ ਨੂੰ ਦਿੱਤੇ ਜਾਂਣ ਦੀ ਗੱਲ ਪ੍ਰਵਾਨ ਹੋ ਗਈ, ਨਾਲ ਹੀ ਇਹ ਗੱਲ ਵੀ ਪ੍ਰਵਾਨ ਹੋ ਗਈ ਕਿ ਹਰਿਆਣੇ ਦੀ ਸੀਮਾ ਦੇ ਨਾਲ ਨਾਲ ਜਿਹੜੇ ਪੰਜਾਬੀ-ਭਾਸ਼ੀ ਪਿੰਡ ਹਨ, ਉਹ ਪੰਜਾਬ ਨੂੰ ਦਿੱਤੇ ਜਾਣਗੇ, ਪਰ ਜੇ ਕੋਈ ਹਿੰਦੀ-ਭਾਸ਼ੀ ਇਲਾਕੇ ਪੰਜਾਬ ਵਿਚ ਹਨ ਤਾਂ ਉਹ ਵੀ ਹਰਿਆਣੇ ਨੂੰ ਦਿਤੇ ਜਾਣਗੇ। ਪਰ ਜਦੋਂ ਸਮਝੌਤਾ ਧਾਰਾ-ਵਾਰ ਲਿਖਿਆ ਜਾਣਾ ਸ਼ੁਰੂ ਹੋਇਆ ਤਾਂ ਚੰਡੀਗੜ੍ਹ ਬਾਰੇ ਸ੍ਰੀਮਤੀ ਇੰਦਰਾ ਗਾਂਧੀ ਦਾ ਐਵਾਰਡ ਸਾਹਮਣੇ ਆ ਗਿਆ। ਅਕਾਲੀ ਨੇਤਾ ਹੁਣ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਚੰਡੀਗੜ੍ਹ ਬਦਲੇ ਫਾਜ਼ਿਲਕਾ ਅਤੇ ਅਬੋਹਰ ਹਰਿਆਣੇ ਨੂੰ ਦਿੱਤੇ ਜਾਣਗੇ, ਜਿਵੇਂ ਪੰਦਰਾਂ ਸਾਲ ਪਹਿਲਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਉਨ੍ਹਾਂ ਨੂੰ ਮੰਨਣ ਲਈ ਮਜ਼ਬੂਰ ਕਰ ਲਿਆ ਸੀ। ਉਹ ਇਹ ਮੰਨ ਗਏ ਕਿ ਜੇ ਕੋਈ ਹਿੰਦੀ-ਭਾਸ਼ੀ ਪਿੰਡ ਪੰਜਾਬ ਦੀ ਸੀਮਾ ਦੇ ਨਾਲ ਹਨ ਤਾਂ ਉਹ ਹਰਿਆਣੇ ਨੂੰ ਦਿੱਤੇ ਜਾਣਗੇ। ਅਕਾਲੀਆਂ ਦਾ ਮਤਲਬ ਫਾਜ਼ਿਲਕਾ ਤੇ ਅਬੋਹਰ ਦੇ ਪਿੰਡ ਨਹੀਂ ਸਨ।

ਪਰ ਕਿਉਂਕਿ ਸ੍ਰੀਮਤੀ ਇੰਦਰਾ ਗਾਂਧੀ ਕਦੇ ਫਾਜ਼ਿਲਕਾ ਤੇ ਅਬੋਹਰ ਹਰਿਆਣੇ ਨੂੰ ਦਿੱਤੇ ਜਾਣ ਦਾ ਐਲਾਨ ਕਰ ਗਏ ਸਨ ਤੇ ਕਿਉਂਕਿ ਸ੍ਰੀ ਭਜਨ ਲਾਲ ਕਈ ਸਾਲ ਤੋਂ ਉਚੀ ਉਚੀ ਐਲਾਨ ਕਰਦੇ ਰਹੇ ਸਨ ਕਿ ਅੱਵਲ ਤਾਂ ਚੰਡੀਗੜ੍ਹ ਪੰਜਾਬ ਨੂੰ ਦਿਤਾ ਹੀ ਨਹੀਂ ਜਾਏਗਾ, ਜੇ ਦਿੱਤਾ ਗਿਆ ਤਾਂ ਬਦਲੇ ਵਿਚ ਅਬੋਹਰ ਤੇ ਫਾਜ਼ਿਲਕਾ ਲਏ ਜਾਣਗੇ, ਇਸ ਕਰਕੇ ਹੁਣ ਉਹ ਆਪਣੇ ਵਕੀਲਾਂ ਅਤੇ ਪ੍ਰਤੀਨਿਧਾਂ ਰਾਹੀਂ ਸਾਰਾ ਧਿਆਨ ਅਬੋਹਰ-ਫਾਜ਼ਿਲਕਾ ਉਤੇ ਦੇ ਰਹੇ ਹਨ, ਤੇ ਇਸ ਨੂੰ ਸਿੱਖ-ਹਿੰਦੂ ਸਵਾਲ ਬਣਾ ਰਹੇ ਹਨ।

ਫੈਸਲਾ ਤਾਂ ਕਮਿਸ਼ਨ ਨੇ ਕਰਨਾ ਹੈ। ਇਹ ਪਤਾ ਨਹੀਂ ਫੈਸਲਾ ਠੀਕ ਹੁੰਦਾ ਹੈ ਜਾਂ ਗਲਤ। ਆਸ ਕਰਨੀ ਚਾਹੀਦੀ ਹੈ ਕਿ ਫੈਸਲਾ ਠੀਕ ਹੋਵੇਗਾ।

ਪਰ ਸਾਨੂੰ ਇਹ ਸੋਚ ਕੇ ਬਹੁਤ ਦੁੱਖ ਹੋ ਰਿਹਾ ਹੈ ਕਿ ਭਾਸ਼ਾ ਅਤੇ ਸਭਿਆਚਾਰ ਦੀ ਰਾਜਨੀਤਕ ਨੇਤਾਵਾਂ ਦੇ ਹੱਥਾਂ ਵਿਚ ਕੀ ਦੁਰਗਤ ਹੋ ਰਹੀ ਹੈ?

ਭਾਸ਼ਾ ਅਤੇ ਸਭਿਆਚਾਰਕ ਚੇਤਨਾ ਲੋਕਾਂ ਵਿਚਕਾਰ ਭਾਵਨਾਤਮਕ ਏਕਤਾ ਦੀ ਭਾਵਨਾ ਜਗਾਉਂਦੇ ਹਨ, ਪਰ ਪੰਜਾਬ ਅਤੇ ਆਂਢ-ਗੁਆਂਢ ਦੇ ਉਤਰ-ਪੱਛਮੀ ਭਾਰਤ ਵਿਚ ਭਾਸ਼ਾ ਧਰਮ ਨਾਲ ਜੋੜ ਦਿਤੀ ਗਈ ਹੈ। ਸਭਿਆਚਾਰ ਦਾ ਮਤਲਬ ਸਿਰਫ ਇਹ ਰਹਿ ਗਿਆ ਹੈ ਕਿ ਭੰਗੜਾ, ਗਿੱਧਾ ਤੇ ਝੁੰਮਰ ਪੁਆ ਲਿਆ, ਪੁਤਲੀਆਂ ਦਾ ਨਾਚ ਕਰਵਾ ਲਿਆ, ਮੱਕੀ ਦੀ ਰੋਟੀ ਅਤੇ ਸਾਗ ਦੇ ਸਟਾਲ ਲੁਆ ਦਿੱਤੇ।

ਖੇਤਰੀ ਸਭਿਆਚਾਰਕ ਕੇਂਦਰ ਖੋਲ੍ਹਣ ਦਾ ਕੀ ਭਾਵ ਹੈ ਕਿ ਜੇ ਸੂਬਿਆਂ ਨੇ ਆਪਣੇ ਇਲਾਕਾਈ ਝਗੜੇ ਨਿਰੋਲ ਭਾਸ਼ਾ ਅਤੇ ਸਭਿਆਚਾਰ ਦੇ ਆਧਾਰ ਉਤੇ ਹੱਲ ਨਹੀਂ ਕਰਨੇ? ਕਿਉਂ ਰਾਜਨੀਤਕ ਆਗੂਆਂ ਤੇ ਫਿਰਕਾਦਾਰਨਾ ਸੋਚਾਂ ਨੂੰ ਇਨ੍ਹਾਂ ਮਾਮਲਿਆਂ ਉਤੇ ਭਾਰੂ ਹੋਣ ਦੀ ਆਗਿਆ ਦਿਤੀ ਜਾ ਰਹੀ ਹੈ?

### ਸਹੀ ਤਰੀਕੇ

ਆਪਣੇ ਇਕ ਪਿਛਲੇ ਲੇਖ ਵਿਚ ਅਸੀਂ ਤਜਵੀਜ਼ ਪੇਸ਼ ਕੀਤੀ ਸੀ ਕਿ 'ਖੇਤਰੀ ਸਭਿਆਚਾਰਕ ਕੇਂਦਰ" ਦੀ ਵਿਉਂਤ-ਬੰਦੀ ਅਤੇ ਸੰਚਾਲਨ ਦਾ ਕੰਮ ਰਾਜਨੀਤਕ ਨੇਤਾਵਾਂ ਅਤੇ ਅਫਸਰਾਂ ਦੇ ਹੱਥਾਂ ਵਿਚ ਨਾ ਦਿਤਾ ਜਾਏ, ਸਗੋਂ ਲੇਖਕਾਂ, ਕਲਾਕਾਰਾਂ ਅਤੇ ਵਿਦਵਾਨਾਂ ਦੇ ਹੱਥਾਂ ਵਿਚ ਦਿਤਾ ਜਾਏ। ਪਰ ਉਹ ਤਜਵੀਜ਼ ਪ੍ਰਵਾਨ ਨਹੀਂ ਹੋਈ। ਪਟਿਆਲੇ ਦੇ ਤਿੰਨ ਦਿਨਾਂ ਦੇ ਸਭਿਆਚਾਰਕ ਉਤਸਵ ਵਿਚ ਮਾੜੀ ਗੱਲ ਕੋਈ ਨਹੀਂ ਹੋਈ। ਸੈਂਕੜੇ ਕਲਾਕਾਰਾਂ ਅਤੇ ਦਸਤਕਾਰਾਂ ਨੇ ਆਪਣੇ ਹੁਨਰ ਦਿਖਾਏ। ਪਰ ਕੀ ਇਹ ਅੰਤਰ ਯੂਨੀਵਰਸਿਟੀ ਯੁਵਕ-ਮੇਲੇ ਵਰਗਾ ਹੀ ਮੇਲਾ ਨਹੀਂ ਸੀ? ਇਹੋ ਜਿਹੇ ਤਮਾਸ਼ੇ ਅਤੇ ਨੁਮਾਇਸ਼ਾਂ ਤਾਂ ਪਹਿਲਾਂ ਵੀ ਹੁੰਦੀਆਂ ਹਨ। ਇਸ ਉਤਸਵ ਨੇ ਅਤੇ ਸਭਿਆਚਾਰਕ ਕੇਂਦਰ ਨੇ ਪੰਜਾਬ ਵਿਚ ਅਤੇ ਬਾਕੀ ਖੇਤਰ ਵਿਚ ਕਿਹੜੇ ਨਵੇਂ ਵਿਚਾਰ ਉਭਾਰੇ? ਇਨ੍ਹਾਂ ਨੇ ਅੱਜ ਦੇ ਲੋਕਾਂ ਨੂੰ ਕਿਹੜੀਆਂ ਗਲਤ ਸੋਚਾਂ ਛੱਡਣ ਲਈ ਅਤੇ ਕਿਹੜੀਆਂ ਸਹੀ, ਮਾਨਵੀ, ਅਗਾਂਹਵਧੂ ਅਤੇ ਭਾਰਤੀ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਵਾਲੀਆਂ ਸੋਚਾਂ ਉਭਾਰੀਆਂ? ਆਮ ਜਨਤਾ ਨੂੰ ਤਾਂ ਛੱਡ ਦਿਓ। ਇਸ ਮੇਲੇ ਨੇ ਕੀ ਨੇਤਾਵਾਂ ਅਤੇ ਅਫਸਰਾਂ ਨੂੰ ਇਹੋ ਜਿਹੀ ਰਾਜਨੀਤੀ ਅਪਣਾਈ ਰੱਖਣ ਲਈ ਸ਼ਰਮਿੰਦਾ ਕੀਤਾ, ਜੋ ਲੋਕਾਂ ਵਿਚਕਾਰ ਨਫਰਤਾਂ ਭੜਕਾਉਂਦੀ ਹੈ ਤੇ ਮਾਨਵੀ ਏਕਤਾ ਨੂੰ ਸੱਟ ਮਾਰਦੀ ਹੈ? ਨਹੀਂ, ਇਹ ਸਭ ਕੁਝ ਨਹੀਂ ਹੋਇਆ।

ਸੰਤ ਹਰਚੰਦ ਸਿੰਘ ਲੌਂਗੋਵਾਲ ਫਿਰਕਿਆਂ ਦੀ ਏਕਤਾ ਅਤੇ ਸੂਬਿਆਂ ਦੀ ਏਕਤਾ ਦੀ ਖਾਤਰ ਸਮਝੌਤਾ ਕਰਕੇ ਸ਼ਹੀਦ ਹੋ ਗਏ। ਉਸ ਸਮਝੌਤੇ ਤੋਂ ਬਾਅਦ ਨੇਤਾ ਅਤੇ ਕਮਿਸ਼ਨ ਨਫਰਤਾਂ ਨਾ ਭੜਕਾਉਣ, ਦੋਸਤੀ ਉਭਾਰਨ। ਇਹ ਤਾਂ ਹੋ ਸਕਦਾ ਹੈ ਜੇ ਅਸੂਲ ਅਤੇ ਤਰੀਕੇ ਸਹੀ ਅਪਣਾਏ ਜਾਣ।

# ਪੰਜਾਬ ਸਮਝੌਤਾ ਲਾਗੂ ਕਰਨ ਦੀ ਮੰਗ

ਭੀਖੀ — ਜਥੇਦਾਰ ਅਵਤਾਰ ਸਿੰਘ ਜੋਗਾ ਜਨਰਲ ਸਕੱਤਰ ਅਕਾਲੀ ਦਲ ਭੀਖੀ ਸਰਕਲ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਮਝੌਤਾ ਉਸੇ ਭਾਵਨਾ ਨਾਲ ਲਾਗੂ ਕੀਤਾ ਜਾਵੇ ਜਿਸ ਨਾਲ ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਹ ਕੀਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਇਸ ਗੱਲ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ ਅਤੇ ਜੇਕਰ ਇਸ ਸਮਝੌਤੇ ਨੂੰ ਸਹੀ ਢੰਗ ਨਾਲ ਲਾਗੂ ਨਾ ਕੀਤਾ ਗਿਆ ਤਾਂ ਪੰਥ ਹੋਰ ਕੁਰਬਾਨੀਆਂ ਕਰਨ ਲਈ ਵੀ ਤਿਆਰ ਹੈ।

# ਸੀ. ਪੀ. ਆਈ. ਵਲੋਂ ਅਤਿਵਾਦੀ ਵਾਰਦਾਤਾਂ ਉਤੇ ਗੰਭੀਰ ਚਿੰਤਾ

ਚੰਡੀਗੜ੍ਹ — ਸੀ. ਪੀ. ਆਈ. ਦੀ ਪੰਜਾਬ ਇਕਾਈ ਨੇ ਰਾਜ ਵਿਚ ਅਤਿਵਾਦੀਆਂ ਵਲੋਂ ਕਤਲਾਂ ਅਤੇ ਲੁਟ ਖੋਹ ਦੀਆਂ ਵਾਰਦਾਤਾਂ ਵਿਚ ਵਾਧੇ ਉਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਗਿਆਨੀ ਸਾਹਿਬ ਸਿੰਘ ਉਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਹਮਲਾ ਬਹੁਤ ਹੀ ਘਿਨਾਉਣੀ ਕਾਰਵਾਈ ਹੈ।

ਪਾਰਟੀ ਦੇ ਸੱਕਤਰੇਤ ਨੇ ਸ੍ਰੀ ਨਾਜ਼ਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਪਾਸ ਕੀਤੇ ਮਤੇ ਵਿਚ ਕਿਹਾ ਹੈ ਕਿ ਸ੍ਰੀ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠਲੀ ਸ਼ਰੋਮਣੀ ਗੁ: ਪ੍ਰੰ: ਕਮੇਟੀ ਵੀ ਇਨ੍ਹਾਂ ਘਟਨਾਵਾਂ ਪ੍ਰਤੀ ਜ਼ਿਮੇਵਾਰੀ ਤੋਂ ਬਚ ਨਹੀਂ ਸਕਦੀ। ਪਾਰਟੀ ਨੇ ਦੋਸ਼ ਲਾਇਆ ਹੈ ਕਿ ਅਕਾਲੀ ਸਰਕਾਰ ਦੀ ਅਤਿਵਾਦੀਆਂ ਪ੍ਰਤੀ ਨਰਮਨੀਤੀ ਨਾਲ ਅਤਿਵਾਦੀਆਂ ਨੂੰ ਕੌਮ ਵਿਰੋਧੀ ਸਰਗਰਮੀਆਂ ਕਰਨ ਵਿਚ ਸ਼ਹਿ ਮਿਲਦੀ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਸ਼ਰੋਮਣੀ ਗੁ: ਪ੍ਰੰ: ਕਮੇਟੀ ਅਤੇ ਸਰਕਾਰ ਨੂੰ ਮਿਲ ਕੇ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਰੋਕਣ ਲਈ ਉਪਰਾਲਾ ਕਰਨਾ ਚਾਹੀਦਾ ਹੈ। ਰਾਜਸੀ ਪਾਰਟੀਆਂ ਅਤੇ ਜਥੇਬੰਦੀਆਂ ਦੇ ਦਫਤਰ ਅੰਮ੍ਰਿਤਸਰ ਵਿਚ ਕੰਪਲੈਕਸ ਦੇ ਅੰਦਰ ਨਹੀਂ ਰਹਿਣ ਦੇਣੇ ਚਾਹੀਦੇ। ਪਾਰਟੀ ਨੇ ਇਹ ਵੀ ਮੰਗ ਕੀਤੀ ਹੈ ਕਿ ਰੁਜ਼ਗਾਰ ਅਤੇ ਮੁੜ ਵਸੇਬੇ ਲਈ ਅਤਿਵਾਦੀ ਸਰਗਰਮੀਆਂ ਮੈਰਿਟ ਨਹੀਂ ਬਣਨੀਆਂ ਚਾਹੀਦੀਆਂ ਅਤੇ ਨਾ ਹੀ ਬਿਨਾਂ ਕਿਸੇ ਛਾਣਬੀਣ ਦੇ ਰਿਹਾਈਆਂ ਕਰਨੀਆਂ ਚਾਹੀਦੀਆਂ ਹਨ।

# ਅਕਾਲੀ ਦਲ (ਲੌਂਗੋਵਾਲ) ਵਿਚ ਸ਼ਾਂਮਲ ਨਹੀਂ ਹੋਵਾਂਗੇ— ਆਤਮਾ ਸਿੰਘ

ਅੰਮ੍ਰਿਤਸਰ — 'ਸੰਯੁਕਤ' ਅਕਾਲੀ ਦਲ ਦੇ ਸੀਨੀਅਰ ਨੇਤਾਵਾਂ ਸ੍ਰੀ ਆਤਮਾ ਸਿੰਘ ਤੇ ਉ ਉਜਾਗਰ ਸਿੰਘ ਸ਼ੇਖਵਾਂ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਉਹ ਅਕਾਲੀ ਦਲ (ਲੌਂਗੋਵਾਲ) ਵਿਚ ਵਾਪਸ ਜਾ ਰਹੇ ਹਨ। 'ਅਕਾਲੀ ਦਲ (ਲੌਂਗੋਵਾਲ) ਦੇ ਪ੍ਰੈਸ ਸੈਕਟਰੀ ਸੁਰਜੀਤ ਸਿੰਘ ਸੇਖੀ ਵਲੋਂ ਦਿਤੇ ਇਸ ਬਿਆਨ ਦਾ ਸਖਤ ਨੋਟਿਸ ਲੈਂਦਿਆਂ ਕਿ ਇਕ ਵਾਰ ਪਾਰਟੀ ਛੱਡ ਕੇ ਜਾਣ ਵਾਲੇ ਕਿਸੇ ਵੀ ਮੈਂਬਰ ਨੂੰ ਦੁਬਾਰਾ ਪਾਰਟੀ ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ।

# ਗੁਰੂ ਨਾਨਕ ਪ੍ਰਕਾਸ਼ ਉਤਸਵ ਮਨਾਇਆ

ਚੰਡੀਗੜ੍ਹ — ਸਿੱਖ ਵਿਮੈਨ ਵੈਲਫੇਸਰ ਸੁਸਾਇਟੀ ਵਲੋਂ ਸੈਕਟਰ 22 ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਉਤਸ਼ਾਹ ਨਾਲ ਮਨਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਨੇ ਇਸ ਵਕਤ ਲਗਭਗ ਤਿੰਨ ਘੰਟੇ ਪ੍ਰਸਿੱਧ ਰਾਗੀ ਜਥਿਆਂ ਤੇ ਕੀਰਤਨੀਆਂ ਦੇ ਸ਼ਬਦ ਗਾਇਨ ਤੇ ਅਲਾਹੀ ਕੀਰਤਨ ਰਸ ਮਾਣਿਆ।

ਸ੍ਰੀਮਤੀ ਪ੍ਰੇਮ ਜਗਿਆਸੂ ਦੇ ਗਾਏ ਸ਼ਬਦ 'ਅਵਲ ਅਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ' ਨੇ ਸਰੋਤਿਆਂ ਨੂੰ ਰੱਬੀ ਧੁਨ ਵਿਚ ਲੀਨ ਕਰ ਦਿਤਾ। ਇਸੇ ਤਰ੍ਹਾਂ ਹਲੀਨ ਤੇ ਲਵਲੀਨ (ਕੋਹਲੀ ਸਿਸਟਰਜ਼) ਨੇ 'ਜਾਹਿਰ ਪੀਰ, ਗੁਰੂ ਨਾਨਕ' 'ਕਹੁ ਨਾਨਕ ਸਭ ਤੇਰੀ ਵਡਿਆਈ', 'ਪ੍ਰਭੂ ਜੀ ਕਿਰਪਾ ਨਿਧਾਨ ਹਮ ਹਰੀਗੁਨ ਗਾਇਨ' ਦੇ ਸ਼ਬਦਾਂ ਦੀ ਸੁਰ ਤੇ ਲੈਅ ਨੇ ਪੂਰੇ ਪੰਡਾਲ ਵਿਚ ਸਰੋਤਿਆਂ ਨੂੰ ਇਕ ਚਿਤ ਤੇ ਇਕ ਮਨ ਹੋ ਕੇ ਸੁਣਨ 'ਤੇ ਮਜ਼ਬੂਰ ਕਰ ਦਿਤਾ।

# ਰਿਹਾਅ ਹੋਣ ਵਾਲੇ ਚਾਰ ਨੌਜਵਾਨ ਬੰਬ ਕਾਂਡ 'ਚ ਮੁੜ ਗ੍ਰਿਫਤਾਰ

ਪਟਿਆਲਾ — ਸ਼ੰਭੂ ਰੇਲਵੇ ਸਟੇਸ਼ਨ ਨੇੜੇ ਚਲਦੀ ਗੱਡੀ ਵਿਚ ਹੋਏ ਬੰਬ ਧਮਾਕੇ ਦੇ ਕੇਸ ਵਿਚ ਰੇਲਵੇ ਪੁਲੀਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਵਿਚ ਰੋਪੜ ਦੇ ਪਿੰਡ ਭਾਊਮਾਜਰਾ ਦਾ ਗੁਰਦੀਪ ਸਿੰਘ, ਰਾਜਪੁਰਾ ਦਾ ਜੋਗਿੰਦਰ ਪੱਪੀ, ਸਰਵਜੀਤ ਸਿੰਘ ਤੇ ਕੁਲਦੀਪ ਸਿੰਘ ਸ਼ਾਮਲ ਹਨ। ਇਹ ਵਿਅਕਤੀ ਹਾਲ ਹੀ ਵਿਚ ਜੇਲਾਂ ਤੋਂ ਰਿਹਾਅ ਹੋ ਕੇ ਆਏ ਹਨ। ਬੰਬ ਕਾਂਡ ਵਿਚ ਦੋ ਵਿਅਕਤੀ ਮੌਕੇ 'ਤੇ ਮਾਰੇ ਗਏ ਸਨ ਤੇ 22 ਜ਼ਖਮੀਂ ਹੋਏ। ਪਤਾ ਲੱਗਾ ਹੈ ਕਿ ਘਟਨਾ ਤੋਂ ਪਹਿਲਾਂ ਉਨ੍ਹਾ ਨੇ ਸਰਹਿੰਦ ਇਲਾਕੇ ਦੇ ਇਕ ਗੁਰਦੁਆਰੇ ਵਿਚ ਪਨਾਹ ਲਈ ਸੀ ਤੇ ਘਟਨਾ ਤੋਂ ਬਾਅਦ ਵੀ ਉਹ ਇਸੇ ਇਲਾਕੇ ਵਿਚ ਜਾ ਲੁਕੇ।

# ਐਸ. ਐਫ. ਆਈ. ਵਲੋਂ ਕਾਲਜਾਂ 'ਚ ਰੈਲੀਆਂ

ਬਠਿੰਡਾ — ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੱਦੇ 'ਤੇ ਪੰਜਾਬ ਭਰ 'ਚ ਮਨਾਏ ਪੰਦਰਵਾੜੇ ਤਹਿਤ ਬੀਤੇ ਦਿਨੀਂ ਗੌਰਮਿੰਟ ਰਾਜਿੰਦਰਾ ਕਾਲਜ ਬਠਿੰਡਾ, ਗੁਰੂ ਨਾਨਕ ਕਾਲਜ ਬੁਢਲਾਡਾ ਤੇ ਉਦਯੋਗਕ ਸਿਖਲਾਈ ਸੰਸਥਾ ਬਠਿੰਡਾ 'ਚ ਰੈਲੀਆਂ ਕੀਤੀਆਂ ਗਈਆਂ। ਇਹ ਜਾਣਕਾਰੀ ਫੈਡਰੇਸ਼ਨ ਦੀ ਸਥਾਨਕ ਇਕਾਈ ਦੇ ਸਕੱਤਰ ਗੁਰਉਪਦੇਸ਼ ਭੁੱਲਰ ਨੇ ਦਿਤੀ। ਇਨ੍ਹਾਂ ਰੈਲੀਆਂ ਨੂੰ ਫੈਡਰੇੱਨ ਦੇ ਜਨਰਲ ਸਕੱਤਰ ਤਾਰਾ ਸਿੰਘ ਸੰਧੂ ਤੋਂ ਇਲਾਵਾ ਰਣਜੀਤ ਢਿੱਲੋਂ ਆਦਿ ਨੇ ਸੰਬੋਧਨ ਕੀਤਾ। ਵਿਦਿਆਰਥੀ ਨੇਤਾਵਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਮੰਗਾਂ ਲਈ ਇਕ ਮੁੱਠ ਹੋਣ ਅਤੇ ਫਿਰਕਾਪ੍ਰਸਤੀ ਵਿਰੁਧ ਸੰਘਰਸ਼ ਦਾ ਸੱਦਾ ਦਿਤਾ।

# ਨਾਮਧਾਰੀਆਂ ਨੇ ਕਾਨੂੰਨੀ ਲੜਾਈ ਜਿੱਤੀ

ਦੋਰਾਹਾ — ਆਜ਼ਾਦੀ ਲਹਿਰ ਦੇ ਸੰਗਰਾਮੀਏ ਨਾਮਧਾਰੀ ਸੰਸਥਾ ਦੇ ਬਾਨੀ ਬਾਬਾ ਰਾਮ ਸਿੰਘ ਦੇ ਜਨਮ ਅਸਥਾਨ ਪਿੰਡ ਰਾਈਆਂ ਜ਼ਿਲਾ ਲੁਧਿਆਣਾ ਜਿਸ ਉਪਰ ਪਿਛਲੇ ਲਗਭਗ ਅੱਸੀ ਸਾਲਾਂ ਤੋਂ ਮਹੰਤਾਂ ਦਾ ਕਬਜ਼ਾ ਚਲਦਾ ਆ ਰਿਹਾ ਸੀ, ਨਾਮਧਾਰੀਆਂ ਵੱਲੋਂ ਲੰਬੇ ਸਮੇਂ ਤੋਂ ਕਾਨੂੰਨੀ ਲੜਾਈ ਲੜਦਿਆਂ ਆਖਰ ਇਹ ਜਿੱਤ ਪ੍ਰਾਪਤ ਕਰ ਲਈ ਹੈ ਕਿਉਂਕਿ ਸੁਪਰੀਮ ਕੋਰਟ ਨੇ ਪਿਛਲੇ ਹਫਤੇ ਨਾਮਧਾਰੀ ਸੰਸਥਾ ਦੇ ਹੱਕ ਵਿਚ ਇਸ ਅਸਥਾਨ ਦਾ ਫੈਸਲਾ ਦੇ ਦਿਤਾ ਹੈ।

1960 ਵਿਚ ਨਾਮਧਾਰੀ ਸੰਸਥਾ ਨੇ ਇਸ ਇਤਿਹਾਸਕ ਅਸਥਾਨ ਜਿਸ ਦਾ ਰਕਬਾ 1200 ਗਜ਼ ਹੈ ਉਤੇ ਆਪਣਾ ਹੱਕ ਜਿਤਾਇਆ ਸੀ। ਇਹ ਅਸਥਾਨ ਸ੍ਰੀ ਭੈਣੀ ਸਾਹਿਬ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਹੈ। ਪਰ ਕਾਬਜ਼ ਮਹੰਤਾਂ ਨੇ ਇਹ ਅਸਥਾਨ ਦੇਣ ਤੋਂ ਇਨਕਾਰ ਕਰ ਦਿਤਾ। ਜਿਸ ਕਾਰਨ ਉਦੋਂ ਤੋਂ ਹੀ ਇਹ ਮਾਮਲਾ ਆਮ ਅਦਾਲਤ ਤੋਂ ਲੈ ਕੇ ਹਾਈ ਕੋਰਟ ਤੇ ਸੁਪਰੀਕ ਕੋਰਟ ਤਕ ਪੁਜਿਆ। 1979 ਵਿਚ ਅਕਾਲੀ ਜਨਤਾ ਸਰਕਾਰ ਵੇਲੇ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਸ ਅਸਥਾਨ ਨਾਮਧਾਰੀ ਦਾ ਫੈਸਲਾ ਕਰਵਾ ਦਿਤਾ ਸੀ ਜਿਸ ਅਨੁਸਾਰ ਇਹ ਅਸਥਾਨ ਸੰਸਥਾ ਨੂੰ ਦੇਣ ਅਤੇ ਉਸ ਦੇ ਬਦਲੇ ਮਹੰਤਾਂ ਨੂੰ ਇਕ ਲੱਖ ਅੱਸੀ ਹਜ਼ਾਰ ਰੁਪਏ ਮੁਆਵਜ਼ੇ ਵਜੋਂ ਦੇਣ ਦਾ ਨਿਰਣਾ ਕੀਤਾ ਗਿਆ ਸੀ। ਉਸ ਮੌਕੇ ਸ. ਬਾਦਲ ਨੇ ਬਾਬਾ ਰਾਮ ਸਿੰਘ ਦੀਆਂ ਮਹਾਨ ਕੁਰਬਾਨੀਆਂ ਨੂੰ ਮੁੱਖ ਰੱਖਦਿਆਂ ਐਲਾਨ ਕੀਤਾ ਸੀ ਕਿ ਇਸ ਥਾਂ ਬਾਬਾ ਜੀ ਦੀ ਯਾਦ ਵਿਚ ਇਕ ਭਾਰੀ ਯਾਦਗਾਰ ਉਸਾਰੀ ਜਾਏਗੀ ਜਿਸ ਦਾ ਸਾਰਾ ਖਰਚਾ ਪੰਜਾਬ ਸਰਕਾਰ ਕਰੇਗੀ। ਪ੍ਰੰਤੂ ਕੁਝ ਚਿਰ ਪਿਛੋਂ ਅਕਾਲੀ ਸਰਕਾਰ ਟੁੱਟ ਗਈ ਤੇ ਕਾਂਗਰਸ ਦੀ ਸਰਕਾਰ ਆ ਗਈ ਜਿਸ ਨੇ ਇਸ ਪਾਸੇ ਵੱਲ ਧਿਆਨ ਨਾ ਦਿਤਾ ਤੇ ਇਹ ਮਸਲਾ ਮੁੜ ਅਦਾਲਤਾਂ ਵਿਚ ਜਾ ਵੜਿਆ।

ਮੌਜੂਦਾ ਫੈਸਲਾ ਉਪਰੰਤ ਮਹੰਤਾਂ ਪਾਸੋਂ ਕਬਜ਼ਾ ਲੈਣ ਦਾ ਮਸਲਾ ਸੀ। ਨਾਮਧਾਰੀ ਆਗੂ ਬਾਬਾ ਜਗਜੀਤ ਸਿੰਘ ਦੀ ਦਿਲੀ ਇੱਛਾ ਸੀ ਕਿ ਇਹ ਕਬਜ਼ਾ ਬਿਨਾਂ ਕਿਸੇ ਝਗੜੇ ਦੇ ਆਪਸੀ ਮਿਲਵਰਤਣ ਤੇ ਸਹਿਯੋਗ ਨਾਲ ਲਿਆ ਜਾਵੇ, ਕਿਉਂਕਿ ਅਕਸਰ ਇਹੋ ਜਿਹੇ ਮੌਕਿਆਂ ਉਪਰ ਭਾਰੀ ਝਗੜੇ ਤੇ ਫਸਾਦ ਹੁੰਦੇ ਰਹਿੰਦੇ ਹਨ। ਪਿੰਡ ਰਾਈਆਂ ਦੀ ਪੰਚਾਇਤ ਨੇ ਇਸ ਪੱਖੋਂ ਭਰਪੂਰ ਸਹਿਯੋਗ ਦਿਤਾ ਅਤੇ ਉਨ੍ਹਾਂ ਅਸਥਾਨ ਤੇ ਕਾਬਜ਼ ਮਹੰਤ ਮਸਤ ਰਾਮ ਤੇ ਉਨ੍ਹਾਂ ਦੇ ਸਾਥੀਆਂ ਨਾਲ ਗਲਬਾਤ ਕੀਤੀ। ਮਹੰਤ ਨੇ ਪੰਚਾਇਤ ਅਤੇ ਆਲੇ-ਦੁਆਲੇ ਦੇ ਹੋਰ ਪਿੰਡਾਂ ਦੇ ਪਤਵੰਤਿਆਂ ਦੀ ਗੱਲ ਵੀ ਮੰਨੀ ਤੇ ਆਪਣੇ ਪਰਿਵਾਰ ਸਮੇਤ ਸ੍ਰੀ ਭੈਣੀ ਸਾਹਿਬ ਜਾ ਕੇ ਬਾਬਾ ਜਗਜੀਤ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਬਾਬਾ ਰਾਮ ਸਿੰਘ ਦੇ ਅਸਥਾਨ ਦਾ ਕਬਜ਼ਾ ਸੰਭਾਲਣ। ਮਹੰਤ ਨੇ ਲੜੀ ਕਾਨੂੰਨੀ ਲੜਾਈ ਪ੍ਰਤੀ ਖਿਮਾਂ ਵੀ ਮੰਗੀ।

# ਸਮਕਾਲੀ ਲਿਖਦੇ ਹਨ:

## *ਅਕਾਲੀ ਰਾਜਨੀਤੀ ਲਈ ਚੰਗਾ ਸ਼ਗਨ*

ਸ੍ਰੀ ਗੁਰਚਰਨ ਸਿੰਘ ਟੌਹੜਾ 14ਵੀਂ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ ਉਨ੍ਹਾਂ ਦੀ ਚੋਣ ਨਾਲ ਅਕਾਲੀ ਰਾਜਨੀਤੀ ਦਾ ਭਵਿੱਖ ਸਪਸ਼ਟ ਹੋ ਗਿਆ ਜਾਪਦਾ ਹੈ। ਹੁਣ ਉਹ ਸ੍ਰੀ ਸੁਰਜੀਤ ਸਿੰਘ ਬਰਨਾਲਾ, ਸ੍ਰੀ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਪੱਕੇ ਸਾਥੀ ਬਣ ਕੇ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦਾ ਪੂਰਾ ਯਤਨ ਕਰਨਗੇ। ਦੋ ਗੱਲਾਂ ਹੋਰ ਵੀ ਨਿੱਖਰੀਆਂ ਹਨ। ਇਕ ਤਾਂ ਇਹ ਕਿ ਸ੍ਰੀ ਬਰਨਾਲਾ ਦਾ ਕੱਦ ਅਤੇ ਇਜ਼ੱਤ ਉਨ੍ਹਾਂ ਦੇ ਸਹਿਣਸ਼ੀਲ ਅਤੇ ਸਾਊ ਸੁਭਾਅ ਹੋਣ ਦੇ ਨਾਲ ਨਾਲ ਹੋਰ ਉਚਾ ਹੋ ਗਿਆ ਹੈ। ਉਨ੍ਹਾਂ ਦੀ ਦ੍ਰਿੜ੍ਹਤਾ ਦੀ ਛਾਪ ਪੰਜਾਬ ਰਾਜਨੀਤੀ ਉਤੇ ਲੱਗ ਗਈ ਹੈ। ਦੂਜੀ ਇਹ ਕਿ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਵਾਲੇ ਵਿਰੋਧੀ ਅਕਾਲੀ ਦਲ ਦੀ ਪਕੜ ਨਾ ਹੋਇਆਂ ਵਰਗੀ ਹੀ ਰਹਿ ਗਈ। ਮੰਦੇ ਭਾਗਾਂ ਨੂੰ ਸ੍ਰੀ ਪ੍ਰਕਾਸ਼ ਸਿੰਘ ਬਾਦਲ ਦਾ ਸਥਾਨ ਅਕਾਲੀ ਰਾਜਨੀਤੀ ਵਿਚ ਪਹਿਲਾਂ ਨਾਲੋਂ ਹੋਰ ਵੀ ਧੁੰਦਲਾ ਹੋ ਗਿਆ ਹੈ। ਸ੍ਰੀ ਟੌਹੜਾ ਦੀ ਚੋਣ ਨਾਲ ਉਹ ਪਹਿਲਾਂ ਨਾਲੋਂ ਵੀ ਇਕਲਵਾਂਝੇ ਹੋ ਗਏ ਜਾਪਦੇ ਹਨ। ਇਹ ਗੱਲ ਚੰਗੀ ਨਹੀਂ ਕਿਉਂਕਿ ਸ੍ਰੀ ਬਾਦਲ ਵਿਚ ਲੋਕਾਂ ਦੇ ਨੇਤਾ ਹੋਣ ਵਾਲਾ ਕਣ ਅਜੇ ਵੀ ਕਾਇਮ ਹੈ ਅਤੇ ਇਹ ਕਣ ਛੇਤੀ ਖਤਮ ਹੋਣ ਵਾਲਾ ਨਹੀਂ। ਹਾਂ, ਹਾਲ ਦੀ ਘੜੀ ਰਾਜਸੱਤਾ ਵਾਲੇ ਧੜੇ ਨੇ ਉਨ੍ਹਾਂ ਦੇ ਸਹਿਯੋਗ ਤੋਂ ਬਿਨਾਂ ਹੀ ਕੰਮ ਚਲਾਉਣ ਦਾ ਫੈਸਲਾ ਲੈ ਲਿਆ ਹੈ।

ਜਿੱਥੋਂ ਤਕ ਸ੍ਰੀ ਟੌਹੜਾ ਦੇ ਸਿਰ ਉਤੇ ਪਈ ਜ਼ਿੰਮੇਵਾਰੀ ਦਾ ਸਬੰਧ ਹੈ ਉਹ ਬਹੁਤ ਵੱਡੀ ਹੈ, ਪਹਿਲਾਂ ਨਾਲੋਂ ਬਹੁਤ ਵੱਡੀ। ਅਕਾਲੀ-ਜਨਤਾ ਸਰਕਾਰ ਸਮੇਂ ਉਨ੍ਹਾਂ ਦਾ ਕੋਈ ਰਕੀਬ ਨਹੀਂ ਸੀ। ਜੇ ਉਸ ਵੇਲੇ ਹਰਿਮੰਦਰ ਸਾਹਿਬ ਦੀ ਵਰਤੋਂ ਗੈਰ-ਧਾਰਮਿਕ ਆਸ਼ਿਆਂ ਲਈ ਕੀਤੀ ਵੀ ਜਾਂਦੀ ਹੋਵੇਗੀ ਤਾਂ ਉਸ ਵੇਲੇ ਉਂਗਲੀ ਕਰਨ ਦੀ ਹਿੰਮਤ ਕਿਸੇ ਵਿਚ ਨਹੀਂ ਸੀ। ਹਿੰਸਾ ਜਾਂ ਕਿਸੇ ਹੋਰ ਤਰ੍ਹਾਂ ਦੇ ਜੁਰਮ ਦੀ ਕੋਈ ਮਿਸਾਲ ਤਾਂ ਨਹੀਂ ਮਿਲਦੀ ਪਰ ਇਹ ਗੱਲ ਹੁਣ ਪ੍ਰਤੱਖ ਹੀ ਹੈ ਕਿ ਹਰਿਮੰਦਰ ਸਾਹਿਬ ਵਿਚ ਬਹੁਤ ਕੁਝ ਹੁੰਦਾ ਰਿਹਾ ਹੈ - ਨੀਲਾ ਤਾਰਾ ਅਪਰੇਸ਼ਨ ਤੋਂ ਪਹਿਲਾਂ ਵੀ ਅਤੇ ਪਿੱਛੋਂ ਵੀ। ਗਿਆਨੀ ਸਾਹਿਬ ਸਿੰਘ ਉਤੇ ਹਮਲਾ ਅਤੇ ਉਨ੍ਹਾਂ ਦੇ ਅੰਗ ਰੱਖਿਅਕ ਦਾ ਮਾਰਿਆ ਜਾਣਾ ਪਹਿਲੇ ਦੋਸ਼ਾਂ ਦਾ ਹੀ ਭੈੜਾ ਪ੍ਰਛਾਵਾਂ ਹੈ ਜਿਹੜੇ ਕਿ ਏਨੇ ਪਵਿੱਤਰ ਸਥਾਨ ਉਤੇ ਹੁੰਦੇ ਰਹੇ ਹਨ। ਹੁਣ ਜਦ ਕਿ ਅਕਾਲੀ ਦਲ ਦੇ ਸਿਰ ਉਤੇ ਰਾਜ ਵਿਚ ਅਮਨ ਅਤੇ ਚੈਨ ਕਾਇਮ ਰੱਖਣ ਦੀ ਪੂਰੀ ਜ਼ਿੰਮੇਵਾਰੀ ਆ ਪਈ ਹੈ ਤਾਂ ਹਰਿਮੰਦਰ ਸਾਹਿਬ ਵਿਚ ਹੋਣ ਵਾਲੀ ਕਿਸੇ ਘਟਨਾ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਅਕਾਲੀ ਦਲ ਵੀ ਨਹੀਂ ਚਾਹੁੰਦਾ ਕਿ ਗੁਰਦੁਆਰਿਆਂ ਵਿਚ ਪੁਲੀਸ ਦਾਖਲ ਹੋਵੇ। ਇਹ ਹੁਣ ਗੁਰਦੁਆਰਿਆਂ ਦੀ ਰੱਖਿਆ ਅਤੇ ਪ੍ਰਬੰਧ ਕਰਨ ਵਾਲਿਆਂ ਉਤੇ ਹੀ ਨਿਰਭਰ ਹੋ ਗਿਆ ਹੈ। ਸ੍ਰੀ ਟੌਹੜਾ ਇਸ ਵੇਲੇ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਉਨ੍ਹਾਂ ਨੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਦਾ ਵਚਨ ਵੀ ਦਿੱਤਾ ਹੈ। ਇਹ ਜ਼ਿੰਮੇਵਾਰੀ ਇਹੋ ਜਿਹੀ ਹੈ ਕਿ ਰਾਜ ਦੀ ਵਸੋਂ ਇਸ ਦੇ ਨਤੀਜੇ ਛੇਤੀ ਤੋਂ ਛੇਤੀ ਦੇਖਣ ਲਈ ਉਤਸੁਕ ਹੈ।

ਸੰਯੁਕਤ ਅਕਾਲੀ ਦਲ ਵਲੋਂ ਲਾਇਆ ਗਿਆ ਇਹ ਦੋਸ਼ ਕਿ ਸ੍ਰੀ ਗੁਰਚਰਨ ਸਿੰਘ ਟੌਹੜਾ ਦੀ ਚੋਣ ਇਕ ਤਰ੍ਹਾਂ ਨਾਲ ਦਿੱਲੀ ਦਰਬਾਰ ਦੀ ਜਿੱਤ ਹੈ, ਸੱਚਮੁੱਚ ਹੀ ਹਾਸੋਹੀਣਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾ ਹੀ ਪ੍ਰਧਾਨ ਮੰਤਰੀ ਅਤੇ ਨਾ ਹੀ ਕਾਂਗਰਸ ਦਾ ਹੱਥ-ਠੋਕਾ ਕਹੀ ਜਾ ਸਕਦੀ ਹੈ। ਇਹ ਗੱਲ ਵੱਖਰੀ ਹੈ ਕਿ ਕੇਂਦਰੀ ਸਰਕਾਰ ਨੂੰ ਇਸ ਗੱਲ ਦੀ ਥੋੜ੍ਹੀ ਖੁਸ਼ੀ ਹੋਈ ਹੋਵੇ ਕਿ ਮੁੱਖ ਮੰਤਰੀ ਸ੍ਰੀ ਬਰਨਾਲਾ ਦੇ ਹੱਥ ਮਜ਼ਬੂਤ ਹੋ ਗਏ ਹਨ। ਉਂਜ ਸ੍ਰੀ ਬਰਨਾਲਾ ਦੀਆਂ ਸਮੱਸਿਆਵਾਂ ਕੁਝ ਘਟੀਆਂ ਤਾਂ ਹਨ ਪਰ ਸਾਰੀਆਂ ਦਾ ਹੱਲ ਨਹੀਂ ਹੋਇਆ। ਉਨ੍ਹਾਂ ਨੇ ਹਾਲੇ ਆਪਣੇ ਮੰਤਰੀ-ਮੰਡਲ ਦਾ ਵਿਸਥਾਰ ਕਰਨਾ ਹੈ ਜਿਹੜਾ ਕਿ ਆਪਣੇ ਆਪ ਵਿਚ ਕੰਡਿਆਲਾ ਕੰਮ ਹੈ। ਹੁਣ ਤਕ ਉਨ੍ਹਾਂ ਨੇ ਸਾਰੀ ਸਥਿਤੀ ਨੂੰ ਬੜੀ ਰਾਜਨੀਤਕ ਸੂਝ ਅਤੇ ਦ੍ਰਿੜ੍ਹਤਾ ਨਾਲ ਨਿਭਾਇਆ ਹੈ ਪਰ ਆਉਣ ਵਾਲੇ 15 ਦਿਨਾਂ ਵਿਚ ਉਨ੍ਹਾਂ ਨੇ ਹੋਰ ਵਡੇਰੇ ਫੈਸਲੇ ਲੈਣੇ ਹਨ। ਮੈਥਿਊ ਕਮਿਸ਼ਨ ਦੀ ਸਿਰਦਰਦੀ ਵੀ ਹਾਲੀ ਮੁੱਕੀ ਨਹੀਂ। ਇਸ ਦੀ ਮਿਆਦ 15 ਜਨਵਰੀ ਤਕ ਵਧਾ ਦਿੱਤੀ ਗਈ ਹੈ। ਜਸਟਿਸ ਮੈਥਿਊ ਵੀ ਬਹੁਤ ਔਖੇ ਸੰਕਟ ਵਿਚੋਂ ਲੰਘ ਰਹੇ ਹਨ ਕਿਉਂਕਿ ਕਮਿਸ਼ਨ ਦੀਆਂ ਦਰਾਂ ਵਿਚ ਜਿਹੜਾ "ਹੋਰ ਮਾਮਲਿਆਂ" ਦਾ ਵਰਨਣ ਹੈ ਉਹ ਗੁੰਝਲਾਂ ਪੈਦਾ ਕਰ ਰਿਹਾ ਹੈ। ਇਸ ਗੁੱਥੀ ਨੂੰ ਸੁਲਝਾਉਣ ਵਾਸਤੇ ਵੀ ਪ੍ਰਧਾਨ ਮੰਤਰੀ ਨੂੰ ਹੀ [illegible] ਦਲੇਰੀ ਵਾਲਾ ਕਦਮ ਚੁੱਕਣਾ ਪਵੇਗਾ। ਜੇ ਕੇਂਦਰੀ ਸਰਕਾਰ ਸ੍ਰੀ ਬਰਨਾਲਾ ਦੀ ਸਰਕਾਰ ਤੋਂ ਲੋੜੀਂਦੇ ਨਤੀਜੇ ਵੇਖਣ ਦੀ ਇੱਛੁਕ ਹੈ ਤਾਂ ਕਮਿਸ਼ਨ ਦੀਆਂ ਸ਼ਰਤਾਂ ਵਿਚ "ਹੋਰ ਮਾਮਲਿਆਂ" ਵਾਲੀ ਸ਼ਰਤ ਕੱਢਣ ਦੀ ਸੰਭਾਵਨਾ ਉਤੇ ਵਧੇਰੇ ਗੌਰ ਕਰਨ ਦੀ ਲੋੜ ਹੈ। ਇਸ ਨਾਲ ਜਸਟਿਸ ਮੈਥਿਊ ਦਾ ਕੰਮ ਵੀ ਸੌਖਾ ਹੋ ਜਾਵੇਗਾ ਅਤੇ ਪੰਜਾਬ ਅਤੇ ਹਰਿਆਣੇ ਵਿਚਕਾਰ ਖਿੱਚੋਤਾਣ ਵੀ ਘਟੇਗੀ

ਧੰਨਵਾਦ ਸਹਿਤ 'ਪੰਜਾਬੀ ਟ੍ਰਿਬਿਊਨ' 'ਚੋਂ)।

# ਸੰਤ ਲੌਂਗੋਵਾਲ ਸਿੱਖਾਂ ਦੇ 'ਪੰਥ ਰਤਨ'

ਅੰਮ੍ਰਿਤਸਰ — ਸ਼ਰੋਮਣੀ ਗੁ: ਪ੍ਰਬੰਧ ਕਮੇਟੀ ਨੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀਆਂ ਸਿਖ ਪੰਥ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਮਰਨ ਉਪਰੰਤ ਸਭ ਤੋਂ ਉਚੇ ਰੁਤਬੇ "ਪੰਥ ਰਤਨ" ਨਾਲ ਨਿਵਾਜਿਆ। ਇਸ ਸਬੰਧ ਵਿਚ ਸ਼ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਇਥੇ ਇਕ ਮਤਾ ਪਾਸ ਕੀਤਾ। ਮਤੇ ਵਿਚ ਸੰਤ ਲੌਂਗੋਵਾਲ ਵਲੋਂ 'ਧਰਮ ਯੁੱਧ' ਮੋਰਚੇ ਵਿਚ ਪਾਏ ਹਿੱਸੇ ਤੇ ਪਾਰਟੀ ਪ੍ਰਧਾਨ ਵਜੋਂ ਕੀਤੇ ਕੰਮ ਦੀ ਭਰਪੂਰ ਪ੍ਰਸੰਸਾ ਕੀਤਾ।


FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233

- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK



15 Years Exp

YOU NEVER KNOW UNLESS YOU TRY

VISIT OR CALL



MR. GURU

# ਹੈਡ ਗਰੰਥੀ ਉਤੇ ਹੋਏ ਹਮਲੇ ਦੀ ਸਭ ਪਾਸਿਓਂ ਸਖਤ ਨਿਖੇਧੀ



ਗਿਆਨੀ ਸਾਹਿਬ ਸਿੰਘ ਬੁੱਧਵਾਰ ਨੂੰ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਗੋਲੀਆਂ ਨਾਲ ਜ਼ਖਮੀ ਹੋਣ ਪਿਛੋਂ ਗੁਰੂ ਤੇਗ ਬਹਾਦਰ ਹਸਪਤਾਲ ਵਿਚ

ਚੰਡੀਗੜ੍ਹ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਦਰਬਾਰ ਸਾਹਿਬ ਦੇ ਹੈਡ ਗਰੰਥੀ ਗਿਆਨੀ ਸਾਹਿਬ ਸਿੰਘ ਦੇ ਛੇਤੀ ਛੇਤੀ ਰਾਜ਼ੀ ਹੋਣ ਦੀ ਦੁਆ ਕੀਤੀ ਹੈ। ਚੇਤੇ ਰਹੇ ਕਿ ਗਿਆਨੀ ਸਾਹਿਬ ਸਿੰਘ ਦਰਬਾਰ ਸਾਹਿਬ ਕੰਪਲੈਕਸ ਅੰਦਰ ਇਕ ਹਮਲੇ ਵਿਚ ਜ਼ਖਮੀ ਹੋ ਗਏ ਸਨ।

ਪੰਜਾਬ ਦੇ ਮੁਖ ਸਕੱਤਰ ਰਾਹੀਂ ਹਨੋਈ ਤੋਂ ਭੇਜੇ ਇਕ ਸੰਦੇਸ਼ ਵਿਚ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਇਕ ਪਵਿਤਰ ਅਸਥਾਨ ਅੰਦਰ ਹਮਲਾਵਰਾਂ ਦੀ ਇਸ ਕਾਰਵਾਈ ਦੀ ਸਮੁਚਾ ਦੇਸ਼ ਨਿਖੇਧੀ ਕਰਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ: ਮੈਂ ਤੁਹਾਡੇ ਉਤੇ ਹੋਏ ਹਮਲੇ ਦੀ ਸਖਤ ਨਿੰਦਾ ਕਰਦਾ ਹਾਂ ਅਤੇ ਮੇਰੀ ਦੁਆ ਹੈ ਕਿ ਪਰਮਾਤਮਾ ਤੁਹਾਨੂੰ ਛੇਤੀ ਛੇਤੀ ਰਾਜ਼ੀ ਕਰੇ।

ਰਾਜ ਸਭਾ ਵਿਚ ਵੀ ਮੈਂਬਰਾਂ ਨੇ ਗਿਆਨੀ ਸਾਹਿਬ ਸਿੰਘ ਉਤੇ ਹਮਲੇ ਦੀ ਨਿੰਦਾ ਕੀਤੀ ਤੇ ਮੰਗ ਕੀਤੀ ਕਿ ਪੰਜਾਬ ਸਮਝੌਤੇ ਤੋਂ ਪਿਛੋਂ ਰਾਜ ਵਿਚ ਦਹਿਸ਼ਤਪਸੰਦਾਂ ਦੇ ਖਤਰੇ ਨੂੰ ਦੂਰ ਕਰਨ ਲਈ ਸਰਕਾਰ ਵਲੋਂ ਚੁਕੇ ਕਦਮਾਂ ਸਬੰਧੀ ਇਕ ਦੂਜਾ ਵਾਈਟ ਪੇਪਰ ਪ੍ਰਕਾਸ਼ਿਤ ਕੀਤਾ ਜਾਏ।

ਭਾਰਤੀ ਜਨਤਾ ਪਾਰਟੀ ਦੇ ਨੇਤਾ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੇ ਇਹ ਮਾਮਲਾ ਉਠਾਉਂਦਿਆਂ ਕਿਹਾ ਕਿ ਇਹ ਬਹੁਤ ਚਿੰਤਾ ਦੀ ਗੱਲ ਹੈ ਕਿ ਪੰਜਾਬ ਸਮਝੌਤੇ ਅਤੇ ਰਾਜ ਵਿਚ ਚੋਣਾਂ ਕਰਵਾਉਣ ਦੇ ਬਾਵਜੂਦ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਜਾਰੀ ਹਨ। ਹੁਕਮਰਾਨ ਪਾਰਟੀ ਦੇ ਇਕ ਹੋਰ ਮੈਂਬਰ ਸ੍ਰੀ ਕਪਿਲ ਵਰਮਾ ਨੇ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਅਤਿਵਾਦੀ ਜੋ ਦਰਬਾਰ ਸਾਹਿਬ ਦੀ ਪਵਿਤਰਤਾ ਦੀ ਰਾਖੀ ਲਈ ਹਰ ਕੁਰਬਾਨੀ ਕਰਨ ਲਈ ਕਹਿੰਦੇ ਸਨ, ਉਹ ਹੁਣ ਖੁਦ ਹੀ ਆਪਣੀਆਂ ਪਾਗਲਾਨਾ ਹਰਕਤਾਂ ਰਾਹੀਂ ਪਵਿਤਰ ਸਥਾਨ ਦੀ ਬੇਅਦਬੀ ਕਰ ਰਹੇ ਹਨ।

ਭਾਰਤੀ ਕਮਿਊਨਿਸਟ ਪਾਰਟੀ ਦੀ ਰਾਸ਼ਟਰੀ ਕੌਂਸਲ ਦੇ ਸਕੱਤਰ ਸ੍ਰੀ ਐਨ. ਕੇ. ਕ੍ਰਿਸ਼ਨਨ ਵਲੋਂ ਜਾਰੀ ਇਕ ਬਿਆਨ ਵਿਚ ਗਿਆਨੀ ਸਾਹਿਬ ਸਿੰਘ ਉਤੇ ਹੋਏ ਕਾਤਲਾਨਾ ਹਮਲੇ ਦੀ ਸਖਤ ਨਿੰਦਾ ਕੀਤੀ ਗਈ ਹੈ। ਰਾਜਧਾਨੀ ਦੀਆਂ ਦਸ ਉਘੀਆਂ ਸਿੱਖ ਜਥੇਬੰਦੀਆਂ ਨੇ ਗਿਆਨੀ ਸਾਹਿਬ ਸਿੰਘ 'ਤੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਇਸ ਨੇ ਸਹੀ ਸੋਚਣੀ ਵਾਲੇ ਸਿੱਖਾਂ ਦੀ ਜ਼ਮੀਰ ਨੂੰ ਹਿਲਾ ਕੇ ਰੱਖ ਦਿਤਾ ਹੈ ਕਿਉਂਕਿ ਇਹ ਹਮਲਾ ਗੁਰੂ ਨਾਨਕ ਸਾਹਿਬ ਦੇ ਜਨਮ ਦਿਨ ਦੇ ਅਵਸਰ 'ਤੇ ਸਿੱਖਾਂ ਦੇ ਸਭ ਤੋਂ ਪਵਿਤਰ ਅਸਥਾਨ ਵਿਚ ਹੋਇਆ ਹੈ। ਸ਼ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ੍ਰੀ ਓਂਕਾਰ ਸਿੰਘ ਥਾਪਰ ਨੇ ਇਸ ਘਟਨਾ ਨੂੰ ਮੰਦਭਾਗੀ ਕਰਾਰ ਦਿਤਾ ਹੈ।

ਸੀ. ਪੀ. ਐਮ. ਦੇ ਪੰਜਾਬ ਸਕੱਤਰੇਤ ਨੇ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਹਮਲੇ ਤੋਂ ਪਤਾ ਲਗਦਾ ਹੈ ਕਿ ਸ਼ਰੋਮਣੀ ਕਮੇਟੀ ਤੇ ਇਸ ਦੇ ਅਧਿਕਾਰੀ ਕੰਪਲੈਕਸ ਵਿਚ ਦਹਿਸ਼ਤਪਸੰਦਾਂ ਦੀਆਂ ਸਰਗਰਮੀਆਂ ਨੂੰ ਰੋਕਣ ਵਿਚ ਅਸਫਲ ਰਹੇ ਹਨ। ਪਾਰਟੀ ਨੇ ਕਿਹਾ ਕਿ ਉਹ ਦਰਬਾਰ ਸਾਹਿਬ ਕੰਪਲੈਕਸੀ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਨੂੰ ਸਮਾਜ ਵਿਰੋਧੀ ਤੇ ਕੌਮ ਵਿਰੋਧੀ ਸਰਗਰਮੀਆਂ ਦਾ ਅੱਡਾ ਨਾ ਬਣਨ ਦੇਣ।

ਪੰਜਾਬ ਪ੍ਰਦੇਸ਼ (ਕਾਂਗਰਸ(ਆਈ) ਦੇ ਪ੍ਰਧਾਨ ਰਜਿੰਦਰ ਸਿੰਘ ਸਪੈਰੋ ਨੇ ਕਿਹਾ ਕਿ ਇਹ ਦੁੱਖ ਦੀ ਗੱਲ ਹੈ ਕਿ ਇਕ ਧਾਰਮਕ ਸ਼ਖਸ਼ੀਅਤ ਨੂੰ ਇਕ ਪਵਿਤਰ ਅਸਥਾਨ ਵਿਚ ਗੋਲੀ ਮਾਰੀ ਗਈ। ਬਿਹਾਰ ਦੇ ਉਘੇ ਸਿੱਖ ਨੇਤਾ ਦਲੀਪ ਸਿੰਘ ਬੱਗਾ ਜਨਰਲ ਸਕੱਤਰ ਤਖਤ ਹਰਿਮੰਦਰ ਪ੍ਰਬੰਧਕ ਕਮੇਟੀ ਪਟਨਾ ਸਾਹਿਬ ਨੇ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ ਕਿ ਅਤਿਵਾਦੀ ਮੁੜ ਪੰਜਾਬ ਵਿਚ ਆਪਣਾ ਸਿਰ ਚੁਕ ਰਹੇ ਹਨ। ਬਿਹਾਰ ਦੇ ਇਕ ਹੋਰ ਸਿਖ ਨੇਤਾ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਨੇ ਮੰਗ ਕੀਤੀ ਹੈ ਕਿ ਅਤਿਵਾਦੀਆਂ ਵਿਰੁਧ ਲੜਾਈ ਦੇ ਸੱਦੇ ਨੂੰ ਲੈ ਕੇ ਅਕਾਲ ਤਖਤ ਤੋਂ ਇਕ ਹੁਕਮਨਾਮਾ ਜਾਰੀ ਕੀਤਾ ਜਾਏ।

ਸ਼ਰੋਮਣੀ ਆਧਿਆਪਕ ਸਭਾ ਦੇ ਪ੍ਰਧਾਨ ਸ. ਸੁਖਬੀਰ ਸਿੰਘ ਨੇ ਗਿਆਨੀ ਸਾਹਿਬ ਸਿੰਘ ਉਤੇ ਹੋਏ ਹਮਲੇ ਦੀ ਸਖਤ ਨਿੰਦਾ ਕੀਤੀ ਹੈ ਤੇ ਮੰਗ ਕੀਤੀ ਹੈ ਕਿ ਹਮਲਾਵਰ ਤੁਰਤ ਗ੍ਰਿਫਤਾਰ ਕੀਤੇ ਜਾਣੇ।

• • • •

# 'ਦੋਸ਼ੀ ਕੌਣ' ਪੁਸਤਕ ਤੋਂ ਪਾਬੰਦੀ ਹਟੇ

ਪਟਿਆਲਾ — ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਸ੍ਰੀ ਹਰੀ ਸਿੰਘ ਅਤੇ ਜਨਰਲ ਸਕੱਤਰ ਪ੍ਰੋ: ਜਗਮੋਹਨ ਸਿੰਘ ਨੇ ਇਕ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗਵਰਨਰੀ ਰਾਜ ਸਮੇਂ "ਦੋਸ਼ੀ ਕੌਣ ਹਨ" ਤੇ ਲਾਈ ਗਈ ਪਾਬੰਦੀ ਵਾਪਸ ਲਈ ਜਾਵੇ ਤੇ ਪੁਸਤਕ ਦੀਆਂ ਜਬਤ ਕੀਤੀਆਂ 7000 ਕਾਪੀਆਂ ਵਾਪਸ ਦਿਤੀਆਂ ਜਾਣ। ਇਨ੍ਹਾਂ ਦੋਵੇਂ ਆਗੂਆਂ ਨੇ ਕਿਹਾ ਕਿ ਸਭਾ ਨੇ ਆਪਣਾ ਇਹ ਕੇਸ ਬੈਂਸ ਕਮੇਟੀ ਸਾਹਮਣੇ ਵੀ ਪੇਸ਼ ਕੀਤਾ ਹੈ। ਇਸ ਜ਼ਬਤੀ ਕੇਸ ਸਮੇਂ ਸਭਾ ਵਿਰੁਧ ਕੀਤੇ ਦਫਾ 124 ਏ ਦੇ ਕੇਸ ਨੂੰ ਵਾਪਸ ਲਏ ਜਾਣ ਦੀ ਵੀ ਮੰਗ ਕੀਤੀ ਹੈ।

# ਖੰਡ ਮਿੱਲਾਂ ਅੱਗੇ ਕਿਸਾਨ ਰੈਲੀਆਂ

ਫਗਵਾੜਾ — ਪੰਜਾਬ ਕਿਸਾਨ ਸਭਾ ਵਲੋਂ ਇਥੇ ਖੰਡ ਮਿਲਾਂ ਦੇ ਬਾਹਰ ਕਿਸਾਨਾਂ ਦੀ ਵਿਸ਼ਾਲ ਰੈਲੀ ਕੀਤੀ ਗਈ। ਮੰਗ ਕੀਤੀ ਕਿ ਪ੍ਰਤੀ ਕੁਇੰਟਲ ਗੰਨੇ ਦਾ ਭਾਅ 25 ਤੋਂ 28 ਰੁਪਏ ਕੀਤਾ ਜਾਵੇ। ਰੈਲੀ ਨੂੰ ਸਰਵਣ ਸਿੰਘ ਚੀਮਾ, ਹਰਬੰਸ ਸਿੰਘ ਮੰਢਾਲੀ ਸਿੰਗਾਰਾ ਸਿੰਘ ਅਤੇ ਕੁਲਵੰਤ ਸਿੰਘ ਨੇ ਸੰਬੋਧਨ ਕੀਤਾ। ਸਭਾ ਨੇ ਮੰਗ ਕੀਤੀ ਕਿ ਗੰਨੇ ਦੇ ਪੈਸੇ ਪੰਦਰਾਂ ਦਿਨਾ ਦੇ ਅੰਦਰ ਅਤੇ ਨਕਦੀ ਰੂਪ 'ਚ ਅਦਾ ਕੀਤੇ ਜਾਇਆ ਕਰਨ। ਖੰਡ ਦੇ ਕੋਟੇ ਵਿਚ ਵਾਧਾ ਕਰਨ ਦੀ ਵੀ ਮੰਗ ਕੀਤੀ।

# ਕੌਮੀ ਖੇਡ ਮੁਕਾਬਲਿਆਂ ਦੌਰਾਨ ਹਾਕੀ ਟਰਾਫੀ ਉਤਰ ਪ੍ਰਦੇਸ਼ ਨੇ ਜਿੱਤੀ ਪੰਜਾਬ ਦੂਜੇ ਨੰਬਰ ਉਤੇ

ਨਵੀਂ ਦਿੱਲੀ — ਇਥੇ ਕਰਵਾਏ ਜਾ ਰਹੇ ਕੌਮੀ ਖੇਡ ਮੇਲੇ ਦੌਰਾਨ ਹਾਕੀ ਚੈਂਪੀਅਨਸ਼ਿਪ ਉਤਰ ਪ੍ਰਦੇਸ਼ ਨੇ ਜਿੱਤੀ ਹੈ। ਉਤਰ ਪ੍ਰਦੇਸ਼ ਨੇ ਅੰਤਿਮ ਲੀਗ ਮੁਕਾਬਲੇ ਵਿਚ ਆਂਧਰਾ ਨੂੰ ਇਕ ਦੇ ਮੁਕਾਬਲੇ ਪੰਜ ਗੋਲਾਂ ਦੇ ਵੱਡੇ ਫਰਕ ਨਾਲ ਹਰਾ ਦਿਤਾ।

ਇਸ ਸਮੇਂ ਤਕ ਪੰਜਾਬ ਦੀ ਟੀਮ ਦੂਸਰੇ ਨੰਬਰ ਤੇ ਜਾ ਰਹੀ ਸੀ ਅਤੇ ਜੇਕਰ ਉਸ ਨੇ ਸੋਨੇ ਦਾ ਤਮਗਾ ਹਾਸਲ ਕਰਨਾ ਸੀ ਤਾਂ ਉਸ ਨੂੰ ਆਪਣੇ ਅੰਤਿਮ ਮੈਚ ਵਿਚ ਮਹਾਂਰਾਸ਼ਟਰ ਨੂੰ ਘੱਟੋ ਘੱਟ ਸੱਤ ਇਕ ਦੇ ਵੱਡੇ ਫਰਕ ਨਾਲ ਹਰਾਉਣਾ ਦੀ ਲੋੜ ਸੀ। ਪ੍ਰੰਤੂ ਪੰਜਾਬ ਦੀ ਟੀਮ ਆਪਣੇ ਅੰਤਿਮ ਮੈਚ ਵਿਚ ਅੱਜ ਮਹਾਂਰਾਸ਼ਟਰ ਹੱਥੋਂ ਤਿੰਨ ਦੇ ਮੁਕਾਬਲੇ ਪੰਜਾਂ ਗੋਲਾਂ ਨਾਲ ਹਾਰ ਗਈ।

# ਭਾਰਤ ਤੇ ਵੀਅਤਨਾਮ ਵਲੋਂ ਐਟਮੀ ਤਬਾਹੀ ਟਾਲਣ ਦਾ ਸੱਦਾ

ਹੈਨੋਈ — ਭਾਰਤ ਅਤੇ ਵੀਅਤਨਾਮ ਨੇ ਪ੍ਰਮਾਣੂੰ ਤਬਾਹੀ ਨੂੰ ਰੋਕਣ ਲਈ ਮੁਕੰਮਲ ਨਿਸ਼ਸਤਰੀਕਰਨ [illegible] ਕਰਨ ਦਾ ਸੱਦਾ ਦਿਤਾ। ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੇ ਸਕੱਤਰ ਜਨਰਲ ਲੀ ਡੂਆਂ ਵਲੋਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਸਨਮਾਨ ਵਿਚ ਦਿਤੇ ਗਏ ਦੁਪਹਿਰ ਦੇ ਭੋਜ ਸਮੇਂ ਹੋਈਆਂ ਤਕਰੀਰਾਂ ਵਿਚ ਇਹ ਸੱਦਾ ਦਿੰਦਿਆਂ ਕਿਹਾ ਗਿਆ ਕਿ ਅਮਨ ਨੂੰ ਸੁਰੱਖਿਆਤ ਰੱਖਣ ਅਤੇ ਨਸਲਵਾਦ ਦਾ ਖਾਤਮਾ ਕਰਨ ਦੀ ਇਸ ਮੌਕੇ ਸਖਤ ਲੋੜ ਹੈ।

ਦੋਹਨਾ ਨੇਤਾਵਾਂ ਨੇ ਹਥਿਆਰਾਂ ਦੀ ਵਧ ਰਹੀ ਦੌੜ ਉਤੇ ਚਿੰਤਾ ਪ੍ਰਗਟ ਕੀਤੀ। ਇਨ੍ਹਾਂ ਨੇਤਾਵਾਂ ਨੇ ਹੋਰ ਵੀ ਕਈ ਮਸਲਿਆਂ ਉਤੇ ਵਿਚਾਰ ਵਟਾਂਦਰਾ ਕੀਤਾ ਜਿਨ੍ਹਾਂ ਵਿਚ ਕੌਮਾਂਤਰੀ ਆਰਥਿਕ ਪ੍ਰਬੰਧ ਅਤੇ ਹਿੰਦ ਮਹਾਂ ਸਾਗਰ ਦੇ ਫੌਜੀਕਰਨ ਆਦਿ ਵਰਗੇ ਮਸਲੇ ਵੀ ਸ਼ਾਮਲ ਹਨ।

ਰਾਸ਼ਟਰਪਤੀ ਮਹੱਲ ਵਿਚ ਇਕ ਸਵਾਗਤੀ ਸਮਾਰੋਹ ਵਿਚ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਪ੍ਰਮਾਣੂੰ ਤਣਾਓ ਨੂੰ ਖਤਮ ਕਰਨ ਦੀ ਵੱਡੀ ਜ਼ਿੰਮੇਵਾਰੀ ਪ੍ਰਮਾਣੂੰ ਹਥਿਆਰਾਂ ਵਾਲੇ ਮੁਲਕਾਂ ਉਤੇ ਹੈ। ਉਨ੍ਹਾਂ ਹਾਲ ਹੀ ਵਿਚ ਜਨੇਵਾ ਵਿਖੇ ਅਮਰੀਕਾ ਦੇ ਰਾਸ਼ਟਰਪਤੀ ਰੀਗਨ ਅਤੇ ਸੋਵੀਅਤ ਰੂਸ ਦੇ ਰਾਸ਼ਟਰਪਤੀ ਗੋਰਬਾਚੋਵ ਵਿਚਕਾਰ ਹੋਈ ਸਿਖਰ ਵਾਰਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ 'ਅਸੀਂ ਉਨ੍ਹਾਂ ਵਲੋਂ ਕੀਤੇ ਗਏ ਇਸ ਸਪਸ਼ਟ ਐਲਾਨ ਦਾ ਸਵਾਗਤ ਕਰਦੇ ਹਾਂ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਪ੍ਰਮਾਣੂੰ ਜੰਗ ਜਿੱਤੀ ਨਹੀਂ ਜਾ ਸਕਦੀ। ਇਸ ਕਰਕੇ ਲੜੀ ਵੀ ਨਹੀਂ ਜਾਣੀ ਚਾਹੀਦੀ।"

ਸ੍ਰੀ ਰਾਜੀਵ ਗਾਂਧੀ ਨੇ ਵੀਅਤਨਾਮੀ ਲੋਕਾਂ ਦੇ ਹੌਂਸਲੇ ਦੀ ਪ੍ਰਸੰਸਾ ਕੀਤੀ। ਉਨ੍ਹਾ ਨੇ ਵੀਅਤਨਾਮ ਸਰਕਾਰ ਵਲੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਉਨ੍ਹਾਂ ਦੇ ਹੌਂਸਲੇ ਹਿਮਤ ਤੇ ਇਰਾਦੇ ਲਈ ਦਿਤਾ ਗਿਆ ਸਭ ਤੋਂ ਉਤਮ ਵੀਅਤਨਾਮੀ ਸਨਮਾਨ ਵੀ ਵੀਅਤਨਾਮ ਸਰਕਾਰ ਤੋਂ ਪ੍ਰਾਪਤ ਕੀਤਾ।


NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S
PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

# ਹੜਤਾਲੀ ਕੈਨੇਡੀਅਨ ਇੰਪੀਰੀਅਲ ਬੈਂਕ ਆਫ ਕਾਮਰਸ ਦੇ ਵੀਜ਼ਾ ਵਰਕਰਾਂ ਦਾ ਸੰਘਰਸ਼ ਸਫਲਤਾ ਨਾਲ

ਟੋਰਾਂਟੋ — ਅਜ ਤੋਂ ਲੱਗਭਗ ਪੰਜ ਮਹੀਨੇ ਪਹਿਲਾਂ ਇਸ ਬੈਂਕ ਦੇ ਲਗਭਗ 200 ਵੀਜ਼ਾ ਵਰਕਰਾਂ ਨੇ ਯੂਨੀਅਨ ਬਣਾਉਣ ਦਾ ਯਤਨ ਕੀਤਾ ਸੀ ਪਰ ਬੈਂਕ ਮਾਲਕਾਂ ਨੇ ਇਹ ਸਿਰੇ ਨਾ ਚੜਨ ਦਿਤਾ, ਪਰ ਵੀਜ਼ਾ ਵਿਭਾਗ ਵਿਚ ਕੰਮ ਕਰਦੇ 200 ਦੇ ਕਰੀਬ ਕਰਮਚਾਰੀ ਹੜਤਾਲ ਉਤੇ ਚਲੇ ਗਏ ਉਹ ਹੜਤਾਲ ਉਤੇ ਅਜ ਤਕ ਡ ਟੇ ਹੋਏ ਹਨ ਅਤੇ ਯੂਨੀਅਨ ਬਣਾਉਣ ਲਈ ਦ੍ਰਿੜ ਹਨ। ਦੂਜੇ ਪਾਸੇ ਸਾਰੀਆਂ ਮਜ਼ਦੂਰ ਜਥੇਬੰਦੀਆਂ ਉਹਨਾਂ ਦੇ ਸਮਰਥਨ ਵਿਚ ਲਾਮਬੰਦ ਹੋ ਗਈਆਂ ਹਨ। ਪਹਿਲਾਂ ਤਾਂ ਬੈਂਕ ਅਧਿਕਾਰ ਗਲਬਾਤ ਕਰਨਾ ਹੀ ਨਹੀਂ ਸਨ ਚਾਹੁੰਦੇ ਪਰ ਹੁਣ ਗਲਬਾਤ ਕਰ ਰਹੇ ਹਨ ਜੇ ਗਲਬਾਤ ਸਿਰੇ ਚੜ ਗਈ ਤਾਂ ਬੈਂਕਿੰਗ ਇੰਡਸਟਰੀ ਵਿਚ ਪਹਿਲੀ ਮਜ਼ਦੂਰ ਯੂਨੀਅਨ ਹੋਵੇਗੀ।

## ਰੰਜਨਾ ਦੀ ਝੁਲਸਣ ਕਾਰਨ ਮੌਤ

ਮੋਰਿੰਡਾ — ਇਥੋਂ ਦੀ ਤੀਹ ਸਾਲਾ ਔਰਤ ਰੰਜਨਾ ਪੀ. ਜੀ. ਆਈ. ਵਿਚ ਜ਼ਖਮਾਂ ਦੀ ਤਾਬ ਨਾ ਝਲਦੀ ਹੋਈ ਦਮ ਤੋੜ ਗਈ। ਕੁਝ ਦਿਨ ਪਹਿਲਾਂ ਰੰਜਨਾ ਸਟੋਵ ਤੋਂ ਅੱਗ ਲਗਣ ਕਾਰਨ ਪੀ. ਜੀ. ਆਈ ਚੰਡੀਗੜ੍ਹ ਦਾਖਲ ਕਰਾਇਆ ਗਿਆ ਸੀ ਜਿਥੇ ਉਸ ਦੀ ਮੌਤ ਹੋ ਗਈ।

## ਅਖੌਤੀ ਜੋਤਸ਼ੀਆਂ ਨੂੰ ਕੁਟਾਪਾ

ਅਬੋਹਰ — ਬੀਤੇ ਦਿਨੀਂ ਸਥਾਨਕ ਧਰਮਸ਼ਾਲਾ ਵਿਚ ਧਰਮਸ਼ਾਲਾ ਦੇ ਪ੍ਰਬੰਧਕਾਂ ਅਤੇ ਉਥੇ ਠਹਿਰੇ ਕੁਝ ਲੋਕਾਂ ਨੇ ਅਖੌਤੀ ਜਤੋਸ਼ੀਆਂ ਦੀ ਖੂਬ ਮਾਰ-ਕੁਟਾਈ ਕੀਤੀ ਘਟਨਾ ਅਨੁਸਾਰ ਕੁਝ ਲੋਕ ਆਪਣੇ ਆਪ ਨੂੰ ਮਸ਼ਹੂਰ ਜੋਤਸ਼ੀ ਦੱਸਦੇ ਸਨ ਤੇ ਪਿਛਲੇ ਪੰਜ ਛੇ ਦਿਨਾਂ ਤੋਂ ਧਰਮਸ਼ਾਲਾ ਵਿਚ ਠਹਿਰੇ ਹੋਏ ਸਨ ਜਿਥੇ ਇਹ ਹੱਥ ਵੇਖਦੇ ਸਨ ਉਥੇ ਧਾਗੇ ਤਵੀਤ ਵੀ ਦਿੰਦੇ ਸਨ। ਹੱਥ ਵੇਖਣ ਦੀ ਫੀਸ ਦਸ ਰੁਪਏ ਲੈਂਦੇ ਸਨ। ਧਾਗੇ ਤਵੀਤਾਂ ਦੇ ਪੈਸੇ ਵੱਖਰੇ ਲੈਂਦੇ ਸਨ। ਇਸ ਤਰ੍ਹਾਂ ਭੋਲੇ ਲੋਕਾਂ ਤੋਂ ਸੌ ਤੋਂ ਡੇਢ ਸੌ ਤੱਕ ਬਟੋਰ ਲੈਂਦੇ ਸਨ। ਸ਼ਹਿਰ ਦੇ ਮੋਹਤਬਰ ਵਿਅਕਤੀਆਂ ਪਾਸੋਂ ਧਰਮਸ਼ਾਲਾ ਪ੍ਰਬੰਧਕਾਂ ਪਾਸ ਸਿਫਾਰਸ਼ਾਂ ਵੀ ਆਈਆਂ ਸਨ ਕਿ ਇਨ੍ਹਾਂ ਤੋਂ ਕਰਾਇਆ ਨਾ ਵਸੂਲਿਆ ਜਾਵੇ ਪ੍ਰੰਤੂ ਪ੍ਰਬੰਧਕਾਂ ਨੇ ਨਾਂਹ ਕਰ ਦਿਤੀ।

# ਗ੍ਰਿਫਤਾਰ ਨੌਜਵਾਨਾਂ ਪ੍ਰਤੀ ਨਰਮੀ ਵਾਲਾ ਵਤੀਰਾ ਅਪਨਾਉਣ ਉਤੇ ਜ਼ੋਰ

ਨਵੀਂ ਦਿੱਲੀ — ਅਕਾਲੀ ਦਲ ਪਾਰਲੀਮਾਨੀ ਦਲ ਦੇ ਨੇਤਾ ਬਲਵੰਤ ਸਿੰਘ ਰਾਮੂਵਾਲੀਆ ਅਤੇ ਚਰਨਜੀਤ ਸਿੰਘ ਵਾਲੀਆ ਐਮ. ਪੀ. ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਅਤੇ ਔਰਤਾਂ ਨੂੰ ਰਿਹਾਅ ਕਰਨ ਸਬੰਧੀ ਨਰਮੀ ਵਾਲਾ ਰਵੱਈਆ ਅਖਤਿਆਰ ਕਰੇ। ਦੋਵਾਂ ਅਕਾਲੀ ਆਗੂਆਂ ਵਲੋਂ ਇਥੇ ਜਾਰੀ ਕੀਤੇ ਇਕ ਸਾਂਝੇ ਬਿਆਨ ਵਿਚ ਮੰਗ ਕੀਤੀ ਗਈ ਕਿ ਸਾਰੇ ਭਗੌੜੇ ਫੌਜੀਆਂ ਨੂੰ ਆਮ ਮੁਆਫੀ ਦਿਤੀ ਜਾਵੇ ਤਾਂ ਜੋ ਅਮਨ-ਕਾਨੂੰਨ ਦੀ ਹਾਲਤ ਵਿਚ ਤੇਜ਼ੀ ਨਾਲ ਸੁਧਾਰ ਹੋ ਸਕੇ।

ਸ੍ਰੀ ਰਾਮੂਵਾਲੀਆ ਨੇ ਹੁਣੇ ਜਿਹੇ ਕਲਕੱਤੇ ਦਾ ਦੌਰਾ ਕੀਤਾ ਅਤੇ ਉਥੋਂ ਦੇ ਮੁਖ ਮੰਤਰੀ ਜਿਓਤੀ ਬਾਸੂ ਨਾਲ ਮੁਲਾਕਾਤ ਦੌਰਾਨ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਲੋਂ ਬੰਗਾਲ ਸਰਕਾਰ ਦਾ ਨਵੰਬਰ ਦੇ ਦੰਗਿਆਂ ਵਿਚ ਸਿਖਾਂ ਦੀ ਜਾਨ ਅਤੇ ਮਾਲ ਦੀ ਰੱਖਿਆ ਕਰਨ ਬਦਲੇ ਧੰਨਵਾਦ ਕੀਤਾ। ਸ੍ਰੀ ਰਾਮੂਵਾਲੀਆ ਨੇ ਦੰਗਾ ਪੀੜਤ ਸਿਖਾਂ ਦੀਆਂ ਸਮੱਸਿਆਵਾਂ ਸਬੰਧੀ ਵੀ ਬੰਗਾਲ ਸਰਕਾਰ ਨੂੰ ਜਾਣੂੰ ਕਰਵਾਇਆ।

ਚਰਨਜੀਤ ਸਿੰਘ ਵਾਲੀਆ ਨੇ ਜੋਧਪੁਰ ਦਾ ਦੌਰਾ ਕੀਤਾ ਅਤੇ ਉਥੇ ਸੈਂਟਰਲ ਜੇਲ੍ਹ ਵਿਚ ਭਾਈ ਮਨਜੀਤ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹਰਮਿੰਦਰ ਸਿੰਘ ਸੰਧੂ ਜਨਰਲ ਸਕੱਤਰ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਹੋਰ ਬੰਦੀ ਨੌਜਵਾਨਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਪੰਜਾਬ ਸਰਕਾਰ ਵਲੋਂ ਬੰਦੀ ਨੌਜਵਾਨਾ ਬਾਰੇ ਕੀਤੀ ਜਾ ਰਹੀ ਕਾਰਵਾਈ ਬਾਰੇ ਜਾਣਕਾਰੀ ਦਿਤੀ।

-●-

ਜੱਜ ਦੇ ਸਾਹਮਣੇ ਤਲਾਕ ਦੀਆਂ ਅਨੇਕਾਂ ਦਰਖਾਸਤਾਂ ਸਨ। ਉਨ੍ਹਾਂ ਵਿਚੋਂ ਇਕ ਦਰਖਾਸਤ ਅਜਿਹੇ ਵਿਅਕਤੀ ਦੀ ਸੀ. ਜਿਸ ਨੇ ਇਹ ਕਬੂਲ ਕੀਤਾ ਸੀ ਕਿ ਉਹ ਜੇਬਕਤਰਾ ਹੈ। ਉਸ ਦਾ ਦਾਅਵਾ ਸੀ ਕਿ ਉਸ ਨੇ ਇਕ ਵਿਅਕਤੀ ਦੀ ਜੇਬ 'ਚੋਂ ਬਟੂਆ ਚੁਰਾਇਆ ਸੀ ਅਤੇ ਬਟੂਏ ਵਿਚ ਉਸ ਦੀ ਪਤਨੀ ਦੀ ਫੋਟੋ ਮਿਲੀ ਸੀ।

-●-

# ਪੋਸਟ ਮਾਰਟਮ

## ਤੌਲੀਆ ਸਿੰਘ "ਤੌਲੀਆ"

ਸਾਡਾ ਇਕ ਕਮਿਸ਼ਨਰ ਮਿੱਤਰ ਹੁਣੇ ਹੁਣੇ ਰਿਟਾਇਰ ਹੋਇਆ ਹੈ। ਉਸ ਦਾ ਅਸਲੀ ਨਾਮ ਛੱਡ ਕੇ ਅਸੀਂ ਉਸ ਨੂੰ ਪਿਆਰ ਨਾਲ "ਤੌਲੀਆ ਸਿੰਘ" ਕਿਹਾ ਕਰਦੇ ਸਾਂ। ਹੌਲੀ ਹੌਲੀ ਉਸਦੇ ਤੌਲੀਏ ਦੀਆਂ ਕਰਾਮਾਤਾਂ ਵੇਖ ਕੇ ਉਸ ਦੇ ਨਿਕਟ ਵਰਤੀ ਸਾਥੀਆਂ ਨੇ ਉਸ ਨੂੰ "ਸਰਦਾਰ ਤੌਲੀਆ ਸਿੰਘ ਤੌਲੀਆ" ਕਹਿਣਾ ਸ਼ੁਰੂ ਕਰ ਦਿਤਾ।

ਇਕ ਦਿਨ ਮੈਂ ਉਸ ਨੂੰ ਕਾਮਯਾਬੀ ਦਾ ਰਾਜ਼ ਪੁੱਛਿਆ ਤਾਂ ਉਹ ਮੋਢੇ ਉਤਲੇ ਤੌਲੀਏ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, "ਤੁਸੀਂ ਮੇਰੇ ਪੁਰਾਣੇ ਮਿੱਤਰ ਹੋ। ਤੁਹਾਥੋਂ ਕੀ ਲੁਕਾਅ। ਆਪਣੀ ਕਾਮਯਾਬੀ ਦਾ ਇਕੋ ਇਕ ਰਾਜ਼ ਇਹ "ਤੌਲੀਆ" ਹੈ। ਜਦੋਂ ਮੈਂ ਪਹਿਲੀ ਵਾਰ ਕਲਰਕ ਭਰਤੀ ਹੋਣ ਗਿਆ ਤਾਂ ਭਰਤੀ ਕਰਨ ਵਾਲੇ ਡਿਪਟੀ ਕਮਿਸ਼ਨਰ ਨੇ ਮੇਰੇ ਕੋਲੋਂ ਪੁੱਛਣਾ ਸ਼ੁਰੂ ਕੀਤਾ। ਮੈਟ੍ਰਿਕ ਕਿਹੜੇ ਡਵੀਜ਼ਨ ਵਿਚ ਪਾਸ ਕੀਤੀ ਹੈ? ਟਾਈਪ ਕਰਨਾ ਸਿੱਖਿਆ ਹੈ ਕਿ ਨਹੀਂ ਤੂੰ ਕਿਹੜੇ ਖਾਨਦਾਨ ਵਿਚੋਂ ਹੈ? ਮੈਂ ਸਵਾਲਾਂ ਦੇ ਉਤਰ ਦਿਤੇ ਬਿਨਾਂ ਉਨ੍ਹਾਂ ਦੇ ਬੂਟਾਂ ਤੇ ਤੌਲੀਆ ਫੇਰਨ ਲੱਗ ਪਿਆ ਤੇ ਬੜੇ ਅਦਬ ਨਾਲ ਕਿਹਾ, "ਜਨਾਬ ਤੁਹਾਡੇ ਬੂਟ ਕਿੰਨੇ ਕੀਮਤੀ ਹਨ। ਇਹ ਤੁਸੀਂ ਵਲਾਇਤ ਤੋਂ ਮੰਗਵਾਏ ਹੋਣੇ ਹਨ। ਜ਼ਿਆਦਾ ਕੰਮ ਕਾਜ ਤੇ ਭੱਜ ਦੌੜ ਕਾਰਨ ਸਦਕਾ ਇਨ੍ਹਾਂ ਤੇ ਮਿੱਟੀ ਪੈ ਗਈ ਹੈ, ਮੈਂ ਜ਼ਰਾ ਇਨ੍ਹਾਂ ਨੂੰ ਸਾਫ ਕਰ ਦਿਆਂ।" ਸ਼ਾਮ ਨੂੰ ਜਦ ਸਫਲ ਉਮੀਦਵਾਰਾਂ ਦੀ ਲਿਸਟ ਬਾਹਰ ਲਾਈ ਗਈ ਤਾਂ ਸਭ ਤੋਂ ਉਤੇ ਮੇਰਾ ਨਾਂ ਸੀ।

ਮੈਂ ਇਸਤੇ ਤੌਲੀਏ ਦੇ ਸਹਾਰੇ ਗਜ਼ਟਿਡ ਅਫਸਰ, ਬਿਨਾਂ ਇਮਤਿਹਾਨ ਆਈ. ਏ. ਐਸ. ਡਿਪਟੀ ਕਮਿਸ਼ਨਰ, ਕਮਿਸ਼ਨਰ ਜੁਆਇੰਟ ਸਕੱਤਰ ਆਦਿ ਸਾਰੀਆਂ ਮੰਜ਼ਲਾਂ ਤਹਿ ਕਰਕੇ ਹੁਣ ਰਿਟਾਇਰਮੈਂਟ ਪ੍ਰਾਪਤ ਕੀਤੀ ਹੈ।

ਮੈਂ ਪੁੱਛਿਆ, "ਪੈਨਸ਼ਨ ਮਿਲ ਗਈ ਹੁਣ ਇਹ ਤੌਲੀਆ ਕਿਸ ਵਾਸਤੇ ਮੋਢੇ ਤੇ ਰੱਖਿਆ ਹੋਇਆ ਹੈ।" ਤੌਲੀਆ ਸਿੰਘ ਤੌਲੀਆ ਕਹਿਣ ਲੱਗਾ, "ਇਹ ਤੌਲੀਆ ਹੁਣ ਬਰਨਾਲਾ ਸਾਹਿਬ ਤੇ ਵਰਤਣਾ ਹੈ। ਉਨ੍ਹਾਂ ਪਾਸ ਕਈ ਪੋਸਟਾਂ ਖਾਲੀ ਪਈਆਂ ਹਨ।"

—ਚਾਚਾ ਚੰਡੀਗੜ੍ਹੀਆ

## ਆਸਟਰੇਲੀਆ ਨੂੰ ਭਾਰਤ ਹੱਥੋਂ ਹਾਰ

ਈਪੋਹ — ਇਥੇ ਖੇਡੇ ਜਾ ਰਹੇ ਸੁਲਤਾਨ ਅਜਨਾਲ ਸ਼ਾਹ ਹਾਕੀ ਮੁਕਾਬਲੇ ਵਿਚ ਭਾਰਤੀ ਹਾਕੀ ਟੀਮ ਨੇ ਆਸਟਰੇਲੀਆ ਦੀ ਟੀਮ ਨੂੰ 4-3 ਗੋਲਾਂ ਦੇ ਫਰਕ ਨਾਲ ਹਰਾ ਦਿਤਾ। ਇਸ ਤਰ੍ਹਾਂ ਭਾਰਤੀ ਟੀਮ ਸੈਮੀਫਾਈਨਲ ਵਿਚ ਪੁੱਜ ਗਈ ਹੈ।

# ਸਭ ਤੋਂ ਲੰਬੇ ਅਰਸੇ ਲਈ ਪ੍ਰਧਾਨ ਰਹਿਣ ਵਾਲੇ

ਅੰਮ੍ਰਿਤਸਰ, (ਹਰਬੀਰ ਸਿੰਘ ਭੰਵਰ) - ਸ. ਗੁਰਚਰਨ ਸਿੰਘ ਟੌਹੜਾ ਜੋ 14ਵੀਂ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ, ਪਹਿਲੇ ਵਿਅਕਤੀ ਹਨ ਜੋ 1925 ਤੋਂ ਸ਼੍ਰੋਮਣੀ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਪ੍ਰਧਾਨਾਂ ਵਿਚੋਂ ਸਭ ਤੋਂ ਵੱਧ ਅਰਸੇ ਲਈ ਪ੍ਰਧਾਨਗੀ ਪਦ ਉਤੇ ਰਹੇ ਹਨ।

ਉਨ੍ਹਾਂ ਪਿੱਛੋਂ ਦੂਜਾ ਨੰਬਰ ਸੰਤ ਚੰਨਣ ਸਿੰਘ ਦਾ ਹੈ ਜੋ 10 ਸਾਲ ਲਈ ਲਗਾਤਾਰ ਕਮੇਟੀ ਦੇ ਪ੍ਰਧਾਨ ਰਹੇ।

ਦੂਜੇ ਪ੍ਰਧਾਨਾਂ ਦਾ ਪ੍ਰਧਾਨਗੀ ਦਾ ਅਰਸਾ ਇਸ ਤਰ੍ਹਾਂ ਹੈ: ਬਾਬਾ ਖੜਕ ਸਿੰਘ 2 ਅਕਤੂਬਰ 1926 ਤੋਂ 11 ਅਕਤੂਬਰ 1930, ਮਾਸਟਰ ਤਾਰਾ ਸਿੰਘ 12 ਅਕਤੂਬਰ 1930 ਤੋਂ 16 ਜੂਨ 1933, ਗੋਪਾਲ ਸਿੰਘ ਕੌਮੀ 17 ਜੂਨ 1933 ਤੋਂ 28 ਅਕਤੂਬਰ 1933, ਪ੍ਰਤਾਪ ਸਿੰਘ 29 ਅਕਤੂਬਰ 1933 ਤੋਂ 12 ਜੂਨ 1936, ਮਾਸਟਰ ਤਾਰਾ ਸਿੰਘ 13 ਜੂਨ 1936 ਤੋਂ 18 ਨਵੰਬਰ 1944, ਮੋਹਨ ਸਿੰਘ 19 ਨਵੰਬਰ 1944 ਤੋਂ 27 ਜੂਨ 1948, ਊਧਮ ਸਿੰਘ ਨਾਗੋਕੇ 28 ਜੂਨ 1948 ਤੋਂ 17 ਮਾਰਚ 1950, ਚੰਨਣ ਸਿੰਘ 18 ਮਾਰਚ 1950 ਤੋਂ 25 ਨਵੰਬਰ 1950, ਊਧਮ ਸਿੰਘ 26 ਨਵੰਬਰ 1950 ਤੋਂ 28 ਜੂਨ 1952, ਨਾਹਰ ਸਿੰਘ 29 ਜੂਨ 1952 ਤੋਂ 4 ਅਕਤੂਬਰ 1952, ਪ੍ਰੀਤਮ ਸਿੰਘ 5 ਅਕਤੂਬਰ 1952 ਤੋਂ 17 ਜਨਵਰੀ 1954, ਈਸ਼ਰ ਸਿੰਘ ਮਝੈਲ 18 ਜਨਵਰੀ 1954 ਤੋਂ 6 ਫਰਵਰੀ 1955, ਮਾਸਟਰ ਤਾਰਾ ਸਿੰਘ 7 ਜਨਵਰੀ 1955 ਤੋਂ 20 ਮਈ 1955, ਹਰਕਿਸ਼ਨ ਸਿੰਘ ਬਾਵਾ 21 ਮਈ 1955 ਤੋਂ 6 ਜੁਲਾਈ 1955, ਗਿਆਨ ਸਿੰਘ ਰਾੜੇਵਾਲਾ 7 ਜੁਲਾਈ 1955 ਤੋਂ 15 ਅਕਬਰ 1955, ਮਾਸਟਰ ਤਾਰਾ ਸਿੰਘ 16 ਅਕਤੂਬਰ 1955 ਤੋਂ 15 ਨਵੰਬਰ 1958, ਪ੍ਰੇਮ ਸਿੰਘ ਲਾਲ ਪੁਰਾ 16 ਨਵੰਬਰ 1958 ਤੋਂ 29 ਅਪਰੈਲ 1960, ਅਜੀਤ ਸਿੰਘ ਬਾਲੀ 30 ਅਪਰੈਲ 1960 ਤੋਂ 9 ਮਾਰਚ 1961, ਮਾਸਟਰ ਤਾਰਾ ਸਿੰਘ 10 ਮਾਰਚ 1961 ਤੋਂ 10 ਮਾਰਚ 1962, ਕਿਰਪਾਲ ਸਿੰਘ ਚਕਸ਼ੇਰਾ 11 ਮਾਰਚ 1962 ਤੋਂ 1 ਅਕਤੂਬਰ 1962, ਸੰਤ ਚੰਨਣ ਸਿੰਘ 2 ਅਕਤੂਬਰ 1962 ਤੋਂ 5 ਜਨਵਰੀ 1973।

ਸ. ਗੁਰਚਰਨ ਸਿੰਘ ਟੌਹੜਾ 6 ਜਨਵਰੀ 1973 ਨੂੰ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ।




To protect your family, your mortgage, or to ensure your childrens' education, for an RRSP or an annuity, contact:

AVTAR S. RANDHAWA

B.A., B.T., LUATC


AVTAR S. RANDHAWA

Five times National Quality Award Winner

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.

NORTH AMERICAN LIFE ASSURANCE CO.


Sunil Ahuja

SUNIL AHUJA
representative

- ☐ Life Insurance
- ☐ Mortgage Insurance
- ☐ Children's Educational Plans
- ☐ RRSP

Bus. 685-9335
Res. 581-6546
320, 815 West Hasting St.
VANCOUVER, B.C. V6C 2W1

# ਅਨੇਕਤਾ ਚ ਏਕਤਾ ਦਾ ਨਾਮ ਹਿੰਦੋਸਤਾਨ



"ਕੌਮੀ ਏਕਤਾ ਸਪਤਾਹ" ਦੇ ਸਮਾਪਤੀ ਸਮਾਰੋਹ 'ਚ "ਮਾਂਝੀ ਨ੍ਰਿਤ" ਦਾ ਇਕ ਦ੍ਰਿਸ਼।

ਚੰਡੀਗੜ੍ਹ ਪ੍ਰਸ਼ਾਸਨ ਨੇ ਪਿਛਲੇ ਕੁਝ ਸਾਲਾਂ ਵਾਂਗ ਹੁਣ ਵੀ "ਕੌਮੀ ਏਕਤਾ ਸਪਤਾਹ" ਮਨਾ ਕੇ ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਇਕ ਵਾਰ ਫੇਰ ਜੀ-ਭਰ ਕੇ ਯਾਦ ਕੀਤਾ ਹੈ। ਇੰਦਰਾ ਦਾ ਜਨਮ 19 ਨਵੰਬਰ ਨੂੰ ਹੋਇਆ ਸੀ ਤੇ ਇਸ "ਕੌਮੀ ਏਕਤਾ ਸਪਤਾਹ" ਸਮਾਰੋਹ ਦਾ ਆਰੰਭ ਵੀ ਉਸੇ ਦਿਨ ਹੋ ਗਿਆ ਜਦੋਂ ਚੰਡੀਗੜ੍ਹ ਦੇ ਸਕੂਲਾਂ ਦੇ ਕੋਈ ਦੋ ਹਜ਼ਾਰ ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਉਹ ਹਰ ਹੀਲੇ ਦੇਸ਼ ਦੀ ਏਕਤਾ ਨੂੰ ਬਰਕਰਾਰ ਰੱਖਣਗੇ। ਇਨ੍ਹਾਂ ਦੀ ਗਵਾਹੀ ਚੰਡੀਗੜ੍ਹ ਪ੍ਰਸ਼ਾਸਨ ਦੇ ਸਲਾਹਕਾਰ ਸ੍ਰੀ ਕੇ. ਬੈਨਰਜੀ ਨੇ ਕੌਮੀ ਝੰਡਾ ਲਹਿਰਾ ਕੇ ਭਰੀ। ਇਨ੍ਹਾਂ ਵਿਦਿਆਰਥੀਆਂ 'ਚੋਂ ਕੁਝ ਨੇ ਗਾ ਕੇ ਸੁਣਾਇਆ: "ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ ..." ਅਤੇ "ਹਿੰਦ ਦੇਸ਼ ਕੇ ਵਾਸੀ..." ਤੇ 25 ਨਵੰਬਰ ਨੂੰ ਇਸ ਸਪਤਾਹ ਦੇ ਸਮਾਰੋਹਾਂ ਦੀ ਸਮਾਪਤੀ ਟੈਗੋਰ ਥੀਏਟਰ ਵਿਚ ਆਯੋਜਿਤ ਇਕ ਸਮਾਗਮ ਮਗਰੋਂ ਹੋਈ ਜਿਸ ਵਿਚ ਭੰਗੜਾ, ਨ੍ਰਿਤ, ਗਾਇਨ ਆਦਿ ਵਰਗੀਆਂ ਰੰਗਾ-ਰੰਗ ਆਈਟਮਾਂ ਪੇਸ਼ ਕੀਤੀਆਂ ਗਈਆਂ ਤੇ ਮੁਕਾਬਲੇ 'ਚੋਂ ਅੱਗੇ ਨਿਕਲਣ ਵਾਲਿਆਂ ਨੂੰ ਇਨਾਮ ਵੰਡੇ ਗਏ। ਮੁੱਖ ਮਹਿਮਾਨ ਪ੍ਰਸ਼ਾਸਨ ਦੇ ਵਿੱਤ ਤੇ ਸਿਖਿਆ ਸਕੱਤਰ ਸ੍ਰੀ ਬੀ. ਆਰ. ਬਜਾਜ ਸਨ।

ਬਾਕੀ ਦੇ ਪੰਜ ਦਿਨਾਂ ਵਿਚ ਪ੍ਰਸ਼ਾਸਨ ਦੇ ਸਿਖਿਆ ਤੇ ਲੋਕ ਸੰਪਰਕ ਵਿਭਾਗ ਦੁਆਰਾ ਚੰਡੀਗੜ੍ਹ ਅਤੇ ਇਸ ਦੇ ਨਾਲ ਲਗਦੇ ਯੂ. ਟੀ. ਦੇ ਹੀ ਪਿੰਡਾਂ ਵਿਚ ਕੌਮੀ ਏਕਤਾ ਨਾਲ ਸਬੰਧਿਤ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਨ੍ਹਾਂ ਸਮਾਗਮਾਂ ਵਿਚ ਖੁੱਡਾ ਅਲੀਸ਼ੇਰ ਤੇ ਬੁਟੇਰਲਾ ਪਿੰਡਾਂ ਵਿਚ ਫਿਲਮ-ਸ਼ੋਅ ਕੀਤੇ ਗਏ, ਪਿੰਡ ਧਨਾਸ ਵਿਚ ਵੱਖਰਾ ਸਮਾਗਮ ਆਯੋਜਿਤ ਕੀਤਾ ਗਿਆ। ਖੂਨਦਾਨ ਕੈਂਪ, ਰਾਸ਼ਟਰੀ ਗਾਇਨ ਮੁਕਾਬਲੇ, ਚਿੱਤਰਕਾਰੀ ਪ੍ਰਦਰਸ਼ਨੀ, ਕੰਪੋਜ਼ਿਟ ਕਲਚਰ ਪ੍ਰੋਗਰਾਮ, ਪੇਂਟਿੰਗ ਮੁਕਾਬਲੇ, ਨਾਟਕ ਤੇ ਸੁਖਨਾ ਲੇਕ ਉਤੇ ਰਾਸ਼ਟਰੀ ਖੇਡਾਂ ਆਦਿ ਪ੍ਰੋਗਰਾਮ ਕੀਤੇ ਗਏ। ਸੁਖਨਾ ਝੀਲ 'ਤੇ ਹੋਏ ਕਿਸ਼ਤੀ ਮੁਕਾਬਲਿਆਂ ਵਿਚ ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਤੇ ਮਹਾਰਾਸ਼ਟਰ ਦੀਆਂ ਟੀਮਾਂ ਨੇ ਭਾਗ ਲਿਆ।

ਸਰਕਾਰੀ ਕੰਨਿਆਂ ਕਾਲਜ ਸੈਕਟਰ-11 ਦੀਆਂ ਵਿਦਿਆਰਥਣਾਂ ਨੇ ਸੰਗੀਤਕ ਤੇ ਹੋਰ ਰੰਗਾਰੰਗ ਪ੍ਰੋਗਰਾਮ ਜਿੰਨੀ ਕੁਸ਼ਲਤਾ ਨਾਲ ਪੇਸ਼ ਕੀਤਾ ਉਸ ਤੋਂ ਪਤਾ ਲਗਦਾ ਸੀ ਕਿ ਰਾਸ਼ਟਰੀ ਏਕਤਾ ਦੀ ਭਾਵਨਾ ਕਿੰਨੀ ਸੂਖਮ ਪੱਧਰ ਉਤੇ ਵੀ ਜਗਾਈ ਜਾ ਸਕਦੀ ਹੈ। ਇਹ ਅਸਲ ਵਿਚ ਕੰਪੋਜ਼ਿਟ ਕਲਚਰਲ ਪ੍ਰੋਗਰਾਮ ਸੀ ਜਿਸ ਵਿਚ ਵੱਖ ਵੱਖ ਰਾਜਾਂ ਦਾ ਪਹਿਰਾਵਾ ਤੇ ਉਥੋਂ ਦੀ ਖੇਤਰੀ ਸੰਸਕ੍ਰਿਤੀ ਨਾਲ ਸਾਂਝ ਪੁਆਈ ਗਈ ਸੀ। ਕਈ ਸੂਬਿਆਂ ਦੀਆਂ ਭਾਸ਼ਾਵਾਂ ਉਤੇ ਅਧਾਰਿਤ ਗੀਤ 'ਅਨੇਕਤਾ ਮੇਂ ਏਕਤਾ ਕਾ ਨਾਮ ਹਿੰਦੁਸਤਾਨ ਹੈ' ਬਹੁਤ ਪ੍ਰਭਾਵਸ਼ਾਲੀ ਰਿਹਾ। ਇਸ ਤੋਂ ਇਕ ਦਿਨ ਪਹਿਲਾਂ ਲੋਕ ਕਲਾ ਮੰਚ ਦੁਆਰਾ ਪੰਜਾਬੀ ਨਾਟਕ "ਅੱਲੇ ਜ਼ਖਮ ਪੰਜਾਬ ਦੇ" ਟੈਗੋਰ ਥੀਏਟਰ ਵਿਚ ਖੇਡਿਆ ਗਿਆ ਜਿਸ ਵਿਚ ਸੰਨ ਸੰਤਾਲੀ ਦੇ ਜ਼ਖਮਾਂ ਨੂੰ ਮੁੜ ਤਾਜ਼ਾ ਕਰਾ ਕੇ ਆਪਸੀ ਭਾਈਚਾਰਾ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਦਿੱਤਾ ਗਿਆ।

ਟੈਗੋਰ ਥੀਏਟਰ ਵਿਚ ਹੀ ਆਯੋਜਿਤ ਸਮਾਪਤੀ ਸਮਾਰੋਹ ਵਿਚ ਗੌਰਮਿੰਟ ਮਾਡਲ ਸਕੂਲ ਸੈਕਟਰ 37 ਦੀਆਂ ਵਿਦਿਆਰਥਣਾਂ ਦਾ ਸ਼ਬਦ "ਅੱਵਲ ਅੱਲਾਹ ਨੂਰ ਉਪਾਇਆ", ਸਰਕਾਰੀ ਕੰਨਿਆ ਹਾਇਰ ਸੈਕੰਡਰੀ ਸਕੂਲ ਦਾ "ਮਾਂਝੀ ਨ੍ਰਿਤ", ਗੌਰਮਿੰਟ ਹਾਈ ਸਕੂਲ ਧਨਾਸ ਦਾ ਪੁਤਲੀ ਨਾਚ "ਹਮ ਸਭ ਏਕ ਹੈਂ" ਅਤੇ ਕੁਮਾਰੀ ਭਾਵਨਾ ਦੀ ਇੰਦਰਾ ਗਾਂਧੀ ਬਾਰੇ ਕਵਿਤਾ ਬਹੁਤ ਪ੍ਰਭਾਵਸ਼ਾਲੀ ਆਈਟਮਾਂ ਸਨ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਰਕਾਰੀ ਤੌਰ ਉਤੇ ਮਨਾਏ ਗਏ ਇਸ "ਕੌਮੀ ਏਕਤਾ ਸਪਤਾਹ" ਦੌਰਾਨ ਜਿੰਨਾਂ ਕੁਝ ਵੀ ਕੀਤਾ ਗਿਆ, ਉਸ ਨਾਲ ਸ੍ਰੀਮਤੀ ਇੰਦਰਾ ਗਾਂਧੀ ਦੀ ਯਾਦ ਨੂੰ ਤਾਜ਼ਾ ਕੀਤੇ ਜਾਣ ਬਾਰੇ ਸਰਕਾਰੀ ਅੰਕੜਿਆਂ ਵਿਚ ਵਾਧਾ ਹੋਇਆ ਹੈ ਤੇ ਕੇਂਦਰੀ ਖਾਤੇ ਵਿਚ ਚੰਡੀਗੜ੍ਹ ਪ੍ਰਸ਼ਾਸਨ ਦੀ ਹਾਜ਼ਰੀ ਲੱਗੀ ਹੈ ਪਰ ਫਿਰ ਵੀ ਲਾਹੇਵੰਦੀ ਗੱਲ ਇਹ ਹੈ ਕਿ ਸਕੂਲੀ ਜ਼ਿੰਦਗੀ ਵਿਚੋਂ ਗੁਜ਼ਰ ਰਹੇ ਅੱਲ੍ਹੜ ਬਾਲ ਤੇ ਬਾਲੜੀਆਂ ਨੇ ਕੰਨਾਂ 'ਚ ਪਾਈ ਗਈ "ਕੌਮੀ ਏਕਤਾ ਦੀ ਲੋੜ" ਦੀ ਫੂਕ ਉਨ੍ਹਾਂ ਅੰਦਰ ਰਾਸ਼ਟਰ ਪ੍ਰਤੀ ਸੁਹਿਰਦਤਾ ਜਗਾ ਕੇ ਰੰਗ ਲਿਆਏਗੀ।

ਅਸ਼ੋਕ ਸ਼ਰਮਾ

## ਗ਼ਜ਼ਲ

ਜ. ਸ. ਚੌਹਾਨ

ਇਹ ਹਨ੍ਹੇਰੀ ਖ਼ੂਨ ਦੀ ਇਹ ਵਾਵਰੋਲੇ ਖ਼ੂਨ ਦੇ
ਸਸਤਾ ਸੌਦਾ ਕਰ ਰਹੇ ਨੇ ਇਹ ਵਿਚੋਲੇ ਖ਼ੂਨ ਦੇ।
ਲਬਰੇਜ਼ ਧਰਤੀ ਹੋ ਗਈ ਮਾਸੂਮ ਲਹੂ ਦੇ ਨਾਲ ਹੁਣ
ਕਹਿਰ ਬਣਕੇ ਉਡ ਰਹੇ ਨੇ ਇਹ ਬਗੋਲੇ ਖ਼ੂਨ ਦੇ।
ਅੱਜ ਮੇਰੀ ਕਲਮ ਰੋ ਰੋ ਲਹੂ ਦੇ ਹੰਝੂ ਡੋਲ੍ਹਦੀ
ਅੱਗੇ ਵੀ ਕੋਈ ਗਾ ਗਿਆ ਸੀ ਆ ਕੇ ਸੋਹਲੇ ਖ਼ੂਨ ਦੇ।
ਵਕਤ ਦਾ ਇਤਿਹਾਸ ਦੱਸੂ ਜੋ ਵੀ ਗੁਜ਼ਰੀ ਦੋਸਤੋ
ਲਾਲ ਵਰਕੇ ਹੋ ਗਏ ਨੇ ਮੂਹੋਂ ਬੋਲੇ ਖ਼ੂਨ ਦੇ।
ਕਾਤਿਲ ਵੀ ਨੇ ਆਪਣੇ-ਮਕਤੂਲ ਵੀ ਕੋਈ ਗ਼ੈਰ ਨਹੀਂ
ਕਿਉਂ ਪਿਆਸੇ ਹੋ ਗਏ ਨੇ ਅੰਨ੍ਹੇ-ਬੋਲੇ ਖ਼ੂਨ ਦੇ।
ਡੰਗੋ-ਡੰਗੀ ਕਰ ਸੁੱਟੀ ਏ ਧਰਤੀ ਮੇਰੇ ਦੇਸ਼ ਦੀ
ਅਜ਼ਲੋਂ ਭੁਖੇ ਜਾਪਦੇ ਨੇ ਇਹ ਸਪੋਲੇ ਖ਼ੂਨ ਦੇ।
ਮਾਸੂਮ ਕੁੱਠੇ ਵੇਖ ਕੇ ਚੌਹਾਨ ਤੇਰੀ ਕਲਮ ਨੇ
ਮਜਬੂਰ ਹੋ ਕੇ ਤੇਰੇ ਵਾਂਗੂ ਹੰਝੂ ਡੋਲ੍ਹੇ ਖ਼ੂਨ ਦੇ।

(ਫੋਟੋ: ਯੋਗ ਜਾਏ)



## ਮੁਨਾਫਾਖੋਰ

31 ਅਕਤੂਬਰ 84 ਤੋਂ 31 ਅਕਤੂਬਰ 85 ਤੱਕ ਬੈਂਕ ਆਫ ਮਾਂਟਰੀਅਲ ਨੂੰ ਟੈਕਸ ਦੇਣ ਤੋਂ ਬਾਅਦ 339.2 ਮਿਲੀਅਨ ਡਾਲਰ ਦਾ ਮੁਨਾਫਾ ਹੋਇਆ। ਇਹ ਮੁਨਾਫਾ 83-84 ਦੇ ਸਾਲ ਵਿਚ 283.4 ਮਿਲੀਅਨ ਸੀ। ਪਿਛਲੇ ਸਾਲ ਕਰਜ਼ਿਆਂ ਦੀਆਂ ਰਕਮਾਂ ਨਾ ਮੁੜਨ ਕਰਕੇ ਫਿਰ ਵੀ ਚੰਗੀ ਕਮਾਈ ਹੋਈ ਪਰ ਜੇ ਕਰਜ਼ੇ ਸਹੀ ਸਲਾਮਤ ਮੁੜਦੇ ਤਾਂ ਇਹ ਮੁਨਾਫਾ 391 ਮਿਲੀਅਨ ਹੁੰਦਾ (ਧੰਨਵਾਦ ਸਹਿਤ 'ਪੈਸੇਫਿਕ ਟ੍ਰਿਬਿਊਨ' ਵਿਚੋਂ (ਇਗਲਿਸ਼ ਵੀਕਲੀ)


**FLEXIBLE PREMIUM LIFE INSURANCE TAILOR-MADE**

To your needs which you can afford.

TOGETHER WE ARE STRONGER
NORTH AMERICAN LIFE

ਪਰਸਨਲ, ਬਿਜ਼ਨਿਸ, ਗਰੁੱਪ ਇਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ ਦਰਸ਼ਨ ਗਿੱਲ ਨੂੰ ਫੋਨ ਕਰੋ

INSURANCE FOR

- Personal
- Children
- Mortgage
- RRSP
- Group Insuranc & Annuities

NORTH AMERICAN LIFE
ASSURANCE CO.

# 320 - 815 W. HASTINGS ST.
VANCOUVER, B.C.

CONTACT

Bus: 685-9335
Res: 581-4473



DARSHAN GILL



# MINT AUTO BODY LTD.

**Phone: 433-1207**

ALIGNMENT and FRAME



■ Repair All Makes and Models ■

All Work Fully Guaranteed :: Courtesy Cars Available

**Bhupinder (Bob) Sihota**

MINT AUTO BODY LTD.
5590 Lane Street, Burnaby, B.C. V5H 2H5

# ਸਾ ਹਿ ਤ ਦ ਰ ਪ ਣ

## ਕਹਾਣੀ:

## ਮੈਂ ਕਿੱਥੇ ਹਾਂ?

**ਕਰਤਾਰ ਸਿੰਘ ਦੁੱਗਲ**

ਕਲਕੱਤੇ ਤੋਂ ਉਡਾਣ ਭਰ ਕੇ ਹਵਾਈ ਜਹਾਜ਼ ਕੋਈ 40 ਮਿੰਟਾਂ ਵਿਚ ਸਿਲਚਰ ਜਾ ਲੱਥਾ। ਬੋਇੰਗ ਤੋਂ ਬਾਹਰ ਨਿਕਲ ਕੇ ਅਸੀਂ ਵੇਖਿਆ, ਚੌਹਾਂ ਪਾਸੇ ਜੰਗਲ ਸੀ, ਉਚੇ ਨੀਵੇਂ ਰੁੱਖ, ਹਰੀਆਂ-ਭਰੀਆਂ ਝਾੜੀਆਂ, ਫੁੱਲਾਂ ਨਾਲ ਪੱਤਿਆਂ ਨਾਲ ਲੱਦੀਆਂ ਹੋਈਆਂ। ਟਰਮੀਨਲ ਜਹੀ ਚੀਜ਼ ਕਿਤੇ ਨਜ਼ਰ ਨਹੀਂ ਆ ਰਹੀ ਸੀ। ਅਸੀਂ ਸੋਚਿਆ, ਹਵਾਈ ਜਹਾਜ਼ ਨੂੰ ਸ਼ਾਇਦ ਮਜ਼ਬੂਰ ਹੋ ਕੇ ਕੁਥਾਏਂ ਉਤਰਨਾ ਪਿਆ ਹੈ। ਇਤਨੇ ਵਿਚ ਹਵਾਈ ਜਹਾਜ਼ ਦੇ ਕੋਲ ਇਕ ਵੈਨ ਆ ਰੁਕੀ ਇਸ ਵਿਚ ਬਿਠਾ ਕੇ ਸਾਨੂੰ ਟਰਮੀਨਲ ਤੇ ਪਹੁੰਚਾਇਆ ਜਾਣਾ ਸੀ। ਸਾਡੀ ਜਾਨ ਵਿਚ ਜਾਨ ਆਈ। ਜੰਗਲ ਵਿਚੋਂ ਇਕ ਭੀੜੀ ਜਹੀ ਸੜਕ 'ਤੇ ਵਲ ਖਾਂਦੀ ਆਖਰ ਵੈਨ ਸਾਨੂੰ ਸਿਲਚਰ ਦੇ ਹਵਾਈ ਅੱਡੇ ਦੀ ਇਮਾਰਤ 'ਤੇ ਲੈ ਆਈ।

ਚਾਰ ਮੈਂਬਰਾਂ ਦਾ ਸਾਡਾ ਡੈਲੀਗੇਸ਼ਨ ਮੀਜ਼ੋਰਾਮ ਦੇ ਦੌਰੇ 'ਤੇ ਸੀ। ਰਾਜ ਸਰਕਾਰ ਦੇ ਅਫਸਰ ਪਿਛਲੀ ਰਾਤ ਸਿਲਚਰ ਵਿਚ ਆ ਟਿਕੇ ਸਨ ਤਾਂ ਜੋ ਸਵੇਰੇ ਸਵੇਰੇ ਹਵਾਈ ਜਹਾਜ਼ ਦੇ ਅਪੜਨ ਤੇ ਸਾਨੂੰ ਮਿਲ ਲੈਣ ਤੇ ਆਪਣੇ ਨਾਲ ਐਜ਼ਵਲ ਲੈ ਚਲਣ। ਐਜ਼ਵਲ ਮੀਜ਼ੋਰਾਮ ਦੀ ਰਾਜਧਾਨੀ ਹੈ।

ਅਸੀਂ ਥੱਕੇ ਬਿਲਕੁਲ ਨਹੀਂ ਸਾਂ, ਨਾਸ਼ਤਾ ਵੀ ਸਾਨੂੰ ਹਵਾਈ ਜਹਾਜ਼ ਵਿਚ ਕਰਵਾ ਦਿਤਾ ਗਿਆ ਸੀ ਤਾਂ ਵੀ ਸਾਡੇ ਮੀਜ਼ਬਾਨਾਂ ਦਾ ਤਕਾਜ਼ਾ ਸੀ ਕਿ ਸਿਲਚਰ ਦੇ ਮੀਜ਼ੋਰਾਮ ਹਾਊਸ ਵਿਚ ਕੁਝ ਚਿਰ ਅਸੀਂ ਆਰਾਮ ਕਰ ਕੇ ਚਲੀਏ। ਹੋਰ ਨਹੀਂ ਤਾਂ ਇਕ-ਅਧ ਪਿਆਲਾ ਚਾਹ ਕਾਫੀ ਦਾ ਹੀ ਸਹੀ। ਅਗੇ ਸਫਰ ਲੰਮਾ ਸੀ।

"ਅੱਧੇ ਘੰਟੇ ਤੋਂ ਜ਼ਿਆਦਾ ਨਹੀਂ।" ਅਸੀਂ ਫੈਸਲਾ ਦਿੱਤਾ। ਮੀਜ਼ੋਰਾਮ ਹਾਊਸ ਸਿਲਚਰ ਹਵਾਈ ਅੱਡੇ ਤੋਂ ਕੋਈ 45 ਮਿੰਟ ਦਾ ਫਾਸਲਾ ਸੀ। ਫੇਰ ਐਜ਼ਵਲ ਅਪੜਨ ਤਕ ਸਾਨੂੰ ਰਾਤ ਪੈ ਜਾਣੀ ਸੀ।

"ਰਾਤ ਤਾਂ ਉਂਜ ਵੀ ਪੈ ਜਾਵੇਗੀ।" ਸਾਡੇ ਮੀਜ਼ਬਾਨਾਂ ਵਿਚੋਂ ਇਕ ਬੋਲਿਆ।

ਜਿਸ ਤਰ੍ਹਾਂ ਦੀਆਂ ਖਬਰਾਂ ਆਏ ਦਿਨ ਸਮਾਚਾਰ ਪੱਤਰਾਂ ਵਿਚ ਛਪਦੀਆਂ ਸਨ, ਅਸੀਂ ਕੋਈ ਖਤਰਾ ਨਹੀਂ ਲੈਣਾ ਚਾਹੁੰਦੇ ਸਾਂ। ਜੇ ਦਿਨੇਂ ਨਹੀਂ ਤਾਂ ਦਿਲ-ਢਲਦੇ ਹੀ ਅਸੀਂ ਐਜ਼ਵਲ ਅਪੜਨਾ ਚਾਹੁੰਦੇ ਸਾਂ।

ਮੀਜ਼ੋਰਾਮ ਹਾਊਸ ਵਿਚ ਅਸੀਂ ਵੰਡੇ ਗਏ। ਇਕ ਨਿਵੇਕਲੀ ਜੀਪ ਸਾਡੀ ਸੁਰੱਖਿਆ ਲਈ ਸਾਡੇ ਅੱਗੇ ਸੀ। ਇਕ ਜੀਪ ਸਾਡੀ ਖਾਤਰ ਅਤੇ ਇਕ ਮੀਜ਼ਬਾਨਾਂ ਲਈ ਸਾਡੇ ਪਿਛੇ ਸੀ।

ਭਾਵੇਂ ਅਸੀਂ ਕਾਹਲ ਮਚਾਈ ਹੋਈ ਸੀ ਪਰ ਸਾਡੇ ਕਾਫਲੇ ਨੇ ਤੁਰਦਿਆਂ ਤੁਰਦਿਆਂ ਦੁਪਹਿਰ ਕਰ ਦਿਤੀ। ਮੈਨੂੰ ਡਰ ਸੀ ਰਸਤੇ ਵਿਚ ਲੰਚ ਲਈ ਰੁਕਣਾ ਹੋਵੇਗਾ, ਫੇਰ ਸ਼ਾਮ ਦੀ ਚਾਹ ਲਈ। ਅਸੀਂ ਰਾਤ ਦੇ ਕੋਈ ਅੱਠ ਨੌਂ ਵਜੇ ਐਜ਼ਵਲ ਅਪੜਾਂਗੇ। ਇੱਧਰ ਰਾਤ ਵੀ ਤਾਂ ਛੇਤੀ ਪੈ ਜਾਂਦੀ ਸੀ।

ਉਹੀ ਗੱਲ ਹੋਈ, ਕੱਚਾਰ ਦੀ ਵਾਦੀ ਟੱਪ ਕੇ ਅਸੀਂ ਇਕ-ਤੋਂ-ਬਾਅਦ-ਇਕ ਪਹਾੜੀਆਂ ਉਲਾਂਘਣੀਆਂ ਸ਼ੁਰੂ ਕੀਤੀਆਂ। ਤੇ ਇੰਜ ਬਹੁਤ ਦੇਰ ਨਹੀਂ ਹੋਈ ਸੀ ਕਿ ਦੁਪਹਿਰ ਦੇ ਖਾਣੇ ਲਈ ਕਾਫਲਾ ਰੁਕ ਗਿਆ।

ਸੜਕ ਕੰਢੇ ਆਮ ਪਹਾੜੀ ਇਲਾਕਿਆਂ ਵਰਗਾ ਇਕ ਗਰੀਬੜਾ ਜਿਹਾ ਢਾਬਾ ਸੀ, ਬੁੱਢ-ਪੁਰਾਣਾ ਲੱਕੜੀ ਦਾ ਇਕ ਢਿਚਕੂੰ ਢਿਚਕੂੰ ਕਰ ਰਿਹਾ ਮੇਜ਼, ਬੈਠਣ ਲਈ ਲਕੜੀ ਦੀ ਬੈਂਚ, ਇਕ ਪਾਸੇ ਨੁੱਕਰ ਵਿਚ ਹੱਥ ਧੋਣ ਲਈ ਚੁਬੱਚੇ ਕੋਲ ਪਾਣੀ ਦੀ ਇਕ ਡੋਲਚੀ ਤੇ ਡੌਂਗਾ, ਦੂਜੇ ਪਾਸੇ ਗਠਿਆਲੀ ਉਤੇ ਚੁੱਲ੍ਹਾ, ਉਹਦੇ ਨਾਲ ਕਾਂਸੀ ਦੇ ਤਾਂਬੀਏ ਜਿਨ੍ਹਾਂ ਵਿਚ ਸਬਜ਼ੀ-ਤਰਕਾਰੀ ਆਦਿ ਰਿੱਧਾ-ਪੱਕਾ ਰਖਿਆ ਸੀ। ਚੁਲ੍ਹੇ ਉਤੇ ਧੁਆਂਖੀ ਹੋਈ ਪਾਣੀ ਦੀ ਕੇਤਲੀ ਉਬਲ ਉਬਲ ਕੇ ਝੱਲੀ ਹੋ ਰਹੀ ਸੀ। ਢਾਬੇ ਦੀ ਮਾਲਕਣ ਤੇ ਉਹਦੀਆਂ ਦੋ ਜੁਆਨ ਸਾਥਣਾਂ ਨੂੰ ਵੇਖ ਵੇਖ ਕੇ ਜਿਵੇਂ ਭੁਖ ਨਾ ਲਗਦੀ ਹੋਵੇ। ਇਕ ਮਾਂ ਜਾਪਦੀ ਸੀ ਤੇ ਦੂਜੀਆਂ ਦੋ ਜੁਆਨ ਧੀਆਂ ਪ੍ਰਤੀਤ ਹੁੰਦੀਆਂ ਸਨ। ਜਿਵੇਂ ਕੋਈ ਨਟ-ਖਟ ਸੁਆਣੀਆਂ ਗਰੀਬੀ ਦਾ ਮਭਿਨੈ ਕਰ ਰਹੀਆਂ ਹੋਣ। ਸਾਦ-ਮੁਰਾਦੇ ਫਰਾਕ, ਪੈਰੀਂ ਰਬੜ ਦੀਆਂ ਚੱਪਲਾਂ, ਸੰਵਾਰਿਆ-ਸਜਾਇਆ ਹੋਇਆ ਨਕ ਸ਼ਿਖ, ਹਸੂੰ ਹਸੂੰ ਕਰ ਰਹੀਆਂ, ਆਏ-ਗਏ ਦੀ ਖਾਤਰ ਲਈ ਜਿਵੇਂ ਵਿਛ ਵਿਛ ਜਾ ਰਹੀਆਂ ਹੋਣ।

"ਹੜੀਆ?" ਸਾਡੇ ਵਿਚੋਂ ਇਕ ਨੇ ਢਾਬੇ ਵਿਚ ਕਦਮ ਰੱਖਦੇ ਹੀ ਅਧੇੜ ਉਮਰ ਦੀ ਮਾਂ ਵਲ ਵੇਖਦੇ ਹੋਏ ਕਿਹਾ।

"ਯੈਸ ਸਰ" ਅਗੋਂ ਇਕ ਨੌਜੁਆਨ ਧੀ ਬੋਲੀ ਤੇ ਤੇਜ਼ ਤੇਜ਼ ਕਦਮ ਢਾਬੇ ਦੇ ਪਿੱਛੇ ਇਕ ਕੋਠੜੀ ਵਿਚ ਜਾ ਵੜੀ। ਝਟ ਕੁ ਬਾਅਦ ਜਦੋਂ ਉਹ ਮੁੜੀ ਉਹਦੇ ਹੱਥਾਂ ਵਿਚ ਬੀਅਰ ਦੀਆਂ ਦੋ ਬੋਤਲਾਂ ਸਨ। "ਟਵੈਂਟੀ ਰੁਪੀਜ਼ ਈਚ। ਬੀਸ ਰੁਪੈ ਅੰਗਰੇਜ਼ੀ ਵਿਚ ਕੀਮਤ ਦੱਸ ਕੇ ਉਸ ਹਿੰਦੁਸਤਾਨੀ ਵਿਚ ਨਾਲ ਹੀ ਉਲਥਾ ਕਰ ਦਿਤਾ। ਖਬਰੇ ਸਾਨੂੰ ਅੰਗਰੇਜ਼ੀ ਆਂਦੀ ਸੀ ਕਿ ਨਹੀਂ।

ਆਪਸ ਵਿਚ ਉਹ ਫਰਨ ਫਰਨ ਅੰਗਰੇਜ਼ੀ ਬੋਲਦੀਆਂ ਸਨ। ਕਟੇ ਹੋਏ ਅਪਟੂਡੇਟ ਢੰਗ ਦੇ ਫੈਸ਼ਨੇਬਲ ਵਾਲ, ਚਾਲ-ਢਾਲ, ਉਠਣ-ਬੈਠਣ ਸਮੁਲਾ ਇੰਜ ਜਿਵੇਂ ਕਿਸੇ ਵਲਾਇਤ ਦੇ ਰੈਸਟੋਰੈਂਟ ਵਿਚ ਕੰਮ ਕਰਣ ਵਾਲੀਆਂ ਹੋਣ ਤੇ ਉਂਜ ਹੀ ਜੀਰਕ ਦਿਮਾਗ। ਅਸੀਂ ਖਾਣਾ ਸ਼ੁਰੂ ਹੀ ਕੀਤਾ ਸੀ ਕਿ ਇਕ ਕੁੜੀ ਨੇ ਸਟੀਰੀਓ ਤੇ ਪਾਪ ਸੰਗੀਤ ਚਾਲੂ ਕਰ ਦਿਤਾ। ਮੈਨੂੰ ਸੁਰ ਦਾ ਮਾਸ ਪਸੰਦ ਨਹੀਂ ਸੀ ਆਪਣੀ ਪਲੇਟ ਵਿਚ ਚਾਵਲਾਂ ਉਤੇ ਦਾਲ ਪਾ ਕੇ ਮੈਂ ਖਾ ਰਿਹਾ ਸਾਂ ਕਿ ਦੂਜੀ ਕੁੜੀ ਨੇ ਵੇਖਿਆ ਤੇ ਮੇਰੇ ਸਾਹਮਣੇ ਇਕ ਕਟੋਰੀ ਵਿਚ ਸਬਜ਼ੀ ਲਿਆ ਰੱਖੀ। ਸਬਜ਼ੀ ਨੂੰ ਸਰੋਂ ਦੇ ਤੇਲ ਦਾ ਤੜਕਾ ਲਾਇਆ ਹੋਇਆ ਸੀ। ਇਕ ਨਿਵਾਲਾ ਖਾ ਕੇ ਮੈਂ ਉਸ ਨੂੰ ਵੀ ਪਰ੍ਹੇ ਕਰ ਦਿਤਾ। ਇਹ ਵੇਖ ਝੱਟ ਉਸ ਛਿੱਕੇ ਵਿਚੋਂ ਦੋ ਅੰਡੇ ਕੱਢੇ ਤੇ ਤਾਵਲੇ ਤਾਵਲੇ ਮੱਖਣ ਵਿਚ ਉਨ੍ਹਾਂ ਦੀ ਭੁਜੀਆ ਬਣਾਂ ਕੇ ਮੈਨੂੰ ਆਣ ਪੇਸ਼ ਕੀਤੀ। ਹੁਣ ਜਦੋਂ ਮੈਂ ਖੁਸ਼ੀ ਖੁਸ਼ੀ ਚਾਵਲਾਂ ਨਾਲ ਭੁਜੀਆ ਮਿਲਾ ਕੇ ਖਾ ਰਿਹਾ ਸਾਂ ਉਹਦਾ ਜਿਵੇਂ ਸਾਹ ਵਿਚ ਸਾਹ ਆਇਆ ਹੋਵੇ। ਮੇਜ਼ ਤੇ ਸਲਾਦ ਖਤਮ ਹੋ ਗਿਆ ਸੀ, ਪਹਿਲੀ ਕੁੜੀ ਟਮਾਟਰ ਤੇ ਮੂਲੀ ਕੱਟ ਕੇ ਪਲੇਟ ਵਿਚ ਲੱਦ ਗਈ। ਪਾਣੀ ਦਾ ਜਿਹੜਾ ਗਿਲਾਸ ਖਾਲੀ ਹੁੰਦਾ ਕੋਈ ਨਾ ਕੋਈ ਉਸ ਨੂੰ ਭਰ ਜਾਂਦੀ।

ਬੇਸ਼ਕ ਉਹ ਟੁੱਟਾ-ਫੁੱਟਾ ਢਾਬਾ ਸੀ ਪਰ ਖਾਣਾ ਖਾਂਦਿਆਂ ਜਿਹੜੀ ਖਾਤਰ ਸਾਡੀ ਹੁੰਦੀ ਰਹੀ, ਉਹ ਕਿਸੇ ਵੀ ਵਧੀਆ ਤੋਂ ਵਧੀਆ ਹੋਟਲ ਵਰਗੀ ਸੀ, ਜੇ ਵਧੇਰੇ ਚੰਗੀ ਨਹੀਂ।

ਤੁਰਨ ਲੱਗੇ ਮੈਂ ਉਨ੍ਹਾਂ ਵਿਚੋਂ ਇਕ ਦੀ ਤਲੀ 'ਤੇ ਪੰਜ ਰੁਪਏ ਰੱਖਣ ਦੀ ਕੋਸ਼ਿਸ਼ ਕੀਤੀ। "ਬਟ ਹੀ ਹੈਜ਼ ਪੇਡ ਅਸ ਟਿਪ, ਉਸਨੇ ਹਮਕੋ ਟਿਪ ਦੇ ਦਿਆ।" ਉਂਜ ਹੀ ਉਸ ਪਹਿਲੇ ਅੰਗਰੇਜ਼ੀ ਵਿਚ ਤੇ ਫਿਰ ਹਿੰਦੁਸਤਾਨੀ ਵਿਚ ਕਿਹਾ ਤੇ ਪੰਜ ਰੁਪਏ ਦਾ ਨੋਟ ਮੈਨੂੰ ਵਾਪਸ ਕਰ ਦਿਤਾ। ਇੰਜ ਜਾਪਦਾ ਸੀ ਕਿ ਸਾਡੇ ਮੀਜ਼ਬਾਨ ਨੇ ਬਿਲ ਚੁਕਾਂਦੇ ਸਮੇਂ ਉਨ੍ਹਾਂ ਦੀ ਬਣਦੀ ਟਿਪ ਵੀ ਦੇ ਦਿੱਤੀ ਸੀ। ਦੋ ਵਾਰ ਟਿਪ ਲੈਣਾ ਵਾਜਬ ਨਹੀਂ ਸੀ। ਨੌਜੁਆਨ ਕੁੜੀ ਮੇਰੇ-ਵਲ ਹਸੂੰ ਹਸੂੰ ਕਰਦੀ ਵੇਖ ਰਹੀ ਸੀ। ਇਹ ਹਾਲ ਸੀ ਉਨ੍ਹਾਂ ਦੀ ਈਮਾਨਦਾਰੀ ਦਾ।

ਖਾਣਾ ਖਾ ਕੇ ਨਿਕਲੇ ਤਾਂ ਅੱਗੇ ਸੜਕ ਬੜੀ ਖਰਾਬ ਸੀ। ਕੱਚੇ ਤੋਂ ਵੀ ਕਿਤੇ ਗਈ ਗੁਜ਼ਰੀ। ਪਿਛਲੀਆਂ ਬਾਰਸ਼ਾਂ ਵਿਚ ਪੋਸਾਂ ਡਿਗੀਆਂ ਸਨ, ਪੁਲ ਟੁੱਟੇ ਸਨ, ਥਾਂ ਥਾਂ ਤੇ ਸੜਕ ਰੁੜ੍ਹ ਗਈ ਸੀ। ਪੁਲ ਤਾਂ ਫੌਜ ਨੇ ਮੁੜ ਬਣਾ ਦਿਤੇ ਸਨ। ਉਨ੍ਹਾਂ ਦੀ ਆਪਣੀ ਆਵਾਜਾਈ ਢੇਰ ਸਾਰੀ ਹੁੰਦੀ ਸੀ, ਪਰ ਸੜਕ ਦੀ ਮੁਰੰਮਤ ਅਜੇ ਸ਼ੁਰੂ ਨਹੀਂ ਹੋਈ ਸੀ। ਕਦਮ ਕਦਮ ਤੇ ਖੱਡੇ, ਵੱਟੇ, ਗੀਟੇ, ਕੱਚਾ। ਸ਼ਾਮੀ ਚਾਹ ਪੀਣ ਲਈ ਜਦੋਂ ਜੀਪਾਂ ਵਿਚੋਂ ਅਸੀਂ ਬਾਹਰ ਨਿਕਲੇ, ਹਰੇਕ ਦੇ ਮੂੰਹ-ਮੱਥੇ 'ਤੇ ਚੱਪਾ ਚੱਪਾ ਧੂੜ ਜਮੀ ਹੋਈ ਸੀ। ਧੂੜ ਲੱਦੇ ਭਰਵੱਟੇ, ਧੂੜ ਲੱਦੀਆਂ ਪਲਕਾਂ, ਸਿਰ ਦੇ ਵਾਲਾਂ ਤੇ ਜਿਵੇਂ ਧੂੜ ਦਾ ਲੇਪ ਦਿਤਾ ਹੋਵੇ। ਅਸੀਂ ਬਾਹਰ ਨਿਕਲੇ ਤਾਂ ਅੱਗੇ-ਪਿਛੇ ਖਲੋਤੇ ਮੀਜ਼ੋ ਮੁੰਡਿਆਂ-ਕੁੜੀਆਂ ਨੇ ਤਾੜੀਆਂ ਮਾਰ ਕੇ ਇਕ ਜ਼ੋਰ ਦਾ ਕਹਿਕਹਾ ਲਾਇਆ। ਫੇਰ ਇਕ ਦਮ ਖਾਮੋਸ਼ ਹੋ ਗਏ। ਅਸੀਂ ਤਾਂ ਮਹਿਮਾਨ ਸਾਂ!

ਮੈਨੂੰ ਯਾਦ ਆਇਆ ਦੋ ਵਰ੍ਹੇ ਹੋਏ ਡਾਕਟਰ ਮੁਲਖ ਰਾਜ ਆਨੰਦ ਤੇ ਮੈਂ ਲੱਦਾਖ ਗਏ ਸਾਂ। ਸਾਡੇ ਸਫਰ ਦਾ ਪ੍ਰਬੰਧ ਉਸ ਖੇਤਰ ਦੀ ਸੀਮਾ ਸੜਕ ਸੰਸਥਾ "ਬੀਕਨ" ਦੇ ਜ਼ਿੰਮੇ ਸੀ। ਉਹ ਲੋਕ ਸੜਕ ਟੁੱਟਦੀ ਪਿਛੋਂ ਤੇ ਪਹਿਲੇ ਉਸ ਨੂੰ ਮੁਰੰਮਤ ਕਰ ਦਿੰਦੇ। ਥਾਂ ਥਾਂ ਤੇ ਉਨ੍ਹਾਂ ਚੌਕੀਆਂ ਕਾਇਮ ਕੀਤੀਆਂ ਹੋਈਆਂ ਸਨ। ਇੰਜ ਜਾਪਦਾ ਇਸ ਪਾਸੇ ਦੀ ਸੀਮਾ ਸੜਕ ਸੰਸਥਾ "ਚੰਪਕ" ਆਪਣੇ ਕੰਮ ਵਿਚ ਇਤਨੀ ਮੁਸਤਅਦੀ ਨਹੀਂ ਵਰਤ ਰਹੀ ਸੀ। ਸੜਕ ਦਾ ਹਾਲ ਓਤਰਾ ਸੀ। ਝਟਕੇ ਤੇ ਹਿਚਕੋਲੇ ਖਾ ਖਾ ਕੇ ਸਾਡਾ ਇੰਜਰ ਪਿੰਜਰ ਢਿੱਲਾ ਹੋ ਗਿਆ ਸੀ।

ਉਹੀ ਗੱਲ ਹੋਈ, ਘੁੱਪ ਹਨੇਰਾ ਹੋ ਗਿਆ ਸੀ ਤੇ ਅਸੀਂ ਅਜੇ ਸਫਰ ਵਿਚ ਸਾਂ ਇਕ ਪਾਸੇ ਪਹਾੜ, ਦੂਜੇ ਪਾਸੇ ਘਣਾ ਜੰਗਲ। ਇਸ ਜੰਗਲ ਵਿਚ ਹਾਥੀ ਤੋਂ ਲੈ ਕੇ ਚੀਤੇ ਤਕ ਹਰ ਤਰ੍ਹਾਂ ਦੇ ਜਾਨਵਰ ਸਨ। ਵਹਿਸ਼ੀ ਤੋਂ ਵਹਿਸ਼ੀ ਤੇ ਖੂੰਖਾਰ ਮੀਜ਼ੋ ਵਿਦਰੋਹੀ, ਸਿਰ-ਧੜ ਦੀ ਬਾਜ਼ੀ ਲਾਈ ਆਪਣੀ ਰਹਿਤਲ ਦਾ ਨਿਵੇਕਲਾ ਅਸਤਿਤਵ ਬਣਾਈ ਰੱਖਣ ਦੇ ਚਾਹਵਾਨ। ਆ ਜਾ ਰਹੀਆਂ ਫੌਜੀ ਟੁਕੜੀਆਂ 'ਤੇ ਹਮਲੇ ਕਰਦੇ। ਸ਼ਹਿਰਾਂ ਵਿਚ, ਕਸਬਿਆਂ ਵਿਚ ਪੁਲਸ ਦੇ ਥਾਣਿਆਂ ਤੇ ਬੰਬ ਵਰਸਾ ਕੇ ਛਾਈਂ ਮਾਈਂ ਹੋ ਜਾਂਦੇ।

ਜਿਉਂ ਜਿਉਂ ਹਨੇਰਾ ਵਧ ਰਿਹਾ ਸੀ, ਜਿਉਂ ਜਿਉਂ ਰਾਤ ਘਨੇਰੀ ਹੋ ਰਹੀ ਸੀ, ਮੇਰੇ ਮਨ ਵਿਚ ਹਰ ਤਰ੍ਹਾਂ ਦੇ ਵਿਸ਼ਵਿਸੇ ਉਭਰ ਰਹੇ ਸਨ। ਮੈਨੂੰ ਪਰੇਸ਼ਾਨ ਕਰਨ ਲਗ ਪਏ ਸਨ। ਬੇਸ਼ਕ ਹਿਫਾਜ਼ਤੀ ਟੁਕੜੀ ਸਾਡੇ ਅੱਗੇ ਅੱਗੇ ਸੀ ਪਰ ਇਸ ਤਰ੍ਹਾਂ ਦੇ ਘਣੇ ਜੰਗਲ ਵਿਚ ਇਸ ਤਰ੍ਹਾਂ ਦੀ ਘਣੀ ਰਾਤ ਵਿਚ ਕੁਝ ਵੀ ਹੋ ਸਕਦਾ ਸੀ। ਹਰ ਰੁੱਖ ਦੇ ਪਿੱਛੇ ਮੈਨੂੰ ਮੀਜ਼ੋ ਗੁਰੀਲਾ ਛੁਪਿਆ ਹੋਇਆ ਪ੍ਰਤੀਤ ਹੁੰਦਾ। ਹਰ ਖਾਈ ਵਿਚ ਮੈਨੂੰ ਵਿਦਰੋਹੀਆਂ ਦੀ ਹਲ-ਚਲ ਸੁਣਾਈ ਦਿੰਦੀ। ਕਿਤੇ ਕੋਈ ਵਧੇਰੇ ਉਚਾ ਖੜਾਕ ਹੁੰਦਾ, ਮੇਰੇ ਪਸੀਨੇ ਛੁੱਟ ਜਾਂਦੇ। ਮੈਂ ਸੋਚ ਰਿਹਾ ਸਾਂ, ਸਾਡੇ ਡੈਲੀਗੇਸ਼ਨ ਨੂੰ ਕੀ ਮੁਸੀਬਤ ਆ ਗਈ ਸੀ ਕਿ ਮੀਜ਼ੋਰਾਮ ਦਾ ਦੌਰਾ ਸਾਡੇ ਲਈ ਇਤਨਾਂ ਲਾਜ਼ਮੀ ਹੋ ਗਿਆ ਸੀ।

ਤੇ ਫਿਰ ਮੇਰੀਆਂ ਅੱਖੀਆਂ ਦੇ ਸਾਹਮਣੇ ਸੜਕ ਦੇ ਢਾਬੇ ਦੀਆਂ ਸੁਆਣੀਆਂ ਦਾ ਚਿੱਤਰ ਘੁੰਮਣ ਲੱਗ ਪੈਂਦਾ। ਜਿਨ੍ਹਾਂ ਲੋਕਾਂ ਨੂੰ ਅਸੀਂ ਟਰਾਈਬਲ ਕਹਿੰਦੇ ਹਾਂ ਪਿਛੜੀਆਂ ਹੋਈਆਂ ਜਾਤੀਆਂ ਦੇ ਸਮਝਦੇ ਸਾਂ, ਉਨ੍ਹਾਂ ਤੋਂ ਅਸੀਂ ਆਪ ਓਰਸਾਰਾ ਸਿਖਣਾ ਸੀ। ਉਨ੍ਹਾਂ ਦੀ ਰਹਿਣੀ ਬਹਿਣੀ, ਸੁਚੱਮ, ਈਮਾਨਦਾਰੀ, ਉਠਣ ਬੈਠਣ ਦਾ ਸਲੀਕਾ, ਕੰਮ ਕਰਨ ਦਾ ਤੌਰ-ਤਰੀਕਾ ਸਾਥੋਂ ਬਿਹਤਰ ਸੀ।

ਇਹੀ ਗੱਲ ਮੁੜ ਮੁੜ ਮੈਨੂੰ ਐਜ਼ਵਲ ਦੇ ਸਾਡੇ ਕਯਾਮ ਦੇ ਦੌਰਾਨ ਕੁਰੇਦ ਰਹੀ ਸੀ। ਗੈਸਟ ਹਾਊਸ ਵਿਚ ਆਰਾਮ ਦੀ ਹਰ ਚੀਜ਼ ਮੁਹੱਈਆ ਕੀਤੀ ਹੋਈ ਸੀ। ਟੀ. ਵੀ. ਸੀ, ਟੈਲੀਫੋਨ ਸੀ। ਛੱਤ ਤੇ ਲਗੇ ਸੋਲਰ ਹੀਟਰ ਨਾਲ ਪਾਣੀ ਗਰਮ ਹੁੰਦਾ ਸੀ। ਪਰ ਸ਼ਹਿਰ ਵਿਚ ਪਾਣੀ ਦੀ ਕਮੀ ਸੀ। ਸਾਰਾ ਸਾਰਾ ਦਿਨ ਨਲਕੇ ਸੁੱਕੇ ਰਹਿੰਦੇ। ਬਿਜਲੀ ਦੀ ਘਾਟ ਸੀ, ਤਦੇ ਤਾਂ ਸੋਲਰ ਹੀਟਰ ਤੋਂ ਕੰਮ ਲਿਆ ਜਾਂਦਾ ਸੀ। ਰਾਤੀਂ ਕਮਰੇ ਵਿਚ ਬੰਦਾ ਪੜ੍ਹ ਨਹੀਂ ਸਕਦਾ। ਦਿੱਲੀ ਤੋਂ, ਕਲਕੱਤੇ ਤੋਂ, ਗੋਹਾਟੀ ਤੋਂ ਕਿਤਨੇ ਕਿਤਨੇ ਦਿਨ ਅਖਬਾਰ ਨਹੀਂ ਅਪੜਦੇ ਸਨ। ਐਜ਼ਵਲ ਦੇ ਲੋਕ ਸਾਈਕਲੋਸਟਾਈਲ ਕਰ ਕੇ ਵੰਡੇ ਗਏ ਸਥਾਨਕ ਸਮਾਚਾਰ ਪੱਤਰ ਪੜ੍ਹਦੇ ਸਨ। ਇਸ ਤਰ੍ਹਾਂ ਦੇ ਅਖਬਾਰਾਂ ਦੀ ਭਰਮਾਰ ਸੀ। ਘੱਟੋ ਘੱਟ 13 ਇਸ ਤਰ੍ਹਾਂ ਦੇ ਸਮਾਚਾਰ ਪੱਤਰ ਸਾਡੇ ਲਈ ਗਿਣਵਾਏ ਗਏ। ਪ੍ਰੈਸ ਦੀਆਂ ਮਸ਼ੀਨਾਂ ਦੀ ਕਿੱਲਤ ਸੀ। ਲੋਕੀਂ ਮੀਜ਼ੋ ਭਾਸ਼ਾ ਵਿਚ ਸਾਈਕਲੋਸਟਾਈਲ ਕੀਤੀਆਂ ਕਹਾਣੀਆਂ ਆਦਿ ਪੜ੍ਹ ਕੇ ਖੁਸ਼ ਹੋ ਲੈਂਦੇ।

ਇਸ ਗੱਲ ਵਲ ਮੀਜ਼ੋਰਾਮ ਦੇ ਸਿਖਿਆ ਮੰਤਰੀ ਨੇ ਸਾਡਾ ਧਿਆਨ ਦਿਵਾਇਆ ਜਦੋਂ ਸਾਡੀ ਉਹਦੇ ਨਾਲ ਮੁਲਾਕਾਤ ਹੋਈ। ਮੋਟਾ ਭਾਰੀ ਖੁਸ਼ ਰਹਿਣਾ ਸ਼ਖਸ, ਪਾਨ ਚਬਾ ਰਿਹਾ ਸੀ ਤੇ ਹੱਸ ਹੱਸ ਕੇ ਸਾਨੂੰ ਦੱਸ ਰਿਹਾ ਸੀ — ਸਾਡੀ ਮੁਸੀਬਤ ਇਹ ਵੇ ਕਿ ਅਸੀਂ ਅਲੱਗ-ਥਲੱਗ ਇਕ ਨੁਕੜ ਵਿਚ ਪਏ ਹਾਂ। ਇਕ ਪਾਸੇ ਬਰਮਾ ਦੀ ਸਰਹੱਦ ਹੈ, ਦੂਜੇ ਪਾਸੇ ਅਲੰਘ ਪਹਾੜ। ਸੜਕ ਰਾਹੀਂ ਸਿਲਚਰ ਤੋਂ ਐਜ਼ਵਲ ਤਕ ਅਪੜਨ ਵਿਚ ਪੂਰਾ ਦਿਨ ਲਗਦਾ ਜਾਂਦਾ ਹੈ। ਤੇ ਸੜਕ ਦਾ ਹਾਲ ਤੁਸੀਂ ਵੇਖ ਹੀ ਲਿਆ ਹੋਵੇਗਾ। ਦਿੱਲੀ ਵਾਲੇ ਇਧਰ ਮੂੰਹ ਨਹੀਂ ਦਿੰਦੇ। ਮਜਾਲ ਹੈ ਫੇਰਾ ਪਾ ਜਾਣ। ... ਅਸੀਂ ਹਿੰਦੀ ਸਿਖਣਾ ਚਾਹੁੰਦੇ ਹਾਂ। ਸਾਡੀ ਰਾਜ ਸਰਕਾਰ ਨੇ ਸਕੂਲਾਂ ਵਿਚ ਹਿੰਦੀ ਦੀ ਪੜ੍ਹਾਈ ਲਾਜ਼ਮੀ ਕਰ ਦਿਤੀ ਹੈ। ਪਰ ਸਾਡੇ ਕੋਲ ਹਿੰਦੀ ਦੇ ਅਧਿਆਪਕ ਨਹੀਂ। 352 ਹਿੰਦੀ ਤੇ ਪ੍ਰਮਾਇਮਰੀ ਸਕੂਲਾਂ ਦੇ ਅਧਿਆਪਕਾਂ ਤੇ ਕੋਈ 20 ਹਾਇਰ ਸੈਕੰਡਰੀ ਦੇ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਨੇ। ਦਿੱਲੀ ਵਾਲਿਆਂ ਦੇ ਸਿਰ ਤੇ ਜੂੰ ਤਕ ਨਹੀਂ ਰੀਂਗਦੀ, ਮੈਂ ਚਿੱਠੀਆਂ ਲਿਖ ਲਿਖ ਕੇ ਥੱਕ ਲੱਥਾ ਹਾਂ।... ਸਾਡੇ ਲੋਕ ਅਮਨ ਚਾਹੁੰਦੇ ਨੇ। ਭਰਾਵਲੀ ਚਾਹੁੰਦੇ ਨੇ। ਬਾਕੀ ਦੇਸ਼ ਨਾਲ ਇਕਮਿਕ ਹੋਣਾ ਚਾਹੁੰਦੇ ਨੇ ਪਰ ਸਾਨੂੰ ਕੋਈ ਆਪਣੇ ਵਿਚ ਮਿਲਾਏ ਤਾਂ ਸਹੀ। ਸਾਡੇ ਲਈ ਕੋਈ ਬਾਹਵਾਂ ਤਾਂ ਟੱਡੇ। ਕੋਈ ਸਾਡੀ ਉਂਗਲੀ ਵੀ ਤਾਂ ਫੜੇ।

ਸਾਡਾ ਡੈਲੀਗੇਸ਼ਨ ਹੱਕਾ-ਬੱਕਾ ਸੁਣਦਾ ਰਿਹਾ। ਵੱਡੀਆਂ ਵੱਡੀਆਂ ਯੋਜਨਾਵਾਂ ਜਿਹੜੀਆਂ ਲੈ ਕੇ ਅਸੀਂ ਆਏ ਸਾਂ ਸਾਡੇ ਹੋਠਾਂ ਤੇ ਜਿਵੇਂ ਜੰਮ ਕੇ ਰਹਿ ਗਈਆਂ। ਪਹਿਲੇ ਤਾਂ ਅਸੀਂ ਮੁਢਲੀ ਢੱਕੀ ਚੜ੍ਹਨੀ ਸੀ।

ਇਸ ਤਰ੍ਹਾਂ ਦੇ ਸਰਕਾਰੀ ਦੌਰਿਆਂ ਦੇ ਦੌਰਾਨ ਮੇਰੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਹੈ ਕਿ ਸਥਾਨਕ ਲੇਖਕਾਂ, ਸਾਹਿਤਕਾਰਾਂ ਆਦਿ ਨਾਲ ਮੁਲਾਕਾਤ ਕੀਤੀ ਜਾਏ, ਉਨ੍ਹਾਂ ਨਾਲ ਵੀਚਾਰ-ਵਟਾਂਦਰਾ ਕੀਤਾ ਜਾਏ। ਮੀਜ਼ੋ ਲੇਖਕਾਂ ਵਿਚੋਂ ਇਕ ਨੂੰ ਪਿਛਲੇ ਵਰ੍ਹੇ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਪਰ ਉਹਦੀਆਂ ਕਿਤਾਬਾਂ ਛਾਪਣ ਦਾ ਕੋਈ ਇੰਤਜ਼ਾਮ ਨਹੀਂ। ਉਹਨੂੰ ਆਪਣੇ ਖਰਚ ਤੇ ਆਪ ਕਿਤਾਬ ਛਾਪਣੀ ਹੁੰਦੀ ਹੈ ਤੇ ਆਪ ਹੀ ਵੇਚਣੀ ਹੁੰਦੀ ਹੈ। ਸਰਕਾਰ ਵਲੋਂ ਵੱਧ ਤੋਂ ਵੱਧ 500 ਰੁਪਏ ਦੀ ਸਹਾਇਤਾ ਦਿਤੀ ਜਾਂਦੀ ਹੈ ਉਹ ਵੀ ਮਸੌਦੇ ਨੂੰ ਕੱਪੜ-ਛਾਣ ਕੇ। ਇਹੀ ਹਾਲ ਬਾਕੀ ਲੇਖਕਾਂ ਦਾ ਹੈ। ਉਨ੍ਹਾਂ ਵਿਚ ਕਈ ਲੋਕ ਓਪਰੇਪਣ ਦੀ ਜ਼ਬਾਨ ਬੋਲ ਰਹੇ ਸਨ। ਵੱਖਰੇਪਣ ਦਾ ਮੁਹਾਵਰਾ ਵਰਤ ਰਹੇ ਸਨ।

ਇਕ ਜੇਠਾ ਸਾਹਿਤਕਾਰ ਹੋਣ ਦੇ ਨਾਤੇ ਮੈਂ ਉਨ੍ਹਾਂ ਨਾਲ ਭਾਰਤ ਦੇਸ਼ ਦੀ ਮਹਾਨਤਾ, ਇਹਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਰਿਹਾ ਸਾਂ, ਸਾਡੀ ਵਿਰਾਸਤ, ਸਾਡੀ ਪਰੰਪਰਾ, ਸਾਡੀ ਰਹਿਤਲ, ਸਾਡੇ ਟੀਚੇ। ਸਾਡੇ ਵੇਦ, ਸਾਡੇ ਕੁਰਾਣ, ਸਾਡੀਆਂ ਸਿਮ੍ਰਤੀਆਂ, ਸਾਡੇ ਗ੍ਰੰਥ। ਸਾਡਾ ਅਸ਼ੋਕ, ਸਾਡਾ ਅਕਬਰ, ਸਾਡਾ ਸ਼ਿਵਾਜੀ, ਸਾਡਾ ਰਣਜੀਤ ਸਿੰਘ। ਸਾਡਾ ਮਹਾਤਮਾ ਬੁਧ, ਸਾਡਾ ਮਹਾਵੀਰ, ਸਾਡਾ ਗਾਂਧੀ, ਸਾਡਾ ਭਗਤ ਸਿੰਘ, ਸਾਡਾ ਨਹਿਰੂ, ਸਾਡਾ ਸੁਭਾਸ਼। ਸਾਡਾ ਟੈਗੋਰ, ਸਾਡਾ ਪ੍ਰੇਮ ਚੰਦ, ਸਾਡਾ ਭਾਰਤੀ, ਸਾਡਾ ਵੱਲਾਂਥੋਲ। ਸਾਡਾ ਭਾਖੜਾ, ਸਾਡਾ ਚਿਤਰੰਜਨ, ਸਾਡਾ ਰੁੜਖੇਲਾ, ਸਾਡਾ ਬੁਕਾਰੋ। ਐਵਰੈਸਟ ਦੀ ਸਾਡੀ ਜਿੱਤ, ਐਟਮ ਦਾ ਸਾਡਾ ਧਮਾਕਾ, ਖਲਾਅ ਵਿਚ ਸਾਡੀ ਪਹੁੰਚ, ਸਾਡੇ ਉਪਗ੍ਰਹਿ ਦੀ ਸਫਲਤਾ। ਪਾਕਿਸਤਾਨ ਨਾਲ ਜੰਗਾਂ ਵਿਚ ਸਾਡੀ ਜਿੱਤ ਬੰਗਲਾ ਦੇਸ਼ ਦੀ ਆਜ਼ਾਦੀ ਵਿਚ ਸਾਡਾ ਯੋਗਦਾਨ। ਸਿੱਕਮ ਦਾ ਸਾਡੇ ਵਿਚ ਵਿਲੀਨ ਹੋਣਾ, ਨੈਮ ਦੀ ਸਾਡੀ ਅਗਵਾਈ .....

"ਠੀਕ ਹੈ, ਠੀਕ ਹੈ ...." ਮੀਜ਼ੋ ਦੇ ਇਕ ਲੇਖਕ ਨੇ ਮੈਨੂੰ ਟੋਕ ਕੇ ਪੁਛਿਆ, "ਇਹ ਸਭ ਕੁਝ ਠੀਕ ਹੈ ਪਰ ਇਸ ਵਿਚ ਮੈਂ ਕਿੱਥੇ ਹਾਂ? ਇਸ ਸਾਰੇ ਨਕਸ਼ੇ ਵਿਚ ਮੀਜ਼ੋਰਾਮ ਕਿਥੇ ਹੈ?"

ਮੇਰੇ ਮੂੰਹ ਤੇ ਜਿਵੇਂ ਕਿਸੇ ਚਪੇੜ ਕੱਢ ਮਾਰੀ ਹੋਵੇ, ਮੈਂ ਉਸ ਵਲ ਹੱਕਾ-ਬੱਕਾ ਵੇਖਦਾ ਰਹਿ ਗਿਆ।

## ਪੰਜਾਬੀ ਸਾਹਿਤ ਅਕਾਡਮੀ ਅਵਾਰਡ ਗੁਰਨਾਮ ਸਿੰਘ ਤੀਰ ਨੂੰ



ਚੰਡੀਗੜ੍ਹ — ਕਰਤਾਰ ਸਿੰਘ ਦੁੱਗਲ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਸਾਹਿਤ ਅਕਾਡਮੀ ਦੀ ਮੀਟਿੰਗ ਵਿਚ ਪੰਜਾਬ ਦੇ ਹਾਸ-ਵਿਅੰਗ ਲੇਖਕ ਅਤੇ ਪੱਤਰਕਾਰ ਡਾ. ਗੁਰਨਾਮ ਸਿੰਘ ਤੀਰ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਵੱਲ ਉਨ੍ਹਾਂ ਦੀ ਉਘੀ ਦੇਣ ਦੇ ਬਦਲੇ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨੂੰ ਸਾਲ 1985 ਦਾ 5100 ਰੁਪਏ ਦਾ ਨਕਦ ਪੁਰਸਕਾਰ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਦਿਤਾ ਜਾਵੇਗਾ।

ਅਕਾਡਮੀ ਦੇ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਵਲੋਂ ਦਿਤੀ ਗਈ ਸੂਚਨਾ ਅਨੁਸਾਰ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬੀ ਦੇ ਸੀਨੀਅਰ ਤੇ ਮੁਖੀ ਲੇਖਕਾਂ ਦਾ ਤਿੰਨ ਦਿਨਾਂ ਦਾ ਇਕ ਸੈਮੀਨਾਰ ਫਰਵਰੀ ਦੇ ਦੂਜੇ ਪਖਵਾੜੇ ਪੰਜਾਬ ਵਿਚ ਕੀਤਾ ਜਾਵੇ।

**ਉਘੇ ਕਥਾਕਾਰ ਕੁਲਵੰਤ ਸਿੰਘ ਵਿਰਕ ਅਤੇ ਡਾ. ਰਘਬੀਰ ਸਿੰਘ ਸੰਪਾਦਕ 'ਸਿਰਜਣਾ' ਅਕਾਡਮੀ ਦੀ ਕਾਰਜਕਾਰੀ ਕਮੇਟੀ ਵਿਚ ਨਾਮਜ਼ਦ ਕੀਤੇ ਗਏ ਹਨ ਤੇ ਡਾ. ਰਘਬੀਰ ਸਿੰਘ ਨੂੰ ਸਵਰਗੀ ਡਾ. ਬਲਬੀਰ ਸਿੰਘ ਸੰਧੂ ਦੀ ਥਾਂ ਅਕਾਡਮੀ ਦਾ ਨਵਾਂ ਸਕੱਤਰ ਵੀ ਚੁਣਿਆ ਗਿਆ ਹੈ।**

ਅਕਾਡਮੀ ਨੇ ਪੰਜਾਬ ਸਰਕਾਰ ਦੇ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵਡੇਰੀ ਪੱਧਰ ਉਤੇ ਲਾਇਬਰੇਰੀਆਂ ਖੋਲ੍ਹਣ ਦੇ ਕੰਮ ਸਰਗਰਮੀ ਨਾਲ ਹੱਥ ਵਿਚ ਲੈਣ ਦਾ ਵੀ ਫੈਸਲਾ ਕੀਤਾ ਹੈ।

# ਸੰਧਵਾਂ ਮਿਲ ਦੇ ਮਜ਼ਦੂਰਾਂ ਉਤੇ ਪੁਲਿਸ ਵਲੋਂ ਹਵਾਈ ਫਾਇਰਿੰਗ

ਕੋਟਕਪੂਰਾ — ਸੰਧਵਾਂ ਕਤਾਈ ਮਿਲ ਦੇ ਹੜਤਾਲੀ ਕਾਮਿਆਂ ਦੇ ਭੜਕੇ ਹੋਏ ਹਜੂਮ ਨੂੰ ਖਿਡਾਉਣ ਲਈ ਸੰਧਵਾਂ ਵਿਖੇ ਕੋਟਕਪੂਰਾ-ਫਰੀਦਕੋਟ ਮੁਖ ਸੜਕ 'ਤੇ ਪੁਲੀਸ ਨੇ ਗੋਲੀ ਚਲਾਈ ਜਿਸ ਨਾਲ ਇਕ ਮਜ਼ਦੂਰ ਜ਼ਖਮੀ ਹੋ ਗਿਆ ਜਿਸ ਨੂੰ ਫਰੀਦਕੋਟ ਦੇ ਹਸਪਤਾਲ ਵਿਚ ਦਾਖਲ ਕਰਾ ਦਿਤਾ ਗਿਆ। ਚਸ਼ਮਦੀਦ ਗਵਾਹਾਂ ਅਨੁਸਾਰ ਝਗੜਾ ਪੁਲਸ ਦੀ ਨਿਗਰਾਨੀ ਹੇਠ ਕਥਿਤ ਤੌਰ 'ਤੇ ਬਾਹਰਲੀ ਲੇਬਰ, ਸੰਧਵਾਂ ਮਿਲ ਦੀ ਮੈਟਾਡੋਰ ਵਿਚ ਬਿਠਾ ਕੇ ਕੋਟਕਪੂਰੇ ਵਲੋਂ ਲਿਠਾਉਣ ਕਾਰਨ ਹੋਇਆ। ਇਸ ਕਾਰਵਾਈ ਦਾ ਮਕਸਦ ਹੜਤਾਲ ਤੋੜ ਕੇ ਮਿਲ ਚਾਲੂ ਕਰਵਾਉਣਾ ਸੀ। ਮਜ਼ਦੂਰਾਂ ਨੂੰ ਪਤਾ ਲੱਗਣ 'ਤੇ ਉਹ ਸਕੂਲ (ਜੋ ਕਿ ਮੁਖ ਸੜਕ 'ਤੇ ਹੈ) ਲਾਗਲੀ ਗਲੀ ਦੇ ਸਿਰੇ ਤੇ ਆ ਖੜੇ ਹੋਏ ਤਾਂ ਕਿ ਇਸ ਰਸਤੇ ਰਾਹੀਂ ਬਾਹਰਲੀ ਲੇਬਰ ਨੂੰ ਮਿਲ ਵਿਚ ਨਾ ਲਿਜਾਇਆ ਜਾ ਸਕੇ। ਮਜ਼ਦੂਰਾਂ ਨੇ ਵੈਨ ਰੋਕ ਕੇ ਕਿਹਾ ਕਿ ਜੇ ਬਾਹਰਲੀ ਲੇਬਰ ਨੇ ਕੰਮ 'ਤੇ ਲੱਗਣਾ ਹੀ ਹੈ ਤਾਂ ਉਹ ਤੁਰ ਕੇ ਜਾਣ ਪੁਲੀਸੀ ਦੇ ਪਹਿਰੇ ਹੇਠ ਮਜ਼ਦੂਰ ਨਾ ਲਿਆਏ ਜਾਣ। ਪਰ ਮਿਲ ਦੇ ਅਧਿਕਾਰੀ ਜੋ ਵੈਨ ਦੇ ਨਾਲ ਸਨ, ਵੈਨ ਅੱਗੇ ਲਿਜਾਣ ਲਈ ਬਜ਼ਿਦ ਸਨ ਜਿਸ ਤੋਂ ਝਗੜਾ ਵਧ ਗਿਆ। ਪੁਲਸ ਨੇ ਪਹਿਲਾਂ ਲਾਠੀਚਾਰਜ ਕੀਤਾ ਫਿਰ ਹਵਾ ਵਿਚ ਗੋਲੀ ਚਲਾਈ ਇਸ ਝਗੜੇ ਵਿਚ ਮਿਲ ਦੀ ਵੈਨ ਨੂੰ ਵੀ ਨੁਕਸਾਨ ਹੋਇਆ

# ਹਾਕੀ ਖੇਡਣ ਵਾਲੀਆਂ ਕੁੜੀਆਂ



ਰੋਪੜ ਜ਼ਿਲੇ ਦਾ ਸਰਕਾਰੀ ਹਾਈ ਸਕੂਲ ਖੇੜੀ ਸਲਾਬਤਪੁਰ

# ਪੱਛਮੀ ਗੁਪਤ ਏਜੰਸੀਆਂ ਵਲੋਂ ਸਿੱਖ ਅਤਿਵਾਦੀਆਂ ਨੂੰ ਸ਼ਹਿ

ਮਾਸਕੋ — ਰੂਸ ਦੀ ਸਰਕਾਰੀ ਖਬਰ ਏਜੰਸੀ ਤਾਸ ਨੇ 'ਪੱਛਮੀ ਗੁਪਤ ਸੇਵਾਵਾਂ" ਉਤੇ ਵਿਸ਼ਵ ਭਰ ਵਿਚ ਸਿੱਖ ਅਤਿਵਾਦੀਆਂ ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ ਹੈ ਤਾਂ ਜੋ ਭਾਰਤ ਨੂੰ ਅਸਥਿਰ ਕੀਤਾ ਜਾ ਸਕੇ। ਤਾਸ ਨੇ ਦਸਿਆ ਕਿ ਇਹ ਖੁਫੀਆ ਏਜੰਸੀਆਂ ਦਹਿਸ਼ਤਪਸੰਦਾਂ ਨਾਲ ਮਿਲੀ-ਭੁਗਤ ਕਰਦੀਆਂ ਹਨ ਤਾਂ ਜੋ ਭਾਰਤ ਨੂੰ ਅਮਨ ਤੇ ਗੁੱਟ-ਨਿਰਲੇਪਤਾ ਦਾ ਰਸਤਾ ਤਿਆਗ ਦੇਣ ਉਤੇ ਮਜ਼ਬੂਰ ਕੀਤਾ ਜਾਵੇ।

ਇਸੇ ਦੌਰਾਨ ਸੋਵੀਅਤ ਨੇਤਾ ਗੋਰਬਾਚੋਵ ਨੇ ਭਾਰਤ ਦਾ ਬੜੇ ਨਿੱਘ ਨਾਲ ਜ਼ਿਕਰ ਕਰਦਿਆਂ ਦੱਸਿਆ ਕਿ (ਰੂਸ ਹਮੇਸ਼ਾ ਭਾਰਤ ਨੂੰ ਹਰ ਤਰ੍ਹਾਂ ਦਾ ਮਿਲਵਰਤਣ ਦੇਣ ਦਾ ਇਛੱਕੁਹੈ)। ਉਨ੍ਹਾਂ ਕਿਹਾ ਕਿ ਭਾਰਤ ਦੇ ਲੋਕਾਂ ਅਤੇ ਨੇਤਾਵਾਂ ਨੂੰ ਰੂਸ ਵਿਚ ਬੜੇ ਸਤਿਕਾਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਉਨ੍ਹਾਂ ਨੇ ਇਹ ਵਿਚਾਰ ਸੋਵੀਅਤ ਪਾਰਲੀਮੈਂਟ ਦੇ ਦੋ-ਰੋਜ਼ਾ ਸੈਸ਼ਨ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।

# ਪੰਜਾਬੀ ਅਕਾਦਮੀ ਵਲੋਂ ਰੰਗ ਮੰਚ ਮੇਲਾ



ਕਮਾਨੀ ਆਡੀਟੋਰੀਅਮ ਦਿੱਲੀ ਵਿਚ ਖੇਡੇ ਡਾ. ਚਰਨ ਦਾਸ ਸਿੱਧੂ ਦੇ ਲਿਖੇ ਨਾਟਕ 'ਪੰਜ ਖੂਹ ਵਾਲੇ' ਦਾ ਇਕ ਦ੍ਰਿਸ਼।

ਨਵੀਂ ਦਿੱਲੀ: ਦਿੱਲੀ ਦੀ ਪੰਜਾਬੀ ਅਕਾਦਮੀ ਦਿੱਲੀ ਵਿਚ ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਭਾਸ਼ਾਈ ਸਭਿਆਚਾਰ ਦੀ ਤਰੱਕੀ ਦੇ ਲਈ ਕਾਫੀ ਸਮੇਂ ਤੋਂ ਸਿਰਤੋੜ ਯਤਨ ਕਰ ਰਹੀ ਹੈ। ਹਰ ਹਫਤੇ ਇਸ ਵਲੋਂ ਕੋਈ ਨਾ ਕੋਈ ਸਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ। ਪਿਛਲੇ ਦਿਨੀਂ ਪੰਜਾਬੀ ਅਕਾਦਮੀ ਵਲੋਂ 6 ਦਿਨਾਂ ਦਾ "ਪੰਜਾਬੀ ਰੰਗ-ਮੰਚ ਮੇਲਾ" ਕਮਾਨੀ ਆਡੀਟੋਰੀਅਮ ਕਾਪਰਨਿਕਸ ਮਾਰਗ, ਨਵੀਂ ਦਿੱਲੀ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿਚ ਨਾਟਕ "ਲਕੀਰਾਂ" (ਜਸਪਾਲ ਸੇਠੀ), "ਕਿੱਕਰਾਂ ਦੇ ਕੰਡੇ" (ਸ੍ਰੀ [illegible]), "ਪੰਜ ਖੂਹ ਵਾਲੇ" (ਡਾ. ਚਰਨ ਦਾਸ ਸਿੱਧੂ), "ਇਨਸਾਫ" (ਪ੍ਰਕਾਸ਼ ਸਾਥੀ), "ਅੱਲ੍ਹੇ ਜ਼ਖਮ ਪੰਜਾਬ ਦੇ" (ਸੋਹਣ ਸਿੰਘ ਸੀਤਲ ਦੇ ਨਾਵਲ ਤੂਤਾਂ ਵਾਲਾ ਖੂਹ 'ਤੇ ਅਧਾਰਿਤ) ਅਤੇ "[illegible] ਦਾ ਬਾਬਾ" (ਸ੍ਰੀ ਐਸ. ਪੀ. ਸਿੰਘ) ਆਦਿ ਪੇਸ਼ ਕੀਤੇ ਗਏ। ਇਨ੍ਹਾਂ ਨਾਟਕਾਂ ਦੀ ਪੇਸ਼ਕਾਰੀ ਦਿੱਲੀ ਨਾਟਕ ਸੰਘ, ਥੀਏਟਰ ਸਰਕਲ, ਵਿਕਲਪ, ਦੀ ਸੇਵਨ ਸਟਾਰਜ਼ ਅਤੇ ਲੋਕ ਕਲਾ ਮੰਚ ਵਲੋਂ ਕੀਤੀ ਗਈ। ਇਨ੍ਹਾਂ ਨਾਟਕਾਂ ਵਿਚ ਬਿਹਤਰੀਨ ਨਿਰਦੇਸ਼ਕ ਵਜੋਂ 3100 ਰੁਪਏ ਦਾ ਇਨਾਮ ਕੇਵਲ ਵਿਦਰੋਹੀ (ਅੱਲ੍ਹੇ ਜ਼ਖਮ ਪੰਜਾਬ ਦੇ) ਨੂੰ ਦਿੱਤਾ ਗਿਆ। ਵਧੀਆ ਅਦਾਕਾਰੀ ਵਿਚ ਅਸ਼ੋਕ ਮਾਸੂਮ ਅਤੇ ਮੀਨਾ ਕਪੂਰ (ਇਨਸਾਫ) ਨੂੰ 2000, 2000 ਰੁਪਏ ਦਾ ਇਨਾਮ ਦਿੱਤਾ ਗਿਆ। ਤੀਸਰੇ ਨੰਬਰ 'ਤੇ ਰਹਿਣ ਵਾਲੇ ਅਦਾਕਾਰਾਂ ਨੂੰ 1000, 1000 ਰੁਪਏ ਦੇ ਇਨਾਮ ਦਿੱਤੇ ਗਏ।

—ਬਲਵਿੰਦਰ ਸੋਢੀ

# ਬੱਸ 'ਚੋਂ ਲਾਹੇ ਕੇ ਸੱਤ ਤਾਮਿਲ ਮਾਰੇ

ਕੋਲੰਬੋ — ਪੂਰਬੀ ਸ੍ਰੀ ਲੰਕਾ ਵਿਚ ਹਥਿਆਰਬੰਦ ਵਿਅਕਤੀਆਂ ਨੇ ਇਕ ਬੱਸ ਅਗਵਾ ਕਰਕੇ ਸੱਤ ਤਾਮਿਲ ਮੁਸਾਫਰਾਂ ਨੂੰ ਗੋਲੀਆਂ ਨਾਲ ਮਾਰ ਕੇ ਮਾਰ ਦਿਤਾ। ਪਿੰਡ ਪੁਨਾਨੀ ਦੇ ਲੋਕਾਂ ਨੇ ਦੱਸਿਆ ਕਿ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਡਰਾਈਵਰ ਨੂੰ ਧਮਕਾਇਆ ਤੇ ਬਸ ਜੰਗਲ ਵਿਚ ਲੈ ਗਏ। ਫਿਰ ਉਨ੍ਹਾਂ ਸੱਤ ਤਾਮਿਲ ਮੁਸਾਫਰਾਂ ਨੂੰ ਪਛਾਣ ਕੇ ਬਾਹਰ ਕੱਢ ਲਿਆ। ਨਾ ਹਮਲਾਵਰਾਂ ਦੀ ਪਛਾਣ ਹੋ ਸਕੀ ਤਾਂ ਮ੍ਰਿਤਕਾਂ ਦੀ।

# ਪੁਲੀਸ ਫਾਇਰਿੰਗ ਵਿਚ ਇਕ ਮਜ਼ਦੂਰ ਹਲਾਕ

ਅਹਿਮਦਾਬਾਦ — ਦੱਖਣੀ ਗੁਜਰਾਤ ਵਿਚ ਉਮਰਗਾਓਂ ਵਿਖੇ ਕੱਪੜਾ ਮਜ਼ਦੂਰਾਂ ਦੀ ਭੀੜ ਨੂੰ ਖਿਡਾਉਣ ਲਈ ਪੁਲੀਸ ਨੇ ਫਾਇਰਿੰਗ ਕੀਤੀ ਜਿਸ ਕਾਰਨ ਇਕ ਮਜ਼ਦੂਰ ਹਲਾਕ ਹੋਇਆ ਤੇ ਹੋਰ ਦੋ ਜ਼ਖਮੀ ਹੋ ਗਏ।

# ਪਾਕਿਸਤਾਨ ਗਏ ਸਿਖ ਯਾਤਰੂ ਦੀ ਮ੍ਰਿਤੂ

ਅੰਮ੍ਰਿਤਸਰ — ਸਿੱਖ ਯਾਤਰੂ ਗੁਰਨਾਮ ਸਿੰਘ ਦੀ ਲਾਸ਼ ਨੂੰ ਵਾਘਾ ਸਰਹੱਦ 'ਤੇ ਜ਼ਿਲਾ ਅਧਿਕਾਰੀਆਂ ਦੇ ਹਵਾਲੇ ਕੀਤਾ ਗਿਆ। ਉਹ ਪਿਛਲੇ ਦਿਨੀਂ ਪਾਕਿਸਤਾਨ ਨੂੰ ਜਾਣ ਵਾਲੇ ਜਥੇ ਨਾਲ ਗਿਆ ਸੀ ਕਿ ਨਨਕਾਣਾ ਸਾਹਿਬ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਚੱਲ ਵਸਿਆ। ਗੁਰਨਾਮ ਸਿੰਘ ਚੌਕ ਮਹਿਤਾ ਬਾਬਾ ਸਾਹਿਬ (ਅੰਮ੍ਰਿਤਸਰ) ਦਾ ਵਸਨੀਕ ਸੀ।

# ਭਾਰਤੀ ਟੀਮ ਦੇ ਆਸਟਰੇਲੀਆ ਦੌਰੇ ਦੀ ਜਿੱਤ ਨਾਲ ਸ਼ੁਰੂਆਤ

ਐਡਲਏਡ — ਭਾਰਤ ਨੇ ਆਪਣੇ ਆਸਟਰੇਲੀਆ ਦੌਰੇ ਦੇ ਪਹਿਲੇ ਮੈਚ ਵਿਚ ਇਥੋਂ ਦੇ ਐਡਲਏਡ ਓਵਲ ਮੈਦਾਨ ਵਿਚ ਦੱਖਣੀ ਆਸਟਰੇਲੀਆ ਨੂੰ ਚਾਰ ਵਿਕਟਾਂ ਨਾਲ ਹਰਾ ਦਿਤਾ। ਭਾਰਤ ਨੂੰ ਮੈਚ ਜਿੱਤਣ ਲਈ ਦੂਜੀ ਵਾਰੀ ਵਿਚ ਪੰਜ ਘੰਟਿਆਂ ਤੇ ਵੀਹ ਓਵਰਾਂ ਵਿਚ 326 ਦੌੜਾਂ ਬਨਾਉਣ ਦੀ ਜ਼ਰੂਰਤ ਸੀ। ਉਸ ਨੇ ਪੰਜ ਘੰਟਿਆਂ ਤੇ ਅੱਠ ਓਵਰਾਂ ਵਿਚ ਛੇ ਖਿਡਾਰੀਆਂ ਪਿਛੇ 329 ਦੌੜਾਂ ਬਣਾਂ ਕੇ ਇਹ ਮੈਚ ਜਿੱਤ ਲਿਆ। ਜਿੱਤ ਵੇਲੇ ਮੁਹਿੰਦਰ ਅਮਰਨਾਥ 24 ਦੌੜਾਂ ਅਤੇ ਮੁਹੰਮਦ ਅਜ਼ਹਾਰੂਦੀਨ 77 ਦੌੜਾਂ ਬਣਾਂ ਕੇ ਖੇਡ ਰਹੇ ਸਨ।

ਦੱਖਣੀ ਆਸਟਰੇਲੀਆ ਵਲੋਂ ਟਿਮ ਮੇਅ ਤੇ ਐਂਡਰਿਊ ਐਸਟਰ ਨੇ 2-2 ਭਾਰਤੀ ਵਿਕਟਾਂ ਲਈਆਂ। ਅੰਤਮ ਸਕੋਰ ਇਸ ਪ੍ਰਕਾਰ ਰਿਹਾ :

ਭਾਰਤ :— 245 ਅਤੇ 6 ਖਿਡਾਰੀਆਂ ਪਿਛੇ 329 ਦੌੜਾਂ।

ਦੱਖਣੀ ਆਸਟਰੇਲੀਆ :— 135 ਅਤੇ 8 ਖਿਡਾਰੀਆਂ ਪਿਛੇ 435 ਦੌੜਾਂ।




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.


## 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ
## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address....................................................
City..........................................................
Province....................................................
Postal code...............................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................... | 65 dollars |
| Life membership.......... | 300 dollars |
| ASIA........................... | 100 dollars[a year] |
| U.S.A. ......................... | 30 dollars [a year] |
| Europe ........................ | 100 dollars[a year] |
| Africa ......................... | 100 dollars [a year] |

# ਸਾ ਹਿ ਤ  ਦ ਰ ਪ ਣ

## ਕਹਾਣੀ:

# ਮੈਂ ਕਿੱਥੇ ਹਾਂ?

**ਕਰਤਾਰ ਸਿੰਘ ਦੁੱਗਲ**

ਕਲਕੱਤੇ ਤੋਂ ਉਡਾਣ ਭਰ ਕੇ ਹਵਾਈ ਜਹਾਜ਼ ਕੋਈ 40 ਮਿੰਟਾਂ ਵਿਚ ਸਿਲਚਰ ਜਾ ਲੱਥਾ। ਬੋਇੰਗ ਤੋਂ ਬਾਹਰ ਨਿਕਲ ਕੇ ਅਸੀਂ ਵੇਖਿਆ, ਚੌਹਾਂ ਪਾਸੇ ਜੰਗਲ ਸੀ, ਉਚੇ ਨੀਵੇਂ ਰੁੱਖ, ਹਰੀਆਂ-ਭਰੀਆਂ ਝਾੜੀਆਂ, ਫੁੱਲਾਂ ਨਾਲ ਪੱਤਿਆਂ ਨਾਲ ਲੱਦੀਆਂ ਹੋਈਆਂ। ਟਰਮੀਨਲ ਜਹੀ ਚੀਜ਼ ਕਿਤੇ ਨਜ਼ਰ ਨਹੀਂ ਆ ਰਹੀ ਸੀ। ਅਸੀਂ ਸੋਚਿਆ, ਹਵਾਈ ਜਹਾਜ਼ ਨੂੰ ਸ਼ਾਇਦ ਮਜ਼ਬੂਰ ਹੋ ਕੇ ਕੁਥਾਏਂ ਉਤਰਨਾ ਪਿਆ ਹੈ। ਇਤਨੇ ਵਿਚ ਹਵਾਈ ਜਹਾਜ਼ ਦੇ ਕੋਲ ਇਕ ਵੈਨ ਆ ਰੁਕੀ ਇਸ ਵਿਚ ਬਿਠਾ ਕੇ ਸਾਨੂੰ ਟਰਮੀਨਲ ਤੇ ਪਹੁੰਚਾਇਆ ਜਾਣਾ ਸੀ। ਸਾਡੀ ਜਾਨ ਵਿਚ ਜਾਨ ਆਈ। ਜੰਗਲ ਵਿਚੋਂ ਇਕ ਭੀੜੀ ਜਹੀ ਸੜਕ 'ਤੇ ਵਲ ਖਾਂਦੀ ਆਖਰ ਵੈਨ ਸਾਨੂੰ ਸਿਲਚਰ ਦੇ ਹਵਾਈ ਅੱਡੇ ਦੀ ਇਮਾਰਤ 'ਤੇ ਲੈ ਆਈ।

ਚਾਰ ਮੈਂਬਰਾਂ ਦਾ ਸਾਡਾ ਡੈਲੀਗੇਸ਼ਨ ਮੀਜ਼ੋਰਾਮ ਦੇ ਦੌਰੇ 'ਤੇ ਸੀ। ਰਾਜ ਸਰਕਾਰ ਦੇ ਅਫਸਰ ਪਿਛਲੀ ਰਾਤ ਸਿਲਚਰ ਵਿਚ ਆ ਟਿਕੇ ਸਨ ਤਾਂ ਜੋ ਸਵੇਰੇ ਸਵੇਰੇ ਹਵਾਈ ਜਹਾਜ਼ ਦੇ ਅਪੜਨ ਤੇ ਸਾਨੂੰ ਮਿਲ ਲੈਣ ਤੇ ਆਪਣੇ ਨਾਲ ਐਜ਼ਵਲ ਲੈ ਚਲਣ। ਐਜ਼ਵਲ ਮੀਜ਼ੋਰਾਮ ਦੀ ਰਾਜਧਾਨੀ ਹੈ।

ਅਸੀਂ ਥੱਕੇ ਬਿਲਕੁਲ ਨਹੀਂ ਸਾਂ, ਨਾਸ਼ਤਾ ਵੀ ਸਾਨੂੰ ਹਵਾਈ ਜਹਾਜ਼ ਵਿਚ ਕਰਵਾ ਦਿਤਾ ਗਿਆ ਸੀ ਤਾਂ ਵੀ ਸਾਡੇ ਮੀਜ਼ਬਾਨਾਂ ਦਾ ਤਕਾਜ਼ਾ ਸੀ ਕਿ ਸਿਲਚਰ ਦੇ ਮੀਜ਼ੋਰਾਮ ਹਾਊਸ ਵਿਚ ਕੁਝ ਚਿਰ ਅਸੀਂ ਆਰਾਮ ਕਰ ਕੇ ਚਲੀਏ। ਹੋਰ ਨਹੀਂ ਤਾਂ ਇਕ-ਅਧ ਪਿਆਲਾ ਚਾਹ ਕਾਫੀ ਦਾ ਹੀ ਸਹੀ। ਅਗੇ ਸਫਰ ਲੰਮਾ ਸੀ।

"ਅੱਧੇ ਘੰਟੇ ਤੋਂ ਜ਼ਿਆਦਾ ਨਹੀਂ।" ਅਸੀਂ ਫੈਸਲਾ ਦਿੱਤਾ। ਮੀਜ਼ੋਰਾਮ ਹਾਊਸ ਸਿਲਚਰ ਹਵਾਈ ਅੱਡੇ ਤੋਂ ਕੋਈ 45 ਮਿੰਟ ਦਾ ਫਾਸਲਾ ਸੀ। ਫੇਰ ਐਜ਼ਵਲ ਅਪੜਨ ਤਕ ਸਾਨੂੰ ਰਾਤ ਪੈ ਜਾਣੀ ਸੀ।

"ਰਾਤ ਤਾਂ ਉਂਜ ਵੀ ਪੈ ਜਾਵੇਗੀ।" ਸਾਡੇ ਮੀਜ਼ਬਾਨਾਂ ਵਿਚੋਂ ਇਕ ਬੋਲਿਆ।

ਜਿਸ ਤਰ੍ਹਾਂ ਦੀਆਂ ਖਬਰਾਂ ਆਏ ਦਿਨ ਸਮਾਚਾਰ ਪੱਤਰਾਂ ਵਿਚ ਛਪਦੀਆਂ ਸਨ, ਅਸੀਂ ਕੋਈ ਖਤਰਾ ਨਹੀਂ ਲੈਣਾ ਚਾਹੁੰਦੇ ਸਾਂ। ਜੇ ਦਿਨੇਂ ਨਹੀਂ ਤਾਂ ਦਿਲ-ਢਲਦੇ ਹੀ ਅਸੀਂ ਐਜ਼ਵਲ ਅਪੜਨਾ ਚਾਹੁੰਦੇ ਸਾਂ।

ਮੀਜ਼ੋਰਾਮ ਹਾਊਸ ਵਿਚ ਅਸੀਂ ਵੰਡੇ ਗਏ। ਇਕ ਨਿਵੇਕਲੀ ਜੀਪ ਸਾਡੀ ਸੁਰੱਖਿਆ ਲਈ ਸਾਡੇ ਅੱਗੇ ਸੀ। ਇਕ ਜੀਪ ਸਾਡੀ ਖਾਤਰ ਅਤੇ ਇਕ ਮੀਜ਼ਬਾਨਾਂ ਲਈ ਸਾਡੇ ਪਿਛੇ ਸੀ।

ਭਾਵੇਂ ਅਸੀਂ ਕਾਹਲ ਮਚਾਈ ਹੋਈ ਸੀ ਪਰ ਸਾਡੇ ਕਾਫਲੇ ਨੇ ਤੁਰਦਿਆਂ ਤੁਰਦਿਆਂ ਦੁਪਹਿਰ ਕਰ ਦਿਤੀ। ਮੈਨੂੰ ਡਰ ਸੀ ਰਸਤੇ ਵਿਚ ਲੰਚ ਲਈ ਰੁਕਣਾ ਹੋਵੇਗਾ, ਫੇਰ ਸ਼ਾਮ ਦੀ ਚਾਹ ਲਈ। ਅਸੀਂ ਰਾਤ ਦੇ ਕੋਈ ਅੱਠ ਨੌਂ ਵਜੇ ਐਜ਼ਵਲ ਅਪੜਾਂਗੇ। ਇੱਧਰ ਰਾਤ ਵੀ ਤਾਂ ਛੇਤੀ ਪੈ ਜਾਂਦੀ ਸੀ।

ਉਹੀ ਗੱਲ ਹੋਈ, ਕੱਚਾਰ ਦੀ ਵਾਦੀ ਟੱਪ ਕੇ ਅਸੀਂ ਇਕ-ਤੋਂ-ਬਾਅਦ-ਇਕ ਪਹਾੜੀਆਂ ਉਲਾਂਘਣੀਆਂ ਸ਼ੁਰੂ ਕੀਤੀਆਂ। ਤੇ ਇੰਜ ਬਹੁਤ ਦੇਰ ਨਹੀਂ ਹੋਈ ਸੀ ਕਿ ਦੁਪਹਿਰ ਦੇ ਖਾਣੇ ਲਈ ਕਾਫਲਾ ਰੁਕ ਗਿਆ।

ਸੜਕ ਕੰਢੇ ਆਮ ਪਹਾੜੀ ਇਲਾਕਿਆਂ ਵਰਗਾ ਇਕ ਗਰੀਬੜਾ ਜਿਹਾ ਢਾਬਾ ਸੀ, ਬੁੱਢ-ਪੁਰਾਣਾ ਲੱਕੜੀ ਦਾ ਇਕ ਚਿਰਕੂੰ ਚਿਰਕੂੰ ਕਰ ਰਿਹਾ ਮੇਜ਼, ਬੈਠਣ ਲਈ ਲਕੜੀ ਦੀ ਬੈਂਚ, ਇਕ ਪਾਸੇ ਨੁੱਕਰ ਵਿਚ ਹੱਥ ਧੋਣ ਲਈ ਚੁਬੱਚੇ ਕੋਲ ਪਾਣੀ ਦੀ ਇਕ ਬੌਲਚੀ ਤੇ ਡੋਂਗਾ, ਦੂਜੇ ਪਾਸੇ ਗਠਿਆਲੀ ਉਤੇ ਚੁੱਲ੍ਹਾ, ਉਹਦੇ ਨਾਲ ਕਾਂਸੀ ਦੇ ਤਾਂਬੀਏ ਜਿਨ੍ਹਾਂ ਵਿਚ ਸਬਜ਼ੀ-ਤਰਕਾਰੀ ਆਦਿ ਰਿੱਧਾ-ਪੱਕਾ ਰਖਿਆ ਸੀ। ਚੁਲ੍ਹੇ ਉਤੇ ਧੁਆਂਖੀ ਹੋਈ ਪਾਣੀ ਦੀ ਕੇਤਲੀ ਉਬਲ ਉਬਲ ਕੇ ਝੱਲੀ ਹੋ ਰਹੀ ਸੀ। ਢਾਬੇ ਦੀ ਮਾਲਕਣ ਤੇ ਉਹਦੀਆਂ ਦੋ ਜੁਆਨ ਸਾਥਣਾਂ ਨੂੰ ਵੇਖ ਵੇਖ ਕੇ ਜਿਵੇਂ ਭੁਖ ਨਾ ਲਗਦੀ ਹੋਵੇ। ਇਕ ਮਾਂ ਜਾਪਦੀ ਸੀ ਤੇ ਦੂਜੀਆਂ ਦੋ ਜੁਆਨ ਧੀਆਂ ਪ੍ਰਤੀਤ ਹੁੰਦੀਆਂ ਸਨ। ਜਿਵੇਂ ਕੋਈ ਨਟ-ਖਟ ਸੁਆਣੀਆਂ ਗਰੀਬੀ ਦਾ ਮਭਿਨੈ ਕਰ ਰਹੀਆਂ ਹੋਣ। ਸਾਦ-ਮੁਰਾਦੇ ਫਰਾਕ, ਪੈਰੀਂ ਰਬੜ ਦੀਆਂ ਚੱਪਲਾਂ, ਸੰਵਾਰਿਆ-ਸਜਾਇਆ ਹੋਇਆ ਨਕ ਸ਼ਿਖ, ਹਸੂੰ ਹਸੂੰ ਕਰ ਰਹੀਆਂ, ਆਏ-ਗਏ ਦੀ ਖਾਤਰ ਲਈ ਜਿਵੇਂ ਵਿਛ ਵਿਛ ਜਾ ਰਹੀਆਂ ਹੋਣ।

"ਹੜੀਆ?" ਸਾਡੇ ਵਿਚੋਂ ਇਕ ਨੇ ਢਾਬੇ ਵਿਚ ਕਦਮ ਰੱਖਦੇ ਹੀ ਅਧੇੜ ਉਮਰ ਦੀ ਮਾਂ ਵਲ ਵੇਖਦੇ ਹੋਏ ਕਿਹਾ।

"ਯੈਸ ਸਰ" ਅਗੋਂ ਇਕ ਨੌਜੁਆਨ ਧੀ ਬੋਲੀ ਤੇ ਤੇਜ਼ ਤੇਜ਼ ਕਦਮ ਢਾਬੇ ਦੇ ਪਿੱਛੇ ਇਕ ਕੋਠੜੀ ਵਿਚ ਜਾ ਵੜੀ। ਝਟ ਕੁ ਬਾਅਦ ਜਦੋਂ ਉਹ ਮੁੜੀ ਉਹਦੇ ਹੱਥਾਂ ਵਿਚ ਬੀਅਰ ਦੀਆਂ ਦੋ ਬੋਤਲਾਂ ਸਨ। "ਟਵੈਂਟੀ ਰੁਪੀਜ਼ ਈਚ। ਬੀਸ ਰੁਪੈ ਅੰਗਰੇਜ਼ੀ ਵਿਚ ਕੀਮਤ ਦੱਸ ਕੇ ਉਸ ਹਿੰਦੁਸਤਾਨੀ ਵਿਚ ਨਾਲ ਹੀ ਉਲਥਾ ਕਰ ਦਿਤਾ। ਖਬਰੇ ਸਾਨੂੰ ਅੰਗਰੇਜ਼ੀ ਆਂਦੀ ਸੀ ਕਿ ਨਹੀਂ।

ਆਪਸ ਵਿਚ ਉਹ ਫਰਨ ਫਰਨ ਅੰਗਰੇਜ਼ੀ ਬੋਲਦੀਆਂ ਸਨ। ਕਟੇ ਹੋਏ ਅਪਟੂਡੇਟ ਢੰਗ ਦੇ ਫੈਸ਼ਨੇਬਲ ਵਾਲ, ਚਾਲ-ਢਾਲ, ਉਠਣ-ਬੈਠਣ ਸਮੂਲਾ ਇੰਜ ਜਿਵੇਂ ਕਿਸੇ ਵਲਾਇਤ ਦੇ ਰੈਸਟੋਰੈਂਟ ਵਿਚ ਕੰਮ ਕਰਣ ਵਾਲੀਆਂ ਹੋਣ ਤੇ ਉਂਜ ਹੀ ਜੀਰਕ ਦਿਮਾਗ। ਅਸੀਂ ਖਾਣਾ ਸ਼ੁਰੂ ਹੀ ਕੀਤਾ ਸੀ ਕਿ ਇਕ ਕੁੜੀ ਨੇ ਸਟੀਰੀਓ ਤੇ ਪਾਪ ਸੰਗੀਤ ਚਾਲੂ ਕਰ ਦਿਤਾ। ਮੈਨੂੰ ਸੂਰ ਦਾ ਮਾਸ ਪਸੰਦ ਨਹੀਂ ਸੀ ਆਪਣੀ ਪਲੇਟ ਵਿਚ ਚਾਵਲਾਂ ਉਤੇ ਦਾਲ ਪਾ ਕੇ ਮੈਂ ਖਾ ਰਿਹਾ ਸਾਂ ਕਿ ਦੂਜੀ ਕੁੜੀ ਨੇ ਵੇਖਿਆ ਤੇ ਮੇਰੇ ਸਾਹਮਣੇ ਇਕ ਕਟੋਰੀ ਵਿਚ ਸਬਜ਼ੀ ਲਿਆ ਰੱਖੀ। ਸਬਜ਼ੀ ਨੂੰ ਸਰੋਂ ਦੇ ਤੇਲ ਦਾ ਤੜਕਾ ਲਾਇਆ ਹੋਇਆ ਸੀ। ਇਕ ਨਿਵਾਲਾ ਖਾ ਕੇ ਮੈਂ ਉਸ ਨੂੰ ਵੀ ਪਰ੍ਹੇ ਕਰ ਦਿਤਾ। ਇਹ ਵੇਖ ਝੱਟ ਉਸ ਛਿੱਕੇ ਵਿਚੋਂ ਦੋ ਅੰਡੇ ਕੱਢੇ ਤੇ ਤਾਵਲੇ ਤਾਵਲੇ ਮੱਖਣ ਵਿਚ ਉਨ੍ਹਾਂ ਦੀ ਭੁਜੀਆ ਬਣਾਂ ਕੇ ਮੈਨੂੰ ਆਣ ਪੇਸ਼ ਕੀਤੀ। ਹੁਣ ਜਦੋਂ ਮੈਂ ਖੁਸ਼ੀ ਖੁਸ਼ੀ ਚਾਵਲਾਂ ਨਾਲ ਭੁਜੀਆ ਮਿਲਾ ਕੇ ਖਾ ਰਿਹਾ ਸਾਂ ਉਹਦਾ ਜਿਵੇਂ ਸਾਹ ਵਿਚ ਸਾਹ ਆਇਆ ਹੋਵੇ। ਮੇਜ਼ ਤੇ ਸਲਾਦ ਖਤਮ ਹੋ ਗਿਆ ਸੀ, ਪਹਿਲੀ ਕੁੜੀ ਟਮਾਟਰ ਤੇ ਮੂਲੀ ਕੱਟ ਕੇ ਪਲੇਟ ਵਿਚ ਲੱਦ ਗਈ। ਪਾਣੀ ਦਾ ਜਿਹੜਾ ਗਿਲਾਸ ਖਾਲੀ ਹੁੰਦਾ ਕੋਈ ਨਾ ਕੋਈ ਉਸ ਨੂੰ ਭਰ ਜਾਂਦੀ।

ਬੇਸ਼ਕ ਉਹ ਟੁੱਟਾ-ਫੁੱਟਾ ਢਾਬਾ ਸੀ ਪਰ ਖਾਣਾ ਖਾਂਦਿਆਂ ਜਿਹੜੀ ਖਾਤਰ ਸਾਡੀ ਹੁੰਦੀ ਰਹੀ, ਉਹ ਕਿਸੇ ਵੀ ਵਧੀਆ ਤੋਂ ਵਧੀਆ ਹੋਟਲ ਵਰਗੀ ਸੀ, ਜੇ ਵਧੇਰੇ ਚੰਗੀ ਨਹੀਂ।

ਤੁਰਨ ਲੱਗੇ ਮੈਂ ਉਨ੍ਹਾਂ ਵਿਚੋਂ ਇਕ ਦੀ ਤਲੀ 'ਤੇ ਪੰਜ ਰੁਪਏ ਰੱਖਣ ਦੀ ਕੋਸ਼ਿਸ਼ ਕੀਤੀ। "ਬਟ ਹੀ ਹੈਜ਼ ਪੇਡ ਅਸ ਟਿਪ, ਉਸਨੇ ਹਮਕੋ ਟਿਪ ਦੇ ਦਿਆ।" ਉਂਜ ਹੀ ਉਸ ਪਹਿਲੇ ਅੰਗਰੇਜ਼ੀ ਵਿਚ ਤੇ ਫਿਰ ਹਿੰਦੁਸਤਾਨੀ ਵਿਚ ਕਿਹਾ ਤੇ ਪੰਜ ਰੁਪਏ ਦਾ ਨੋਟ ਮੈਨੂੰ ਵਾਪਸ ਕਰ ਦਿਤਾ। ਇੰਜ ਜਾਪਦਾ ਸੀ ਕਿ ਸਾਡੇ ਮੀਜ਼ਬਾਨ ਨੇ ਬਿਲ ਚੁਕਾਂਦੇ ਸਮੇਂ ਉਨ੍ਹਾਂ ਦੀ ਬਣਦੀ ਟਿਪ ਵੀ ਦੇ ਦਿੱਤੀ ਸੀ। ਦੋ ਵਾਰ ਟਿਪ ਲੈਣਾ ਵਾਜਬ ਨਹੀਂ ਸੀ। ਨੌਜੁਆਨ ਕੁੜੀ ਮੇਰੇ-ਵਲ ਹਸੂੰ ਹਸੂੰ ਕਰਦੀ ਵੇਖ ਰਹੀ ਸੀ। ਇਹ ਹਾਲ ਸੀ ਉਨ੍ਹਾਂ ਦੀ ਈਮਾਨਦਾਰੀ ਦਾ।

ਖਾਣਾ ਖਾ ਕੇ ਨਿਕਲੇ ਤਾਂ ਅੱਗੇ ਸੜਕ ਬੜੀ ਖਰਾਬ ਸੀ। ਕੱਚੇ ਤੋਂ ਵੀ ਕਿਤੇ ਗਈ ਗੁਜ਼ਰੀ। ਪਿਛਲੀਆਂ ਬਾਰਸ਼ਾਂ ਵਿਚ ਪੋਸਾਂ ਡਿਗੀਆਂ ਸਨ, ਪੁਲ ਟੁੱਟੇ ਸਨ, ਥਾਂ ਥਾਂ ਤੇ ਸੜਕ ਰੁੜ੍ਹ ਗਈ ਸੀ। ਪੁਲ ਤਾਂ ਫੌਜ ਨੇ ਮੁੜ ਬਣਾ ਦਿਤੇ ਸਨ। ਉਨ੍ਹਾਂ ਦੀ ਆਪਣੀ ਆਵਾਜਾਈ ਢੇਰ ਸਾਰੀ ਹੁੰਦੀ ਸੀ, ਪਰ ਸੜਕ ਦੀ ਮੁਰੰਮਤ ਅਜੇ ਸ਼ੁਰੂ ਨਹੀਂ ਹੋਈ ਸੀ। ਕਦਮ ਕਦਮ ਤੇ ਖੱਡੇ, ਵੱਟੇ, ਗੀਟੇ, ਕੱਚਾ। ਸ਼ਾਮੀ ਚਾਹ ਪੀਣ ਲਈ ਜਦੋਂ ਜੀਪਾਂ ਵਿਚੋਂ ਅਸੀਂ ਬਾਹਰ ਨਿਕਲੇ, ਹਰੇਕ ਦੇ ਮੂੰਹ-ਮੱਥੇ 'ਤੇ ਚੱਪਾ ਚੱਪਾ ਧੂੜ ਜੰਮੀ ਹੋਈ ਸੀ। ਧੂੜ ਲੱਦੇ ਭਰਵੱਟੇ, ਧੂੜ ਲੱਦੀਆਂ ਪਲਕਾਂ, ਸਿਰ ਦੇ ਵਾਲਾਂ ਤੇ ਜਿਵੇਂ ਧੂੜ ਦਾ ਲੇਪ ਦਿਤਾ ਹੋਵੇ। ਅਸੀਂ ਬਾਹਰ ਨਿਕਲੇ ਤਾਂ ਅੱਗੇ-ਪਿਛੇ ਖਲੋਤੇ ਮੀਜ਼ੋ ਮੁੰਡਿਆਂ-ਕੁੜੀਆਂ ਨੇ ਤਾੜੀਆਂ ਮਾਰ ਕੇ ਇਕ ਜ਼ੋਰ ਦਾ ਕਹਿਕਹਾ ਲਾਇਆ। ਫੇਰ ਇਕ ਦਮ ਖਾਮੋਸ਼ ਹੋ ਗਏ। ਅਸੀਂ ਤਾਂ ਮਹਿਮਾਨ ਸਾਂ!

ਮੈਨੂੰ ਯਾਦ ਆਇਆ ਦੋ ਵਰ੍ਹੇ ਹੋਏ ਡਾਕਟਰ ਮੁਲਖ ਰਾਜ ਆਨੰਦ ਤੇ ਮੈਂ ਲੱਦਾਖ ਗਏ ਸਾਂ। ਸਾਡੇ ਸਫਰ ਦਾ ਪ੍ਰਬੰਧ ਉਸ ਖੇਤਰ ਦੀ ਸੀਮਾ ਸੜਕ ਸੰਸਥਾ "ਬੀਕਨ" ਦੇ ਜ਼ਿੰਮੇ ਸੀ। ਉਹ ਲੋਕ ਸੜਕ ਟੁੱਟਦੀ ਪਿਛੋਂ ਤੇ ਪਹਿਲੇ ਉਸ ਨੂੰ ਮੁਰੰਮਤ ਕਰ ਦਿੰਦੇ। ਥਾਂ ਥਾਂ ਤੇ ਉਨ੍ਹਾਂ ਚੌਕੀਆਂ ਕਾਇਮ ਕੀਤੀਆਂ ਹੋਈਆਂ ਸਨ। ਇੰਜ ਜਾਪਦਾ ਇਸ ਪਾਸੇ ਦੀ ਸੀਮਾ ਸੜਕ ਸੰਸਥਾ "ਚੰਪਕ" ਆਪਣੇ ਕੰਮ ਵਿਚ ਇਤਨੀ ਮੁਸਤਅਦੀ ਨਹੀਂ ਵਰਤ ਰਹੀ ਸੀ। ਸੜਕ ਦਾ ਹਾਲ ਓਤਰਾ ਸੀ। ਝਟਕੇ ਤੇ ਹਿਚਕੋਲੇ ਖਾ ਖਾ ਕੇ ਸਾਡਾ ਇੰਜਰ ਪਿੰਜਰ ਢਿੱਲਾ ਹੋ ਗਿਆ ਸੀ।

ਉਹੀ ਗੱਲ ਹੋਈ, ਘੁੱਪ ਹਨੇਰਾ ਹੋ ਗਿਆ ਸੀ ਤੇ ਅਸੀਂ ਅਜੇ ਸਫਰ ਵਿਚ ਸਾਂ ਇਕ ਪਾਸੇ ਪਹਾੜ, ਦੂਜੇ ਪਾਸੇ ਘਣਾ ਜੰਗਲ। ਇਸ ਜੰਗਲ ਵਿਚ ਹਾਥੀ ਤੋਂ ਲੈ ਕੇ ਚੀਤੇ ਤਕ ਹਰ ਤਰ੍ਹਾਂ ਦੇ ਜਾਨਵਰ ਸਨ। ਵਹਿਸ਼ੀ ਤੋਂ ਵਹਿਸ਼ੀ ਤੇ ਖੂੰਖਾਰ ਮੀਜ਼ੋ ਵਿਦਰੋਹੀ, ਸਿਰ-ਧੜ ਦੀ ਬਾਜ਼ੀ ਲਾਈ ਆਪਣੀ ਰਹਿਤਲ ਦਾ ਨਿਵੇਕਲਾ ਅਸਤਿਤਵ ਬਣਾਈ ਰੱਖਣ ਦੇ ਚਾਹਵਾਨ। ਆ ਜਾ ਰਹੀਆਂ ਫੌਜੀ ਟੁਕੜੀਆਂ 'ਤੇ ਹਮਲੇ ਕਰਦੇ। ਸ਼ਹਿਰਾਂ ਵਿਚ, ਕਸਬਿਆਂ ਵਿਚ ਪੁਲਸ ਦੇ ਥਾਣਿਆਂ ਤੇ ਬੰਬ ਵਰਸਾ ਕੇ ਛਾਈਂ ਮਾਈਂ ਹੋ ਜਾਂਦੇ।

ਜਿਉਂ ਜਿਉਂ ਹਨੇਰਾ ਵਧ ਰਿਹਾ ਸੀ, ਜਿਉਂ ਜਿਉਂ ਰਾਤ ਘਨੇਰੀ ਹੋ ਰਹੀ ਸੀ, ਮੇਰੇ ਮਨ ਵਿਚ ਹਰ ਤਰ੍ਹਾਂ ਦੇ ਵਿਸ਼ਵਿਸੇ ਉਭਰ ਰਹੇ ਸਨ। ਮੈਨੂੰ ਪਰੇਸ਼ਾਨ ਕਰਨ ਲਗ ਪਏ ਸਨ। ਬੇਸ਼ਕ ਹਿਫਾਜ਼ਤੀ ਟੁਕੜੀ ਸਾਡੇ ਅੱਗੇ ਅੱਗੇ ਸੀ ਪਰ ਇਸ ਤਰ੍ਹਾਂ ਦੇ ਘਣੇ ਜੰਗਲ ਵਿਚ ਇਸ ਤਰ੍ਹਾਂ ਦੀ ਘਣੀ ਰਾਤ ਵਿਚ ਕੁਝ ਵੀ ਹੋ ਸਕਦਾ ਸੀ। ਹਰ ਰੁੱਖ ਦੇ ਪਿੱਛੇ ਮੈਨੂੰ ਮੀਜ਼ੋ ਗੁਰੀਲਾ ਛੁਪਿਆ ਹੋਇਆ ਪ੍ਰਤੀਤ ਹੁੰਦਾ। ਹਰ ਖਾਈ ਵਿਚ ਮੈਨੂੰ ਵਿਦਰੋਹੀਆਂ ਦੀ ਹਲ-ਚਲ ਸੁਣਾਈ ਦਿੰਦੀ। ਕਿਤੇ ਕੋਈ ਵਧੇਰੇ ਉਚਾ ਖੜਾਕ ਹੁੰਦਾ, ਮੇਰੇ ਪਸੀਨੇ ਛੁੱਟ ਜਾਂਦੇ। ਮੈਂ ਸੋਚ ਰਿਹਾ ਸਾਂ, ਸਾਡੇ ਡੈਲੀਗੇਸ਼ਨ ਨੂੰ ਕੀ ਮੁਸੀਬਤ ਆ ਗਈ ਸੀ ਕਿ ਮੀਜ਼ੋਰਾਮ ਦਾ ਦੌਰਾ ਸਾਡੇ ਲਈ ਇਤਨਾਂ ਲਾਜ਼ਮੀ ਹੋ ਗਿਆ ਸੀ।

ਤੇ ਫਿਰ ਮੇਰੀਆਂ ਅੱਖੀਆਂ ਦੇ ਸਾਹਮਣੇ ਸੜਕ ਦੇ ਢਾਬੇ ਦੀਆਂ ਸੁਆਣੀਆਂ ਦਾ ਚਿੱਤਰ ਘੁੰਮਣ ਲੱਗ ਪੈਂਦਾ। ਜਿਨ੍ਹਾਂ ਲੋਕਾਂ ਨੂੰ ਅਸੀਂ ਟਰਾਈਬਲ ਕਹਿੰਦੇ ਹਾਂ ਪਿਛੜੀਆਂ ਹੋਈਆਂ ਜਾਤੀਆਂ ਦੇ ਸਮਝਦੇ ਸਾਂ, ਉਨ੍ਹਾਂ ਤੋਂ ਅਸੀਂ ਆਪ ਓਰਸਾਰਾ ਸਿਖਣਾ ਸੀ। ਉਨ੍ਹਾਂ ਦੀ ਰਹਿਣੀ ਬਹਿਣੀ, ਸੁਚੱਮ, ਈਮਾਨਦਾਰੀ, ਉਠਣ ਬੈਠਣ ਦਾ ਸਲੀਕਾ, ਕੰਮ ਕਰਨ ਦਾ ਤੌਰ-ਤਰੀਕਾ ਸਾਥੋਂ ਬਿਹਤਰ ਸੀ।

ਇਹੀ ਗੱਲ ਮੁੜ ਮੁੜ ਮੈਨੂੰ ਐਜ਼ਵਲ ਦੇ ਸਾਡੇ ਕਯਾਮ ਦੇ ਦੌਰਾਨ ਕੁਚੇਟ ਰਹੀ ਸੀ। ਗੈਸਟ ਹਾਊਸ ਵਿਚ ਆਰਾਮ ਦੀ ਹਰ ਚੀਜ਼ ਮੁਹੱਈਆ ਕੀਤੀ ਹੋਈ ਸੀ। ਟੀ. ਵੀ. ਸੀ, ਟੈਲੀਫੋਨ ਸੀ। ਛੱਤ ਤੇ ਲਗੇ ਸੋਲਰ ਹੀਟਰ ਨਾਲ ਪਾਣੀ ਗਰਮ ਹੁੰਦਾ ਸੀ। ਪਰ ਸ਼ਹਿਰ ਵਿਚ ਪਾਣੀ ਦੀ ਕਮੀ ਸੀ। ਸਾਰਾ ਸਾਰਾ ਦਿਨ ਨਲਕੇ ਸੁੱਕੇ ਰਹਿੰਦੇ। ਬਿਜਲੀ ਦੀ ਘਾਟ ਸੀ, ਤਦੇ ਤਾਂ ਸੋਲਰ ਹੀਟਰ ਤੋਂ ਕੰਮ ਲਿਆ ਜਾਂਦਾ ਸੀ। ਰਾਤੀਂ ਕਮਰੇ ਵਿਚ ਬੰਦਾ ਪੜ੍ਹ ਨਹੀਂ ਸਕਦਾ। ਦਿੱਲੀ ਤੋਂ, ਕਲਕੱਤੇ ਤੋਂ, ਗੋਹਾਟੀ ਤੋਂ ਕਿਤਨੇ ਕਿਤਨੇ ਦਿਨ ਅਖਬਾਰ ਨਹੀਂ ਅਪੜਦੇ ਸਨ। ਐਜ਼ਵਲ ਦੇ ਲੋਕ ਸਾਈਕਲੋਸਟਾਈਲ ਕਰ ਕੇ ਵੰਡੇ ਗਏ ਸਥਾਨਕ ਸਮਾਚਾਰ ਪੱਤਰ ਪੜ੍ਹਦੇ ਸਨ। ਇਸ ਤਰ੍ਹਾਂ ਦੇ ਅਖਬਾਰਾਂ ਦੀ ਭਰਮਾਰ ਸੀ। ਘੱਟੋ ਘੱਟ 13 ਇਸ ਤਰ੍ਹਾਂ ਦੇ ਸਮਾਚਾਰ ਪੱਤਰ ਸਾਡੇ ਲਈ ਗਿਣਵਾਏ ਗਏ। ਪ੍ਰੈਸ ਦੀਆਂ ਮਸ਼ੀਨਾਂ ਦੀ ਕਿੱਲਤ ਸੀ। ਲੋਕੀਂ ਮੀਜ਼ੋ ਭਾਸ਼ਾ ਵਿਚ ਸਾਈਕਲੋਸਟਾਈਲ ਕੀਤੀਆਂ ਕਹਾਣੀਆਂ ਆਦਿ ਪੜ੍ਹ ਕੇ ਖੁਸ਼ ਹੋ ਲੈਂਦੇ।

ਇਸ ਗੱਲ ਵਲ ਮੀਜ਼ੋਰਾਮ ਦੇ ਸਿਖਿਆ ਮੰਤਰੀ ਨੇ ਸਾਡਾ ਧਿਆਨ ਦਿਵਾਇਆ ਜਦੋਂ ਸਾਡੀ ਉਹਦੇ ਨਾਲ ਮੁਲਾਕਾਤ ਹੋਈ। ਮੋਟਾ ਭਾਰੀ ਖੁਸ਼ ਰਹਿਣਾ ਸ਼ਖਸ, ਪਾਨ ਚਬਾ ਰਿਹਾ ਸੀ ਤੇ ਹੱਸ ਹੱਸ ਕੇ ਸਾਨੂੰ ਦੱਸ ਰਿਹਾ ਸੀ — ਸਾਡੀ ਮੁਸੀਬਤ ਇਹ ਵੇ ਕਿ ਅਸੀਂ ਅਲੱਗ-ਥਲੱਗ ਇਕ ਨੁਕੜ ਵਿਚ ਪਏ ਹਾਂ। ਇਕ ਪਾਸੇ ਬਰਮਾ ਦੀ ਸਰਹੱਦ ਹੈ, ਦੂਜੇ ਪਾਸੇ ਅਲੰਘ ਪਹਾੜ। ਸੜਕ ਰਾਹੀਂ ਸਿਲਚਰ ਤੋਂ ਐਜ਼ਵਲ ਤਕ ਅਪੜਨ ਵਿਚ ਪੂਰਾ ਦਿਨ ਲਗਦਾ ਜਾਂਦਾ ਹੈ। ਤੇ ਸੜਕ ਦਾ ਹਾਲ ਤੁਸੀਂ ਵੇਖ ਹੀ ਲਿਆ ਹੋਵੇਗਾ। ਦਿੱਲੀ ਵਾਲੇ ਇਧਰ ਮੂੰਹ ਨਹੀਂ ਦਿੰਦੇ। ਮਜਾਲ ਹੈ ਫੇਰਾ ਪਾ ਜਾਣ।... ਅਸੀਂ ਹਿੰਦੀ ਸਿਖਣਾ ਚਾਹੁੰਦੇ ਹਾਂ। ਸਾਡੀ ਰਾਜ ਸਰਕਾਰ ਨੇ ਸਕੂਲਾਂ ਵਿਚ ਹਿੰਦੀ ਦੀ ਪੜ੍ਹਾਈ ਲਾਜ਼ਮੀ ਕਰ ਦਿਤੀ ਹੈ। ਪਰ ਸਾਡੇ ਕੋਲ ਹਿੰਦੀ ਦੇ ਅਧਿਆਪਕ ਨਹੀਂ। 352 ਹਿੰਦੀ ਤੇ ਪ੍ਰਮਾਇਮਰੀ ਸਕੂਲਾਂ ਦੇ ਅਧਿਆਪਕਾਂ ਤੇ ਕੋਈ 20 ਹਾਇਰ ਸੈਕੰਡਰੀ ਦੇ ਅਧਿਆਪਕਾਂ ਦੀਆਂ ਆਸਾਮੀਆਂ ਖਾਲੀ ਪਈਆਂ ਨੇ। ਦਿੱਲੀ ਵਾਲਿਆਂ ਦੇ ਸਿਰ ਤੇ ਜੂੰ ਤਕ ਨਹੀਂ ਰੇਂਗਦੀ, ਮੈਂ ਚਿੱਠੀਆਂ ਲਿਖ ਲਿਖ ਕੇ ਥੱਕ ਲੱਥਾ ਹਾਂ।... ਸਾਡੇ ਲੋਕ ਅਮਨ ਚਾਹੁੰਦੇ ਨੇ। ਭਰਾਵਲੀ ਚਾਹੁੰਦੇ ਨੇ। ਬਾਕੀ ਦੇਸ਼ ਨਾਲ ਇਕਮਿਕ ਹੋਣਾ ਚਾਹੁੰਦੇ ਨੇ ਪਰ ਸਾਨੂੰ ਕੋਈ ਆਪਣੇ ਵਿਚ ਮਿਲਾਏ ਤਾਂ ਸਹੀ। ਸਾਡੇ ਲਈ ਕੋਈ ਬਾਹਵਾਂ ਤਾਂ ਟੱਡੇ। ਕੋਈ ਸਾਡੀ ਉਂਗਲੀ ਵੀ ਤਾਂ ਫੜੇ।

ਸਾਡਾ ਡੈਲੀਗੇਸ਼ਨ ਹੱਕਾ-ਬੱਕਾ ਸੁਣਦਾ ਰਿਹਾ। ਵੱਡੀਆਂ ਵੱਡੀਆਂ ਯੋਜਨਾਵਾਂ ਜਿਹੜੀਆਂ ਲੈ ਕੇ ਅਸੀਂ ਆਏ ਸਾਂ ਸਾਡੇ ਹੋਠਾਂ ਤੇ ਜਿਵੇਂ ਜੰਮ ਕੇ ਰਹਿ ਗਈਆਂ। ਪਹਿਲੇ ਤਾਂ ਅਸੀਂ ਮੁਢਲੀ ਢੱਕੀ ਚੜ੍ਹਨੀ ਸੀ।

ਇਸ ਤਰ੍ਹਾਂ ਦੇ ਸਰਕਾਰੀ ਦੌਰਿਆਂ ਦੇ ਦੌਰਾਨ ਮੇਰੀ ਹਮੇਸ਼ਾ ਇਹ ਕੋਸ਼ਿਸ਼ ਹੁੰਦੀ ਹੈ ਕਿ ਸਥਾਨਕ ਲੇਖਕਾਂ, ਸਾਹਿਤਕਾਰਾਂ ਆਦਿ ਨਾਲ ਮੁਲਾਕਾਤ ਕੀਤੀ ਜਾਏ, ਉਨ੍ਹਾਂ ਨਾਲ ਵੀਚਾਰ-ਵਟਾਂਦਰਾ ਕੀਤਾ ਜਾਏ। ਮੀਜ਼ੋ ਲੇਖਕਾਂ ਵਿਚੋਂ ਇਕ ਨੂੰ ਪਿਛਲੇ ਵਰ੍ਹੇ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਪਰ ਉਹਦੀਆਂ ਕਿਤਾਬਾਂ ਛਾਪਣ ਦਾ ਕੋਈ ਇੰਤਜ਼ਾਮ ਨਹੀਂ। ਉਹਨੂੰ ਆਪਣੇ ਖਰਚ ਤੇ ਆਪ ਕਿਤਾਬ ਛਾਪਣੀ ਹੁੰਦੀ ਹੈ ਤੇ ਆਪ ਹੀ ਵੇਚਣੀ ਹੁੰਦੀ ਹੈ। ਸਰਕਾਰ ਵਲੋਂ ਵੱਧ ਤੋਂ ਵੱਧ 500 ਰੁਪਏ ਦੀ ਸਹਾਇਤਾ ਦਿਤੀ ਜਾਂਦੀ ਹੈ ਉਹ ਵੀ ਮਸੌਦੇ ਨੂੰ ਕੱਪੜ-ਛਾਣ ਕੇ। ਇਹੀ ਹਾਲ ਬਾਕੀ ਲੇਖਕਾਂ ਦਾ ਹੈ। ਉਨ੍ਹਾਂ ਵਿਚ ਕਈ ਲੋਕ ਓਪਰੇਪਣ ਦੀ ਜ਼ਬਾਨ ਬੋਲ ਰਹੇ ਸਨ। ਵੱਖਰੇਪਣ ਦਾ ਮੁਹਾਵਰਾ ਵਰਤ ਰਹੇ ਸਨ।

ਇਕ ਜੇਠਾ ਸਾਹਿਤਕਾਰ ਹੋਣ ਦੇ ਨਾਤੇ ਮੈਂ ਉਨ੍ਹਾਂ ਨਾਲ ਭਾਰਤ ਦੇਸ਼ ਦੀ ਮਹਾਨਤਾ, ਇਹਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਰਿਹਾ ਸਾਂ, ਸਾਡੀ ਵਿਰਾਸਤ, ਸਾਡੀ ਪਰੰਪਰਾ, ਸਾਡੀ ਰਹਿਤਲ, ਸਾਡੇ ਟੀਚੇ। ਸਾਡੇ ਵੇਦ, ਸਾਡੇ ਕੁਰਾਣ, ਸਾਡੀਆਂ ਸਿਮ੍ਰਤੀਆਂ, ਸਾਡੇ ਗ੍ਰੰਥ। ਸਾਡਾ ਅਸ਼ੋਕ, ਸਾਡਾ ਅਕਬਰ, ਸਾਡਾ ਸ਼ਿਵਾਜੀ, ਸਾਡਾ ਰਣਜੀਤ ਸਿੰਘ। ਸਾਡਾ ਮਹਾਤਮਾ ਬੁਧ, ਸਾਡਾ ਮਹਾਵੀਰ, ਸਾਡਾ ਗਾਂਧੀ, ਸਾਡਾ ਭਗਤ ਸਿੰਘ, ਸਾਡਾ ਨਹਿਰੂ, ਸਾਡਾ ਸੁਭਾਸ਼। ਸਾਡਾ ਟੈਗੋਰ, ਸਾਡਾ ਪ੍ਰੇਮ ਚੰਦ, ਸਾਡਾ ਭਾਰਤੀ, ਸਾਡਾ ਵੱਲਾਥੋਲ। ਸਾਡਾ ਭਾਖੜਾ, ਸਾਡਾ ਚਿਤਰੰਜਨ, ਸਾਡਾ ਰੁੜਕੇਲਾ, ਸਾਡਾ ਬੁਕਾਰੋ। ਐਵਰੈਸਟ ਦੀ ਸਾਡੀ ਜਿੱਤ, ਐਟਮ ਦਾ ਸਾਡਾ ਧਮਾਕਾ, ਖਲਾਅ ਵਿਚ ਸਾਡੀ ਪਹੁੰਚ, ਸਾਡੇ ਉਪਗ੍ਰਹਿ ਦੀ ਸਫਲਤਾ। ਪਾਕਿਸਤਾਨ ਨਾਲ ਜੰਗਾਂ ਵਿਚ ਸਾਡੀ ਜਿੱਤ ਬੰਗਲਾ ਦੇਸ਼ ਦੀ ਆਜ਼ਾਦੀ ਵਿਚ ਸਾਡਾ ਯੋਗਦਾਨ। ਸਿੱਕਮ ਦਾ ਸਾਡੇ ਵਿਚ ਵਿਲੀਨ ਹੋਣਾ, ਨੈਮ ਦੀ ਸਾਡੀ ਅਗਵਾਈ .....

"ਠੀਕ ਹੈ, ਠੀਕ ਹੈ ...." ਮੀਜ਼ੋ ਦੇ ਇਕ ਲੇਖਕ ਨੇ ਮੈਨੂੰ ਟੋਕ ਕੇ ਪੁਛਿਆ, "ਇਹ ਸਭ ਕੁਝ ਠੀਕ ਹੈ ਪਰ ਇਸ ਵਿਚ ਮੈਂ ਕਿੱਥੇ ਹਾਂ? ਇਸ ਸਾਰੇ ਨਕਸ਼ੇ ਵਿਚ ਮੀਜ਼ੋਰਾਮ ਕਿਥੇ ਹੈ?"

ਮੇਰੇ ਮੂੰਹ ਤੇ ਜਿਵੇਂ ਕਿਸੇ ਚਪੇੜ ਕੱਢ ਮਾਰੀ ਹੋਵੇ, ਮੈਂ ਉਸ ਵਲ ਹੱਕਾ-ਬੱਕਾ ਵੇਖਦਾ ਰਹਿ ਗਿਆ।

---

# ਪੰਜਾਬੀ ਸਾਹਿਤ ਅਕਾਡਮੀ ਅਵਾਰਡ ਗੁਰਨਾਮ ਸਿੰਘ ਤੀਰ ਨੂੰ



ਚੰਡੀਗੜ੍ਹ — ਕਰਤਾਰ ਸਿੰਘ ਦੁੱਗਲ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਸਾਹਿਤ ਅਕਾਡਮੀ ਦੀ ਮੀਟਿੰਗ ਵਿਚ ਪੰਜਾਬ ਦੇ ਹਾਸ-ਵਿਅੰਗ ਲੇਖਕ ਅਤੇ ਪੱਤਰਕਾਰ ਡਾ. ਗੁਰਨਾਮ ਸਿੰਘ ਤੀਰ ਨੂੰ ਪੰਜਾਬੀ ਭਾਸ਼ਾ ਤੇ ਸਾਹਿਤ ਵੱਲ ਉਨ੍ਹਾਂ ਦੀ ਉਘੀ ਦੇਣ ਦੇ ਬਦਲੇ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਨੂੰ ਸਾਲ 1985 ਦਾ 5100 ਰੁਪਏ ਦਾ ਨਕਦ ਪੁਰਸਕਾਰ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਦਿਤਾ ਜਾਵੇਗਾ।

ਅਕਾਡਮੀ ਦੇ ਮੀਤ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਵਲੋਂ ਦਿਤੀ ਗਈ ਸੂਚਨਾ ਅਨੁਸਾਰ ਮੀਟਿੰਗ ਵਿਚ ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬੀ ਦੇ ਸੀਨੀਅਰ ਤੇ ਮੁਖੀ ਲੇਖਕਾਂ ਦਾ ਤਿੰਨ ਦਿਨਾਂ ਦਾ ਇਕ ਸੈਮੀਨਾਰ ਫਰਵਰੀ ਦੇ ਦੂਜੇ ਪਖਵਾੜੇ ਪੰਜਾਬ ਵਿਚ ਕੀਤਾ ਜਾਵੇ।

ਉਘੇ ਕਥਾਕਾਰ ਕੁਲਵੰਤ ਸਿੰਘ ਵਿਰਕ ਅਤੇ ਡਾ. ਰਘਬੀਰ ਸਿੰਘ ਸੰਪਾਦਕ 'ਸਿਰਜਣਾ' ਅਕਾਡਮੀ ਦੀ ਕਾਰਜਕਾਰੀ ਕਮੇਟੀ ਵਿਚ ਨਾਮਜ਼ਦ ਕੀਤੇ ਗਏ ਹਨ ਤੇ ਡਾ. ਰਘਬੀਰ ਸਿੰਘ ਨੂੰ ਸਵਰਗੀ ਡਾ. ਬਲਬੀਰ ਸਿੰਘ ਸੰਧੂ ਦੀ ਥਾਂ ਅਕਾਡਮੀ ਦਾ ਨਵਾਂ ਸਕੱਤਰ ਵੀ ਚੁਣਿਆ ਗਿਆ ਹੈ।

ਅਕਾਡਮੀ ਨੇ ਪੰਜਾਬ ਸਰਕਾਰ ਦੇ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਹਿਯੋਗ ਨਾਲ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਵਡੇਰੀ ਪੱਧਰ ਉਤੇ ਲਾਇਬਰੇਰੀਆਂ ਖੋਲ੍ਹਣ ਦੇ ਕੰਮ ਸਰਗਰਮੀ ਨਾਲ ਹੱਥ ਵਿਚ ਲੈਣ ਦਾ ਵੀ ਫੈਸਲਾ ਕੀਤਾ ਹੈ।

# ਸਾਹਿਤ ਦਰਪਣ

## ਬੰਦਾ—ਰੱਬ ਨੂੰ

**ਦਰਸ਼ਨ ਸਿੰਘ ਅਵਾਰਾ**

ਓ ਮੰਦਰ ਦੀ ਵਲਗਣ 'ਚ ਮਜ਼ਬੂਰ ਰੱਬਾ !
ਮਸੀਤੀ-ਚੁਕਾਂਹਦੇ 'ਚ ਮਾਹਸੂਰ ਰੱਬਾ !
ਓ ਗਿਰਜੇ ਦੀ ਟੀਸੀ ਤੇ ਮਗਰੂਰ ਰੱਬਾ !
ਅੰਜੀਲਾਂ ਕੁਰਾਨਾਂ ਦੇ ਮਸ਼ਹੂਰ ਰੱਬਾ !

ਤੇਰੇ ਨਾਲ ਦੋ ਗੱਲਾਂ ਕਰਨੇ ਤੇ ਜੀ ਹੈ।
ਤੇ ਅਜ ਮੇਰਾ ਦਿਲ ਫੋਲ ਧਰਨੇ ਤੇ ਜੀ ਹੈ।

ਮੈਂ ਸੁਣਿਐਂ "ਤੂੰ ਹੱਜਾਂ, ਨਿਮਾਜ਼ਾਂ ਤੇ ਤੁਠਨੈਂ।
"ਤੂੰ ਸੰਖਾਂ ਤੇ ਟੱਲੀ ਜਹੇ ਸਾਜ਼ਾਂ ਤੇ ਤੁਠਨੈਂ।
"ਖੁਸ਼ਾਮਦ, ਚੜ੍ਹਾਵੇ, ਨਿਆਜ਼ਾਂ ਤੇ ਤੁਠਨੈਂ।
ਤੂੰ ਬਾਗਾਂ ਤੋਂ ਉਠੀਆਂ ਅਵਾਜ਼ਾਂ ਤੇ ਤੁਠਨੈਂ।

ਸੁਣੇਂ ਕੂਕ ਗੁੰਗਿਆਂ, ਗਰੀਬਾਂ ਦੀ ਜਿਹੜਾ।
ਉਹ ਕਿਸ ਥਾਂ ਤੇ ਵਸਦਾ ਏ ਉਹ ਰੱਬ ਹੈ ਕਿਹੜਾ।

ਤੇਰੇ ਨਾਂ ਤੇ ਚਲਦੀ ਹੈ ਵਢੀ ਤੇ ਰਿਸ਼ਵਤ।
ਤੇਰੇ ਨਾਂ ਤੇ ਝਗੜਾ ਤੇ ਦੰਗਾ ਸ਼ਰਾਰਤ।
ਤੇਰੇ ਨਾਮ ਉਤੇ ਭਰਾਵਾਂ 'ਚ ਨਫਰਤ।
ਤੇਰੇ ਨਾਮ ਤੇ ਖੂਨ, ਲੁਟ, ਕਤਲੋ ਗਾਰਤ।

ਇਹ ਸਭ ਜ਼ੁਲਮ ਕੀ ਕਾਰ ਤੱਕਦਾ ਨਹੀਂ ਏਂ ?
ਜੇ ਤਕਨੈਂ, ਤਾਂ ਕੀ ਰੋਕ ਸਕਦਾ ਨਹੀਂ ਏਂ ?

ਇਹ ਸਾਧੂ, ਗੁਸਾਈਂ ਇਹ ਪਾਠੀ, ਪੁਜਾਰੀ।
ਇਹ ਬਾਹਮਣ, ਮੁਲਾਣੇ, ਸਵਾਮੀ, ਭਿਖਾਰੀ।
ਇਹ ਨਾਂਗੇ ਇਹ ਬਾਵੇ, ਜਟਾ-ਤਿਲਕ-ਧਾਰੀ।
ਇਹ ਮੁਰਸ਼ਦ ਹਜਾਜ਼ੀ, ਤੇ ਸੱਯਦ-ਬੁਖਾਰੀ।

ਇਹ ਗਦੀਆਂ ਦੇ ਮਾਲਕ, ਇਹ ਮਜ਼ਬੀ ਲੁਟੇਰੇ।
ਮੈਂ ਸੁਣਦਾ ਹਾਂ, ਸਾਰੇ ਨੇ ਏਜੰਟ ਤੇਰੇ।

ਇਨ੍ਹਾਂ ਨੂੰ ਚੜ੍ਹਾਵੇ ਚੜ੍ਹਾਈਏ, ਤੂੰ ਖੁਸ਼ ਏਂ ?
ਇਨ੍ਹਾਂ ਅਗੇ ਮੱਥੇ ਘਸਾਈਏ, ਤੂੰ ਖੁਸ਼ ਏਂ ?
ਇਨ੍ਹਾਂ ਨੂੰ ਖੁਰਾਕਾਂ ਖਵਾਈਏ, ਤੂੰ ਖੁਸ਼ ਏਂ ?
ਇਨ੍ਹਾਂ ਨੂੰ ਪੁਸ਼ਾਕਾਂ ਪਵਾਈਏ, ਤੂੰ ਖੁਸ਼ ਏਂ ?

ਬੜੇ ਚਿਰ ਤੋਂ ਚੁਪ ਸਾਂ, ਪਰ ਅਜ ਦਸ ਖਾਂ ਮੈਨੂੰ।
ਇਹ ਲੋਟੀ ਦਾ ਸਭ ਮਾਲ ਪੁਜਦਾ ਏ ਤੈਨੂੰ ?

ਮੈਂ ਸੁਣਨਾਂ, ਇਨ੍ਹਾਂ ਦੀ ਸਫਾਰਸ਼ ਤੂੰ ਮੰਨੇਂ।
ਇਨ੍ਹਾਂ ਦੇ ਹੀ ਆਖੇ ਤੇ ਛੋੜੇਂ ਤੇ ਬੰਨ੍ਹੇਂ।
"ਸਰਾਪਾਂ ਤੇ ਆਸਾਂ ਤਰੋੜੇ ਤੂੰ ਭੰਨੇਂ।
ਅਸੀਸਾਂ ਤੇ ਭਰਨੈਂ ਉਮੀਦਾਂ ਦੇ ਛੰਨੇਂ।

ਤੂੰ ਨਚਨੈਂ ਇਨ੍ਹਾਂ ਦੇ ਇਸ਼ਾਰੇ ਦੇ ਉੱਤੇ।
"ਜਗਾਵੇਂ ਦੁਆ ਸੁਣ ਕੇ ਝਟ ਭਾਗ ਸੁੱਤੇ।

ਮੈਂ ਇਹ ਵੀ ਸੁਣੀ ਹੈ ਤੇਰੀ ਇਕ ਰਵਾਇਤ।
ਕਿ 'ਜਿਸ ਜਿਸ ਨੇ ਲੈਣੀ ਹੈ ਜੰਨਤ ਰਿਆਇਤ।
'ਧਰੇ ਭੇਟਾ, ਇਹਨਾਂ ਤੋਂ ਮੰਗੇ ਅਨਾਇਤ।
"ਇਹ ਖੁਸ਼ ਹੋ ਕੇ ਦੇਂਦੇ ਦੁਆ ਤੇ ਸਫਾਇਤ"।

ਤੇਰੇ ਨਾਂ ਤੇ ਲੈਂਦੇ ਚੜ੍ਹਾਵੇ, ਸਲਾਮਾਂ।
ਤੂੰ ਦਿਤਾ ਏ ਇਹਨਾਂ ਨੂੰ ਮੁਖਤਾਰ-ਨਾਮਾ।

ਇਨ੍ਹਾਂ ਦੇ ਰੁਸਾਇਆਂ ਤੂੰ ਗੁੱਸੇ 'ਚ ਆਨੈਂ।
ਤੂੰ ਭੂੰਚਾਲ ਕਾਂਗਾਂ ਤੇ ਝੱਖੜ ਝੁਲਾਨੈਂ।
ਤਊਨਾਂ ਪਲੇਗਾਂ ਤੇ ਝਟ ਜ਼ੋਰ ਪਾਨੈਂ।
ਤੇ ਦੁਸ਼ਮਨ ਦੇ ਲਸ਼ਕਰ, ਚੜ੍ਹਾ ਕੇ ਲਿਆਨੈਂ।

ਇਹ ਛਾਤੀ ਤੇ ਹੱਥ ਮਾਰ ਕਹਿੰਦਾ ਏ ਕਾਜ਼ੀ।
'ਜਿਦ੍ਹੇ ਤੇ ਮੈਂ ਖੁਸ਼ ਉਸ ਤੇ ਮੌਲਾ ਵੀ ਰਾਜ਼ੀ।

ਨਾ-ਪੁੱਤਿਆਂ ਨੂੰ ਪੁੱਤਰ, ਬਿਮਾਰਾਂ ਨੂੰ ਸੇਹਤ।
ਤੇ ਰੰਡਿਆਂ ਨੂੰ ਰੰਨਾਂ, ਕੰਗਾਲਾਂ ਨੂੰ ਦੌਲਤ।
ਦੀਵਾਨੀ 'ਚ ਡਿਗਰੀ, ਕਤਲ ਵਿਚ ਬਰੀਅਤ।
ਵਪਾਰਾਂ 'ਚ ਵਾਧਾਂ ਭਰਾਵਾਂ 'ਚ ਇਜ਼ਤ।

ਇਹ ਸਭ ਕੁਝ ਹੀ ਇਹਨਾਂ ਦੇ ਧਾਗੇ ਤੋਂ ਮਿਲਦੇ।
ਅਸੀਸਾਂ ਤੇ ਚੂੰਢੀ ਸਹਾਗੇ ਤੋਂ ਮਿਲਦੇ।

ਕਮਾਂਦਾ ਹਾਂ ਮੈਂ ਖੂਨ ਮੁੜ੍ਹਕਾ ਵਗਾ ਕੇ।
ਹਲਾਂ ਨੂੰ ਚਲਾ ਕੇ ਮਸ਼ੀਨਾ ਭੁੰਵਾ ਕੇ।
ਮੈਂ ਵਹੁਟੀ ਤੇ ਬੱਚਿਆਂ ਦਾ ਸਭ ਮੋਹ ਭੁਲਾ ਕੇ।
ਕਮਾਂਦਾ ਹਾਂ ਧੱਕੇ ਬਦੇਸ਼ਾਂ 'ਚ ਖਾ ਕੇ।

ਇਹ ਹਥ ਨਹੀਂ ਹਿਲਾਂਦੇ ਤੇ ਬਾਂਹ ਨਹੀਂ ਹਿਲਾਂਦੇ।
ਤੇ ਗਦੀਆਂ ਤੇ ਬੈਠੇ ਨੇ ਮੌਜਾਂ ਉਡਾਂਦੇ।

ਤੇਰੇ 'ਦਾਨ' ਨੇ ਲੱਖਾਂ ਵਿਹਲੜ ਬਣਾਏ।
ਤੇ 'ਬਖਸ਼ਸ਼ ਦੇ ਲਾਰੇ' ਨੇ ਪਾਪੀ ਵਧਾਏ।
'ਸਵਰਗੀ-ਉਮੀਦਾਂ ਨੇ ਦਿਲ ਘਰ ਤੋਂ ਚਾਏ।
ਤੇ 'ਹੂਰਾਂ ਦੀ ਖਾਹਿਸ਼ ਨੇ ਗਾਜ਼ੀ ਉਗਾਏ।

ਤੇਰਾ ਖਿਲਰਿਆ ਤੱਕ ਕੇ ਥਾਂ ਥਾਂ ਤੇ ਚੌਗਾ।
ਰਿਹਾ ਹਾਂ ਨਾ ਘਰ ਦਾ ਤੇ ਨਾ ਘਾਟ ਜੋਗਾ।

ਤੇ ਤੇਰੀ ਸ਼ਰਧਾ ਤਕ ਕੀ ਕਰਾਂਦੀ ਪਈ ਏ ?
ਸਿਤਮ ਕਰ ਰਹੀ, ਕਹਿਰ ਢਾਂਦੀ ਪਈ ਏ ?
ਦਿਮਾਗਾਂ 'ਚ 'ਵਹਿਸ਼ਤ ਵਧਾਂਦੀ ਪਈ ਏ।
ਤੇ ਹੱਥਾਂ 'ਚ ਛੁਰੀਆਂ ਫੜਾਂਦੀ ਪਈ ਏ।

ਜਿਨੂੰ ਬੇ-ਗੁਨਾਹਾਂ ਦੀ ਰਤ ਦੀ ਪਿਆਸ ਏ।
ਤੇਰੇ ਦਰ ਤੋਂ ਉਸ ਨੂੰ ਵੀ ਜੰਨਤ ਦੀ ਆਸ ਏ।

ਮੈਂ ਹਿੰਦੂ ਜੇ ਮਸਜਿਦ ਉਜਾੜਾਂ, ਤੂੰ ਰਾਜ਼ੀ ?
ਕੁਰਾਨਾਂ ਦੇ ਵਰਕੇ ਮੈਂ ਪਾੜਾਂ, ਤੂੰ ਰਾਜ਼ੀ ?
ਮੈਂ ਮੁਸਲਿਮ, ਜੇ ਮੰਦਰ ਨੂੰ ਸਾੜਾਂ, ਤੂੰ ਰਾਜ਼ੀ ?
ਤੇ 'ਕਾਫਰ' ਦੇ ਜਜ਼ਬੇ ਲਿਤਾੜਾਂ, ਤੂੰ ਰਾਜ਼ੀ ?

ਸਮਝ ਨਹੀਂ ਆਉਂਦੀ ਇਦ੍ਹਾਂ ਕੀ ਸਬੱਬ ਏ ?
ਮੇਰੇ ਦਿਲ ਚੋਂ ਉਠਦੈ, ਪਈ ਇਹ ਚੰਗਾ ਰੱਬ ਏ ?

ਮੇਰੀ ਅਕਲ ਕਹਿੰਦੀ ਏ ਮੈਨੂੰ ਮਨੁੱਖਾ।
"ਤੂੰ ਸੱਚਾ ਏਂ ਕੋਰਾ, ਤੂੰ ਸੱਚਾ ਏਂ ਰੁੱਖਾ।
"ਜੇ ਰੱਬ ਹੈ ਖੁਸ਼ਾਮਦ ਚੜ੍ਹਾਵੇ ਦਾ ਭੁੱਖਾ।
ਤਾਂ ਕੀ ਹੈ ਜੇ ਤੂੰ ਹੋਇਓਂ ਰਿਸ਼ਵਤ ਦਾ ਭੁੱਖਾ।

ਤੇਰੇ ਘਰ ਵੀ ਵੱਢੀ ਜੇ ਚਲਦੀ ਪਈ ਏ।
ਇਦ੍ਹੇ ਵਿਚ ਤੇ ਥਾਣੇ 'ਚ ਦਸ ਫਰਕ ਕੀ ਏ।

ਤੂੰ ਤੱਕ ਤਾਂ ਸਹੀ ਆਪਣੇ 'ਭਗਤਾਂ' ਦੀ ਸੂਰਤ ॥
ਗੁਲਾਮੀ ਤਅੱਸਬ ਦੀ ਇਕ ਜ਼ਿੰਦਾ ਮੂਰਤ।
ਨਾ ਅੱਖਾਂ 'ਚ ਸੁਫਨੇ, ਨਾ ਬਾਹਾਂ 'ਚ ਹਿੰਮਤ।
ਨਾ ਕਰਨੇ ਦੀ ਤਾਕਤ, ਨਾ ਬਣਨੇ ਦੀ ਜੁਰਅਤ।

ਨਾ ਚਿਹਰੇ ਤੇ ਰੌਣਕ ਨਾ ਰੂਹਾਨਗੀ ਹੈ।
ਨਾ ਜੀਵਨ ਦਾ ਉਤਸ਼ਾਹ ਨਾ ; ਮਰਦਾਨਗੀ ਹੈ।

ਜੁੜੇ ਹੋਏ ਹਥ ਨੇ, ਤੇ ਗਰਦਨ ਝੁਕੀ ਹੈ।
ਤੇ ਸਹਿਮੀ ਨਜ਼ਰ, ਤੇਰੇ ਦਰ ਤੇ ਲਗੀ ਹੈ।
ਗਦਾ ਕਰਨ ਲਿਲ੍ਹਕਣ ਦੀ ਵਾਦੀ ਲਗੀ ਹੈ।
ਨਾ ਜਾਣਨ ਕਿ ਗੈਰਤ ਤੇ ਸਵੈਮਾਨ ਕੀ ਹੈ।

ਦਿਮਾਗਾਂ 'ਚ ਨਕਸ਼ਾ ਬਹਿਸ਼ਤਾਂ ਦਾ ਭੌਂਦਾ।
ਤੇ ਦਿਲ ਸਹਿਮ ਦੋਜ਼ਖ ਦੇ ਖਾ ਖਾ ਕੇ ਰੋਂਦਾ।

ਇਨ੍ਹਾਂ ਦੇ ਘਰਾਂ ਦੀ ਜ਼ਰਾ ਦੇਖ ਹਾਲਤ।
ਨਾ ਰੌਣਕ, ਨਾ ਖੇੜਾ, ਸਫਾਈ ਨਾ ਸੇਹਤ।
ਬਿਮਾਰੀ, ਕੰਗਾਲੀ, ਬੇ-ਇਲਮ ਜਹਾਲਤ।
ਉਧਰ ਵਧਦੀ ਭਗਤੀ, ਉਧਰ ਵਧਦੀ ਗੁਰਬਤ।

ਮਸੂਮਾਂ ਦੀ ਭੁਖ ਨਾਲ ਜਿੰਦ ਵਿਲਕਦੀ ਹੈ।
ਤੇ ਮਾਂ ਸਰਗੀ ਵੇਲੇ ਦੀ ਮੰਦਰ ਗਈ ਹੈ।

ਇਹ ਬਚਿਆਂ ਦੀਆਂ ਫੀਸਾਂ ਭਰਨੋਂ ਵੀ ਔਖੇ।
ਦਵਾਈ ਬੀਮਾਰੀ 'ਚ ਕਰਨੋਂ ਵੀ ਔਖੇ।
ਇਹ ਰਜ ਖਾਣੋਂ ਤੇ ਪੇਟ ਭਰਨੋਂ ਵੀ ਔਖੇ।
ਇਹ ਜੀਵਨ ਤੋਂ ਔਖੇ ਤੇ ਮਰਨੋਂ ਵੀ ਔਖੇ।

ਤੇਰੇ ਟੈਕਸ ਹਸ ਹਸ ਕੇ ਭਰਦੇ ਪਏ ਨੇ।
ਲਹੂ ਭੇਟਾ ਪੀਰਾਂ ਦੀ ਕਰਦੇ ਪਏ ਨੇ।

ਜ਼ਰਾ ਇਖਤਲਾਫੀ ਖਿਆਲਾਂ ਤੋਂ ਛੁਰੀਆਂ।
ਇਸ ਤਸਬੀ ਤੋਂ ਡਾਂਗਾਂ ਤੇ ਮਾਲਾਂ ਤੋਂ ਛੁਰੀਆਂ।
ਜ਼ਬਹ-ਖਾਨਿਆਂ, ਗਊ-ਸ਼ਾਲਾਂ ਤੋਂ ਛੁਰੀਆਂ।
ਇਹ ਝਟਕੇ ਤੋਂ ਝਟਕੇ, ਹਲਾਲਾਂ ਤੋਂ ਛੁਰੀਆਂ।

ਜੇ ਖੂਨੀ ਨੂੰ ਹੁੰਦੇ ਨੇ ਜੰਨਤ ਦੇ ਲਾਰੇ।
ਤੇਰੀ ਸਹੁੰ ਨਾ ਦਿਸਦੇ ਇਹ ਖੂਨੀ ਨਜ਼ਾਰੇ।

ਤੇਰੀ ਚਾਹ ਏ, ਸਜਦੇ ਈ ਕਰਦਾ ਰਿਹਾਂ ਮੈਂ।
ਤੇ ਸਿਰ ਤੇਰੀ ਸਰਦਲ ਤੇ ਧਰਦਾ ਰਿਹਾਂ ਮੈਂ।
ਤੇਰੇ ਦੋਜ਼ਖਾਂ ਕੋਲੋਂ ਡਰਦਾ ਰਿਹਾਂ ਮੈਂ।
ਤੇ ਚੱਟੀ ਨਿਆਜ਼ਾਂ ਦੀ ਭਰਦਾ ਰਿਹਾਂ ਮੈਂ।

ਕਮਾਂਦਾ ਰਹਾਂ ਬਣ ਕੇ ਭਾੜੇ ਦਾ ਟੱਟੂ।
ਤੇ ਬੁੱਲੇ ਪਏ ਲੁਟਣ ਇਹ ਵਿਹਲੜ ਮਖੱਟੂ।

ਗਿਐ ਅੰਨ੍ਹੀ ਸ਼ਰਧਾ ਦਾ ਹੁਣ ਉਹ ਜਮਾਨਾ।
ਬਗਾਵਤ ਨੂੰ ਲਭਨਾਂ ਪਿਆਂ ਮੈਂ ਬਹਾਨਾ।
ਵਤੀਰਾ ਤੇਰਾ ਜੇ ਰਿਹਾ ਹਾਕਮਾਨਾ।
ਤਾਂ ਬਣ ਜਾਸੇਂ ਇਕ ਰੋਜ਼-ਭੁਲਿਆ ਫਸਾਨਾ।

ਤੈਨੂੰ ਇਹ ਵਤੀਰਾ ਬਦਲਣਾ ਪਵੇਗਾ।
ਜ਼ਮਾਨੇ ਦੀ ਰੌ ਨਾਲ ਚਲਣਾ ਪਵੇਗਾ।

ਗਈ ਅੰਧ ਭਗਤੀ ਦੀ ਹੁਣ ਰਾਤ ਕਾਲੀ।
ਹੈ ਦਿਸਦੀ ਪਈ ਪਹੁ-ਫੁਟਾਲੇ ਦੀ ਲਾਲੀ।
ਨਵੀਂ ਰੌਸ਼ਨੀ ਬਣ ਕੇ ਸੂਰਤ ਜਲਾਲੀ।
ਕਿਤੇ ਆ ਗਈ ਹੈ, ਕਿਤੇ ਆਣ ਵਾਲੀ।

ਹੁਣ ਉੱਲੂ ਕਿਤੇ ਮੂੰਹ ਛੁਪਾਂਦੇ ਨਹੀਂ ਦਿਸਟੇ।
ਇਹ ਸਭ ਵਹਿਮ ਤੇ ਸਹਿਮ ਜਾਂਦੇ ਨਹੀਂ ਦਿਸਟੇ।

ਮਹੰਤਾਂ ਨੂੰ ਗਦੀਆਂ ਤੋਂ ਲਹਿਣਾਂ ਪਵੇਗਾ।
ਤੇ ਪੀਰਾਂ ਨੂੰ ਬੰਦਿਆਂ 'ਚ ਬਹਿਣਾ ਪਵੇਗਾ।
ਮੇਰੇ ਵਾਂਗ ਤਾਂ ਠਾਰ ਸਹਿਣਾ ਪਵੇਗਾ।
ਤੇ ਇਸ ਸਚ ਨੂੰ ਮੰਨਣਾ ਤੇ ਕਹਿਣਾ ਪਵੇਗਾ :—

ਅਸੀਂ ਨਾ ਖੁਦਾ ਦੇ ਚੁਣੇ, ਨਾ ਖੁਦਾ ਹਾਂ।
ਤੇਰੇ ਵਾਂਗ ਬੰਦੇ ਹਾਂ, ਤੇਰੇ ਭਰਾ ਹਾਂ।

*ਜਦੋਂ ਜੜ੍ਹਾਂ ਦੀ ਸਾਨੂੰ ਪਛਾਣ ਭੁੱਲੀ,*
*ਹੋਇਆ ਸਮਝ ਲਓ ਫੇਰ ਵਿਨਾਸ਼ ਸਾਡਾ।*
*ਡਿਸਕੋ ਜਾਣਦੇ ਹਾਂ ਪਰ ਨਾ ਪਤਾ ਸਾਨੂੰ,*
*ਕਿਹੜਾ ਕਵੀ, ਕਿਹੜਾ ਬੁੱਤ-ਤਰਾਸ਼ ਸਾਡਾ।*

## ਕਵਿਤਾ
## ਦੋਵੇਂ ਦੋਸ਼ੀ

**ਸਾਧੂ**

ਬੱਚਿਆਂ ਦੇ ਗਲਾਂ 'ਚ ਬਲਦੇ ਟਾਇਰ
ਤੁਹਾਡੇ ਵੀ ਸਿਰਾਂ 'ਚ ਜੰਮ ਗਏ ਹੋਣਗੇ
ਬੇਕਸੂਰ ਛਾਤੀਆਂ 'ਚੋਂ ਜੰਮੀਆਂ ਚੀਕਾਂ
ਮੇਰੇ ਕੱਲੇ ਦੇ ਹੀ ਮੱਥੇ 'ਚ ਅਮਿੱਟ ਛੇਕ ਨਹੀਂ ਕੀਤਾ
ਛੇਕੇ ਗਏ ਹੋਵੋਂਗੇ ਤੁਸੀਂ ਵੀ ਜ਼ਰੂਰ
ਝੁਲਸੇ ਜਿਸਮਾਂ ਦੀ ਖਬਰ 'ਤੇ
ਮੈਂ ਕੱਲਾ ਹੀ ਤੜਪਿਆ ਹਾਂ—
ਮੈਂ ਇਹ ਦਾਅਵਾ ਨਹੀਂ ਕੀਤਾ
ਪਰ ਜੇ ਤੁਹਾਡੀਆਂ ਕਸਮਾਂ ਤੇ ਸ਼ਬਦ ਨਹੀਂ ਵਰਤੇ
ਇਹ ਕਿਵੇਂ ਕਹਿ ਸਕਦੇ ਹੋ ਕਿ ਮੈਂ ਸੋਗ ਨਹੀਂ ਕੀਤਾ
ਠੀਕ ਹੈ ਮੈਥੋਂ ਇਹ ਕੁਝ ਨਹੀਂ ਕਹਿ ਹੋਇਆ
ਟਰੱਕਾਂ ਟੈਕਸੀਆਂ 'ਚ ਉਬਲਦੇ ਸਰੀਰ
ਬਲਾਤਕਾਰੀਆਂ ਦੇ ਛੁਰੇ
ਵਾੜ ਵੱਲ ਸੇਧੀਆਂ ਰਾਖਿਆਂ ਦੀਆਂ ਸੰਗੀਨਾਂ
ਇਹ ਤਾਂ ਸੱਭ ਬਹਾਨੇ
ਜੋ ਹੋਵੇ ਸੱਭ ਉਹਦਾ ਭਾਣਾ
ਆ ਲੱਗੀ 'ਤੇ ਰਾਖਾ ਨਾ ਕੋਈ
ਸਾਹ ਮੁੱਕਿਆਂ 'ਤੇ ਸੱਭ ਨੇ ਜਾਣਾ
ਇਹ 'ਕਰਮਾਂ' ਦਾ ਪਾਣੀ ਪਾ
ਤੁਸੀਂ ਤਾਂ ਅੰਦਰ ਦੇ ਭਾਂਬੜ ਕੁਝ ਲਏ ਬੁਝਾ
ਮੇਰੇ ਅੰਦਰ ਤਾਂ ਅਜੇ ਸਭ ਕੁਝ ਲਾਟੀਂ ਮੱਚ ਰਿਹਾ
ਇੰਨੇ ਲੋਕਾਂ ਦੀ ਇਕੋ ਵੇਲੇ ਕਿੱਦਾਂ 'ਆ ਲੱਗੀ'?
ਇਹ ਸਵਾਲ ਨਿੱਤ ਪਾਗਲ ਬਣਾ ਰਿਹਾ

ਨਾ ਹੀ ਮੈਨੂੰ ਸਮਝ ਇਹ ਆਇਆ
'ਰੱਬ ਦਾ ਘਰ' ਢੱਠਣ 'ਤੇ
ਤੁਸੀਂ ਡਾਢਾ ਸੋਗ ਮਨਾਇਆ
ਪਰ ਜਦ ਬੰਦਿਆਂ ਦੇ ਘਰ
ਸਣੇ ਔਰਤਾਂ ਬੱਚੇ ਬੁੱਢੇ
ਦਾਣਿਆਂ ਵਾਂਗੂੰ ਭੁੰਨੇ
ਤਾਂ ਇਨਾ ਘੱਟ ਗੁੱਸਾ ਕਿਉਂ ਆਇਆ

ਜ਼ਖਮ ਤੁਹਾਡੇ ਕਿਹੋ ਜਿਹੇ ਨੇ
ਜਿਹਨਾਂ ਉਤੇ
'ਮਰਨ ਵਾਲੇ ਬਹੁਤੇ ਨਿਰੰਕਾਰੀ ਸਨ' ਵੀ
ਮਲਮ ਦਾ ਕੰਮ ਕਰ ਜਾਂਦੀ ਹੈ
ਇਹ ਕਿਹੋ ਜਿਹਾ ਸੋਗ ਮਨਾਵੇਂ
ਮਰ ਗਿਆਂ ਬਾਰੇ ਬੋਲ ਸੁਣਾਵੇਂ
'ਜਿਹੜੇ ਪਹਿਲਾਂ ਮੰਨਦੇ ਨਹੀਂ ਸੀ
ਹੁਣ ਮੰਗਣਗੇ ਮੰਗਾਂ ਉਹ ਵੀ'

ਮੇਰੇ ਲਈ ਤਾਂ ਬੱਸਾਂ 'ਚੋਂ ਕੱਢ ਕੇ ਮਾਰੇ ਵੀ ਬੰਦੇ
ਜੋ ਫੌਜੀ ਟੈਂਕਾਂ ਨੇ ਲਿਤਾੜੇ
ਉਹ ਵੀ ਬੰਦੇ
ਬੰਦ ਘਰਾਂ ਵਿਚ ਲੂਹੇ ਗਏ ਵੀ ਬੰਦੇ
ਮੈਂ 'ਪੈਂਤੀ ਪੈਂਤੀ ਮਾਰਨ' ਵਾਲੀ ਹੈਂਕੜ ਦਾ ਵੀ ਵਿਰੋਧੀ
ਤੇ ਮਾਂ ਮਰੀ 'ਤੇ 'ਖੂਨ ਦਾ ਬਦਲਾ ਖੂਨ'
ਪ੍ਰਚਾਰਨ ਵਾਲੇ ਰਾਜੇ ਦਾ ਵੀ
ਮੇਰੇ ਘਰ ਵਿਚ ਅੱਗ ਦੋਹਾਂ ਨੇ ਲਾਈ
ਮੇਰੇ ਲਈ ਇਹ ਦੋਵੇਂ ਦੋਸ਼ੀ
ਇਹਨਾਂ ਵਿਚੋਂ ਇਕ ਨਾਲ ਰਲਾਂ ?
ਦੂਜੇ ਨੂੰ ਮਾਰਨ ਲਈ ਜਤਨ ਕਰਾਂ ?
ਨਾ ਨਾ ਨਾ ਨਾ ਨਾ ਨਾ
ਮੈਂ ਤਾਂ ਉਸ ਕਤਾਰ 'ਚ ਲੱਗਾਂ
ਜੋ ਦੋਵਾਂ ਦਾ ਕਰੂ ਖਾਤਮਾ
ਤੇ ਜੇ ਮੇਰਾ ਇਸ ਤਰ੍ਹਾਂ
ਤੁਹਾਡੇ 'ਕਰਮਾਂ' ਦੇ ਪਾਣੀ ਬਿਨਾਂ
ਬੰਦੇ ਲਈ ਤੜਪਣਾ
ਲੱਗਦਾ ਹੈ ਤੁਹਾਨੂੰ ਰੱਬ/ਧਰਮ ਤੋਂ ਪਾਸਾ ਪਰਤਣਾ
ਤਾਂ ਬੜੀ ਖੁਸ਼ੀ ਕੋਲ ਹੀ ਰੱਖੋ ਇਹ ਰੱਬ ਆਪਣਾ।

---

ਪੰਨਾ 13 ਦੀ ਬਾਕੀ

ਕਰਦਿਆਂ ਮੰਗ-ਪੱਤਰ 'ਚ ਕਿਹਾ ਗਿਆ ਹੈ ਕਿ ਸਭ ਤੋਂ ਮੁਖ ਮੁੱਦਾ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਤੇ ਦਿੱਲੀ ਸਮੇਤ ਉਨ੍ਹਾਂ ਦੂਜੇ ਸੂਬਿਆਂ ਜਿਥੇ ਪੰਜਾਬੀਆਂ ਦੀ ਕਾਫੀ ਵਸੋਂ ਹੈ, ਵਿਚ ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾ ਦਾ ਦਰਜਾ ਦਿਵਾਏ ਜਾਣ ਦਾ ਹੈ। ਇਸ ਦੇ ਨਾਲ ਹੀ ਉਰਦੂ ਅਕਾਡਮੀ/ਸੰਸਕ੍ਰਿਤ ਸੰਸਥਾ ਪੱਧਰ ਦੀ ਇਕ ਕੇਂਦਰੀ ਸੰਸਥਾ ਪੰਜਾਬੀ ਲਈ ਵੀ ਕਾਇਮ ਕੀਤੀ ਜਾਵੇ ਜਿਸ ਦਾ ਕੇਂਦਰ ਨਵੀਂ ਦਿੱਲੀ ਵਿਚ ਹੋਵੇ। ਵਫਦ ਨੇ ਰੋਸ ਪ੍ਰਗਟ ਕੀਤਾ ਕਿ ਰੇਡੀਓ ਅਤੇ ਟੀ. ਵੀ. ਉਤੇ ਪੰਜਾਬੀ ਨਾਲ ਭਾਰੀ ਬੇਇਨਸਾਫੀ ਹੋ ਰਹੀ ਹੈ। ਜਿਥੇ ਪੰਜਾਬੀ ਪਰੋਗਰਾਮਾਂ ਲਈ ਬੜਾ ਘੱਟ ਸਮਾਂ ਦਿਤਾ ਜਾਂਦਾ ਹੈ ਉਥੇ ਪਰੋਗਰਾਮਾਂ ਦਾ ਪੱਧਰ ਵੀ ਬੇਹੱਦ ਨਿਰਾਸ਼ ਕਰਨ ਵਾਲਾ ਹੁੰਦਾ ਹੈ। ਵਫਦ ਨੇ ਹਰੇਕ ਸਾਲ 12 ਜਨਵਰੀ ਨੂੰ ਰਾਜ ਪੱਧਰ ਉਤੇ ਪੰਜਾਬੀ ਦਿਵਸ ਮਨਾਉਣ ਦਾ ਸੁਝਾਅ ਦਿਤਾ ਹੈ। ਵਫਦ ਅਨੁਸਾਰ ਇਹ ਦਿਨ ਪੰਜਾਬੀ ਪ੍ਰੇਮੀਆਂ ਲਈ ਬੜੀ ਇਤਿਹਾਸਕ ਮਹੱਤਤਾ ਰਖਦਾ ਹੈ ਕਿਉਂਕਿ 12 ਜਨਵਰੀ 1968 ਨੂੰ ਪਹਿਲੀ ਵਾਰ ਪੰਜਾਬੀ ਨੂੰ ਰਾਜ ਭਾਸ਼ਾ ਬਣਾਏ ਜਾਣ ਦੇ ਕਾਨੂੰਨ ਦੀ ਨੋਟੀਫਿਕੇਸ਼ਨ ਜਾਰੀ ਹੋਈ ਸੀ।

# ਸਿੱਖ ਕੌਣ ?

**ਮੇਹਰ ਸਿੰਘ ਸੰਧੂ, ਵੈਨਕੂਵਰ**

ਜਿਸ ਨੂੰ ਸੰਸਕ੍ਰਿਤ ਵਿਚ ਸ਼ਿਸ਼ ਕਿਹਾ ਹੈ, ਉਸੇ ਨੂੰ ਪੰਜਾਬੀ ਭਾਸ਼ਾ ਵਿਚ ਸਿੱਖ ਕਹੀਦਾ ਹੈ। ਦੋਹਾਂ ਦੇ ਅਰਥਾਂ ਵਿਚ ਕੋਈ ਫਰਕ ਨਹੀਂ। ਸ਼ਿਸ਼ ਜਾਂ ਸਿੱਖ ਤੋਂ ਭਾਵ ਹੈ ਸਿੱਖਣ ਵਾਲਾ, ਸ਼ਾਗਿਰਦ, ਚੇਲਾ , ਸਾਬਕ। ਸਿੱਖਣਾ ਕਿਸੇ ਗੁਣ ਦਾ ਹੁੰਦਾ ਹੈ।

ਗੁਰੂ ਘਰ ਵਿਚ, ਸਿੱਖ ਜਾਂ ਗੁਰ ਸਿੱਖ, ਪਰਮਾਰਥ ਦੇ ਉਸ ਪਾਂਧੀ ਨੂੰ ਕਿਹਾ ਹੈ ਜੋ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਗ੍ਰਹਿਣ ਕਰਦਾ ਅਤੇ ਗੁਰੂ ਨੂੰ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਜਾਣ ਕੇ ਉਸ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ :—

ਗੁਰੂ ਪਾਰਬ੍ਰਹਮ ਪਰਮੇਸ਼ਰੁ ਆਪਿ ।(ਗੁਰੂ ਗ੍ਰੰਥ ਪੰਨਾ 387)
ਗੁਰਿ ਕਹਿਆ ਸਾ ਕਾਰ ਕਮਾਵਹੁ ।( ਗੁਰੂ ਗ੍ਰੰਥ ਪੰਨਾ 832)

ਗੁਰ-ਸਿਖੀ ਦਾ ਕਰਮੁ ਏਹੁ ਗੁਰ ਫਰਮਾਏ ਗੁਰ ਸਿੱਖ ਕਰਣਾ ।
(ਵਾਰਾਂ ਭਾਈ ਗੁਰਦਾਸ ਜੀ 28:10)

ਗੁਰਮਤ ਭਗਤੀ ਜੋਗ ਦਾ ਮਾਰਗ ਹੈ। ਭਗਤ ਕਬੀਰ, ਭਗਤ ਨਾਮ ਦੇਉ, ਸ਼ੇਖ ਬਾਬਾ ਫਰੀਦ ਆਦਿ ਹਜ਼ਾਰਾਂ, ਭਗਤੀ ਮਾਰਗ ਦੇ ਉਪਾਸ਼ਕ ਸਿੱਖ ਧਰਮ ਤੋਂ ਬਾਹਰ ਹੋਏ ਹਨ, ਪਰ ਉਹ ਸਭ ਨਾਮ ਜੋਗ ਜਾਂ ਪ੍ਰੇਮਾ ਭਗਤੀ ਦੇ ਉਲਟ ਨਹੀਂ।

ਇਸੇ ਤਰ੍ਹਾਂ ਹਿੰਦੂਆਂ ਵਿਚੋਂ ਭਗਤੀ ਮਤ, ਇਸਲਾਮ ਵਿਚੋਂ ਸੂਫੀ ਮਤ ਤੇ ਸਾਰਾ ਈਸਾਈ ਮਤ ਪਰਮੇਸ਼ਰ ਦੇ ਪ੍ਰੇਮ ਨੂੰ ਉਸ ਦੀ ਪ੍ਰਾਪਤੀ ਦਾ ਮੁੱਖ ਸਾਧਨ ਸਮਝਦੇ ਹਨ। ਸੂਫੀਆਂ ਦਾ ਰਾਹ ਤਾਂ ਹੈ ਹੀ ਪ੍ਰੇਮ (ਇਸ਼ਕ) ਦਾ।

ਗੁਰਮਤ ਨੂੰ ਨਿਕੀਆਂ ਨਿਕੀਆਂ ਵਲਗਣਾਂ ਵਿਚ ਬੰਦ ਨਹੀਂ ਕੀਤਾ ਜਾ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਂ ਤੋਂ ਬਹੁਤ ਪਹਿਲੇ ਹੋਏ ਮਹਾਂ ਪੁਰਸ਼ਾਂ ਦੀ ਬਾਣੀ ਦਾ ਹੋਣਾ, ਇਸ ਗੱਲ ਦਾ ਸਬੂਤ ਹੈ ਕਿ ਗੁਰਮਤ ਸਰਬ ਵਿਆਪਕ ਤੇ ਵਿਸ਼ਾਲ ਹੈ। ਜੇ ਹਜ਼ਰਤ ਮੀਆਂ ਮੀਰ ਜੀ ਅਨਮਤੀਏ ਹੁੰਦੇ ਤਾਂ ਸ੍ਰੀ ਗੁਰੂ ਰਾਮਦਾਸ ਜੀ ਉਨ੍ਹਾਂ ਪਾਸੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਨਾ ਰਖਵਾਂਦੇ।

ਗੁਰੂਆਂ ਦਾ ਗੁਰੂ ਉਹ ਨਿਰੰਕਾਰ ਆਪ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ — ਬਾਬਾ ਹੋਰ ਮਤਿ ਹੋਰ ਹੋਰ।
ਜੇ ਸਉ ਵੇਰ ਕ ਮਾਈਐ ਕੂੜੇ ਕੂੜਾ ਜੋਰੁ। (ਪੰਨਾ 17)

ਇਸ ਅਨੁਸਾਰ ਪ੍ਰਭ ਪ੍ਰਭੂ ਦੀ ਪ੍ਰੇਮਾ ਭਗਤੀ, ਜਿਸ ਨੂੰ ਨਾਮ ਦੀ ਕਮਾਈ ਤੇ ਅਲਹ ਦੀ ਬੰਦਗੀ ਵੀ ਕਿਹਾ ਜਾਂਦਾ ਹੈ, ਤੋਂ ਉਪਰੰਤ ਹੋਰ ਸਭ ਅਨਮਤ ਹੈ। ਉਸ ਨੂੰ ਸੌ ਸੌ ਵਾਰੀ ਕਮਾ ਕੇ ਵੇਖਿਆਂ ਵੀ ਉਹ ਕੂੜੇ ਦਾ ਕੂੜ ਹੀ ਸਿੱਧ ਹੁੰਦਾ ਹੈ। ਇਸੇ ਫਰਮਾਨ ਦੀਆਂ ਦੋ ਅਗਲੀਆਂ ਤੁਕਾਂ ਇਹ ਹਨ :—

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ।
ਨਾਉ ਸਦਏ ਆਪਣਾ ਹੋਵੈ ਸਿਧੁ ਸੁਮਾਰ।
ਜਾ ਪਿਤ ਲੇਖੈ ਨਾ ਪਵੈ ਸਭਾ ਪੂਜ ਖੁਆਰੁ।(ਪੰਨਾ 17)

ਸੋ ਜੋ ਇਕ ਨਿਰੰਕਾਰ ਦੀ ਉਪਾਸ਼ਨਾ ਕਰਨ ਵਾਲੇ ਹਨ, ਉਹ ਇਕ ਮਤ ਵਾਲੇ ਹਨ ਭਾਵੇਂ ਕੋਈ ਉਨ੍ਹਾਂ ਨੂੰ ਹਿੰਦੂ ਕਹੇ, ਮੁਸਲਮਾਨ ਜਾਂ ਈਸਾਈ। ਉਹ ਸਿੱਖ ਹਨ, ਗੁਰਮਤੀਏ ਹਨ।

(ਪ੍ਰੀਤਲੜੀ ਮਾਰਚ 1977 ਸੰਤੋਖ ਸਿੰਘ)

ਸਿੱਖ ਕੌਣ ਹੈ ? ਕੀ ਕੇਵਲ ਉਹੋ ਆਦਮੀ ਸਿੱਖ ਹੈ ਜੋ ਪੰਜ ਕੱਕਿਆਂ ਨੂੰ ਧਾਰਨ ਰਖਦਾ ਹੈ ?

ਜੇ ਇਹ ਗੱਲ ਹੈ ਤਾਂ ਦਸਮ ਗੁਰੂ ਤੋਂ ਪਹਿਲਾਂ ਦੇ ਨੌਂ ਗੁਰੂ, ਤੇ ਉਨ੍ਹਾਂ ਦੇ ਹੋਰ ਹਜ਼ਾਰਾਂ ਪੈਰੋਕਾਰ ਕੀ ਸਨ ?

ਕੀ ਉਹ ਸਿੱਖ ਨਹੀਂ ਸਨ ? ਜਿਵੇਂ ਪੰਜਾਬ ਦਾ ਹਿੰਦੂ ਹੋਰ ਤੇ ਸਿੰਧ ਦਾ ਹੋਰ, ਕੀ ਉਸੇ ਤਰ੍ਹਾਂ ਹੀ ਦਸਮ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਦੀ ਸਿੱਖੀ ਹੋਰ ਤੇ ਬਾਅਦ ਦੀ ਹੋਰ ਹੈ ?

ਨਹੀਂ, ਇਹ ਗਲ ਨਹੀਂ ਹੋ ਸਕਦੀ। ਜੇ ਇੰਜ ਹੁੰਦਾ ਤਾਂ ਦਸਮ ਗੁਰੂ ਕਿਉਂ ਨਾ ਆਦਿ-ਗ੍ਰੰਥ ਦੀ ਥਾਂ ਦਸਮ ਗਰੰਥ ਨੂੰ ਪੰਥ-ਗੁਰੂ ਦਾ ਦਰਜਾ ਦੇ ਦੇਂਦੇ ?

ਜਿਵੇਂ ਹੋਰਨਾਂ ਮਤਾਂ ਵਿਚ ਉਸੇ ਤਰ੍ਹਾਂ ਏਥੇ ਵੀ ਸੁਆਰਥੀਆਂ ਨੇ ਇਕ ਮਹਾਨ ਸਿਖਿਆ ਨੂੰ ਪਖੰਡ ਬਣਾ ਲਿਆ ਹੈ। ਪੰਥ ਦੀ ਆਤਮਾ ਨੂੰ ਛੱਡ ਦਿਤਾ ਹੈ, ਉਪਰਲੇ ਚਿਨ੍ਹਾਂ ਨੂੰ ਜੱਫੀ ਮਾਰ ਲਈ ਹੈ।

ਸਿੱਖ ਨੂੰ ਗੁਰੂ ਨੇ ਕੇਵਲ ਇਕ ਹੁਕਮ ਦਿਤਾ ਹੈ—
ਏਕੋ ਨਾਮ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇਉ (ਪੰਨਾ 72)

ਆਪ ਨਾਮ ਜਪਣ ਦਾ ਤੇ ਹੋਰਨਾਂ ਨੂੰ ਜਪਵਾਣ ਦਾ। ਕਿਸੇ ਨੂੰ ਪ੍ਰੇਰ ਕੇ ਇਕ ਮਜ਼ਹਬ ਵਿਚੋਂ ਕੱਢ ਕੇ ਦੂਸਰੇ ਵਿਚ ਲਿਆਉਣ ਵਿਚ ਸਿੱਖੀ ਨਹੀਂ। ਇਸ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤੇ ਕੋਈ ਆਗਿਆ ਨਹੀਂ।

ਕਿਸੇ ਕੌਮ ਦੀ ਗਿਣਤੀ ਵਧਾਉਣਾ ਰਾਜਨੀਤੀ ਕਰਮ ਹੈ। ਪਰਮਾਤਮਾ ਇਸ ਨਾਲ ਨਹੀਂ ਪਤੀਜਦਾ। ਨਾਮ ਦੀ ਕਮਾਈ ਤੇ ਗਿਣਤੀ ਵਧਾਉਣਾ ਦੋ ਵਖਰੇ ਵਿਸ਼ੇ ਹਨ। ਸਾਰੇ ਮਜ਼ਹਬ ਪਰਮਾਤਮਾ ਨੂੰ ਪੂਜਣ ਦੇ ਰਸਤੇ ਹਨ, ਅਤੇ ਸਾਰੇ ਚੰਗੇ ਹਨ। ਜਿਸ ਵਿਚ ਕੋਈ ਹੈ ਉਸ ਲਈ ਉਹ ਵੀ ਠੀਕ ਹੈ! ਲੋੜ ਪਰੇਮ, ਪਿਆਰ, ਸ਼ੁਧ ਭਾਵਨਾ ਅਤੇ ਨੇਕਨੀਤੀ ਦੀ ਹੀ ਹੁੰਦੀ ਹੈ।

ਸੋ ਮੇਰੀ ਆਤਮਾ ਉਸ ਪੰਜਾਬੀ ਨੂੰ ਪੂਰੀ ਤਰ੍ਹਾਂ ਪੰਜਾਬੀ ਮੰਨਣ ਲਈ ਤਿਆਰ ਨਹੀਂ, ਜਿਸ ਨੂੰ ਗੁਰੂਆਂ ਦੀ ਅੰਮ੍ਰਿਤ ਬਾਣੀ ਦਾ ਸੁਆਦ ਨਹੀਂ ਪਿਆ, ਅਤੇ ਨਾ ਹੀ ਉਸ ਸਿੱਖ ਨੂੰ ਸੱਚੇ ਮੈਂਣਿਆਂ ਵਿਚ ਗੁਰ ਸਿੱਖ ਜੋ ਸਿ ਸਾਰੇ ਪੰਜਾਬੀਆਂ ਬਲਕਿ ਸਾਰੀ ਮਨੁਖਤਾ ਨੂੰ ਹੀ ਆਪਣਾ ਰੂਪ ਨਹੀਂ ਵੇਖਦਾ (ਪ੍ਰੀਤ ਲੜੀ ਨਵੰਬਰ 1959 ਬਲਰਾਜ ਸਾਹਨੀ)

ਜਦੋਂ ਤੱਕ ਕੋਈ ਸੱਜਣ ਆਪਣਾ ਜੀਵਨ ਗੁਰਬਾਣੀ ਸਾਂਚੇ ਵਿਚ ਢਾਲਦਾ ਨਹੀਂ, ਉਹ ਸੱਚੇ ਅਰਥਾਂ ਵਿਚ ਸਿੱਖ ਅਖਵਾਣ ਦਾ ਹੱਕਦਾਰ ਨਹੀਂ ਗੁਰੂ ਵਾਕ ਹੈ :—

ਸੋ ਸਿੱਖ ਬੰਧਪ ਹੈ ਭਾਈ ਜਿ ਗੁਰ ਕੇ ਭਾਵੈ ਵਿਚ ਆਵੈ।

ਭਾਵ ਮਨ ਦੀ ਮਤ ਨੂੰ ਛੱਡ ਕੇ, ਗੁਰਬਾਣੀ ਤੇ ਚਲਣਾ ਹੀ ਗੁਰ ਸਿਖੀ ਹੈ

ਅਸਲ ਅਰਥਾਂ ਵਿਚ ਸਿਖ ਤੁਸੀਂ ਸੱਚੇ ਤੇ ਸਕਾਰਥੇ ਜੀਵਨ ਨਾਲ ਹੀ ਬਣ ਸਕਦੇ ਹੋ। (ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ਵਾਲੇ)

ਨਾਮਾ ਕਹੇ ਤਿਲੋਚਨਾ ਮੁਖ ਤੇ ਰਾਮ ਸਮਾਲ।
ਹਾਥ ਪਾਉਂ ਸੇ ਕਿਰਤ ਕਰ ਚੀਤ ਨਿਰੰਜਨ ਨਾਲ।

ਸੋ ਸੱਥਕ ਸਿੱਖ ਅੰਮ੍ਰਿਤ ਵੇਲੇ ਬਾਣੀ ਤੇ ਕੀਰਤਨ ਵਿਚੋਂ ਸਿਖਦਾ ਹੈ ਉਸ ਦੀ ਪਰਖ ਤਾਂ ਦਿਨ ਦੇ ਵਿਹਾਰ ਵਿਚ ਹੋਣੀ ਹੈ। ਤੂੰ ਤੂੰ ਕਰਨਾ ਹੀ ਕਾਫੀ ਨਹੀਂ। ਸਿੱਖ ਦੀ ਰਹਿਣੀ ਬਹਿਣੀ ਉਸ ਦੇ ਸਾਰੇ ਵਿਹਾਰ ਤੋਂ ਮੈਂ ਤੇ ਤੂੰ ਦਾ ਭੇਦ ਖਤਮ ਹੋਇਆ ਦਿਸਣਾ ਚਾਹੀਦਾ (ਪ੍ਰਿੰਸੀਪਲ ਨਿਰੰਜਨ ਸਿੰਘ ਜੀ)

"ਸਿੱਖ ਤਾਂ ਕਿ ਤੂੰ ਆਪਣੇ ਗਿਆਨ ਦੀ ਸ਼ਕਤੀ ਨਾਲ ਆਪਣੇ ਦੁਸ਼ਮਣ ਦੀਆਂ ਦਲੀਲਾਂ ਦਾ ਜਵਾਬ ਦੇ ਸਕੇਂ, ਉਹਦਾ ਵਿਰੋਧ ਕਰ ਸਕੇਂ ਤ ਤੇ ਉਹਦੀ ਨਿਖੇਧੀ ਕਰ ਸਕੇਂ।

ਸਿੱਖ, ਤਾਂ ਕਿ ਤੂੰ ਸਵੈ- . ਪੜਚੋਲ ਰਾਹੀਂ ਆਪਣੇ ਆਦਰਸ਼ਾਂ ਤੇ ਆਪਣੀਆਂ ਨਤੀਆਂ ਨੂੰ ਗਲਤੀਆਂ ਤੋਂ ਪਾਕ ਕਰ ਸਕੇਂ।
(ਪ੍ਰੀਤਲੜੀ ਸਤੰਬਰ 1979 ਸ਼ਹੀਦ ਭਗਤ ਸਿੰਘ ਦੇ ਲੇਖ ਵਿਚੋਂ)

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਦੇ ਹਾਂ —

ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 305 ਵਿਚ ਅੰਕਿਤ ਗੁਰ ਸਿੱਖ ਦੇ ਲੱਛਨ ਨਾਮ ਦੇ ਦੁਆਲੇ ਪਰਕਰਮਾ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਦੇ ਲੱਛਨ ਇਹ ਦਸੇ ਹਨ—

ਗੁਰ ਸਤਿ ਗੁਰ ਕਾ ਜੋ ਸਿੱਖ ਅਖਾਏ, ਸੁ ਭਲਕੇ ਉਠਿ ਹਰਿਨਾਮ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਪੈ, ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਿਦਿਆਂ ਉਠਦਿਆਂ ਹਰਿ ਨਾਮੁ ਧਿਆਵੈ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਉਪਦੇਸ ਸੁਣਾਵੈ
ਜਨ ਨਾਨਕ ਧੂੜਿ ਮੰਗੇ ਤਿਸ ਗੁਰਸਿਖ ਕੀ ਜੋ ਆਪਿ ਜਪੈ ਅਵਰ ਨਾਮੁ ਜਪਾਵੈ।

ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਜਿਨ੍ਹਾਂ ਨੂੰ ਗੁਰੂ ਗਰੰਥ ਸਾਹਿਬ ਦੀ ਕੁੰਜੀ ਕਿਹਾ ਜਾਂਦਾ ਹੈ, ਸਿੱਖ ਦੇ ਲੱਛਨ ਅੰਕਿਤ ਹਨ। ਉਹ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਉਤੇ ਦਿਤੇ ਸ਼ਬਦ ਨਾਲ ਮਿਲਦੇ ਹਨ। ਕਿਸੇ ਕਮੇਟੀ, ਦੀਵਾਨ, ਫਾਉਂਡੇਸ਼ਨ ਜਾਂ ਸਭਾ ਸੁਸਾਇਟੀ ਨੂੰ ਕੋਈ ਹਕ ਹਾਸਲ ਨਹੀਂ ਕਿ ਉਹ ਇਸ ਵਿਚ ਕੋਈ ਵਾਧਾ ਘਾਟਾ ਕਰ ਸਕੇ। ਜੋ ਕੋਈ ਕਮੇਟੀ ਆਪਣੀ ਮਨ-ਮਰਜ਼ੀ ਨਾਲ ਸਿੱਖ ਦੀ ਕੋਈ ਹੋਰ ਤਾਰੀਫ਼ ਘੜਦੀ ਹੈ, ਤਾਂ ਉਹ ਗੁਰੂ ਸਮਾਨ ਗੁਰਬਾਣੀ ਦਾ ਉਲੰਘਣ ਕਰਨ ਦੀ ਅਪਰਾਧੀ ਹੈ!

# ਭਾਰਤ ਨੂੰ ਪਾਕਿ ਨੂੰ ਹਰਾ ਕੇ ਫਾਈਨਲ ਵਿਚ

ਇਪੋਹ — ਇਥੇ ਪਾਕਿਸਤਾਨ ਨੂੰ 1-0 ਨਾਲ ਹਰਾ ਕੇ ਸੁਲਤਾਨ ਅਜ਼ਨਾਲ ਸ਼ਾਹ ਕੱਪ ਇੰਟਰਨੈਸ਼ਨਲ ਹਾਕੀ ਟੂਰਨਾਮੈਂਟ ਦੇ ਫਾਈਨਲ ਵਿਚ ਪਹੁੰਚ ਗਿਆ ਹੈ। ਦੂਜੇ ਪਾਸੇ ਮਲੇਸ਼ੀਆ ਸਪੇਨ ਨੂੰ 3-2 ਨਾਲ ਹਰਾ ਕੇ ਫਾਈਨਲ ਵਿਚ ਪੁੱਜ ਗਿਆ ਹੈ। ਮਲੇਸ਼ੀਆ ਨੇ ਦੂਜੀ ਵਾਰ ਦਿੱਤੇ ਵਾਧੂ ਟਾਈਮ ਦੇ ਦੂਜੇ ਅੱਧ ਵਿਚ ਗੋਲ ਕੀਤਾ। ਮਲੇਸ਼ੀਆ ਦੀ ਸਪੇਨ ਉਤੇ ਇਹ ਪਹਿਲੀ ਜਿੱਤ ਹੈ। ਉਨ੍ਹਾਂ ਦੇ ਗੋਲਕੀਪਰ ਮੁਹੰਮਦ ਸਾਯੂਡੀ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ।

# ਪੰਜਾਬੀ ਲੇਖਕ ਮੰਚ ਵੈਨਕੂਵਰ ਸਾਹਿਤਕ ਇਕੱਤਰਤਾ — 9 ਨਵੰਬਰ 1985

ਲੇਖਕ ਮੰਚ ਦੀ ਇਸ ਇਕੱਤਰਤਾ ਵਿਚ — ਚਰਨ ਸਿੰਘ, ਅਮਰਜੀਤ ਚਾਹਲ, ਇਕਬਾਲ ਕਾਹਲੋਂ, ਦਰਸ਼ਨ ਗਿੱਲ, ਸੁਦੇਸ਼ ਕੌਰ, ਗੁਰਚਰਨ ਰਾਮਪੁਰੀ, ਮੁਹਿੰਦਰ ਸੂਮਲ, ਸੂਫੀ ਅਮਰਜੀਤ, ਸੁਖਵੰਤ ਹੁੰਦਲ ਅਤੇ ਅਜਮੇਰ ਰੋਡੇ ਨੇ ਭਾਗ ਲਿਆ।

ਇਕੱਤਰਤਾ ਸਾਢੇ 6 ਵਜੇ ਲਿਟਲ ਮਾਊਂਟੇਨ ਨੇਬਰਹੁਡ ਵਿਚ ਹੋਈ। ਪਰਧਾਨਗੀ ਸੁਦੇਸ਼ ਕੌਰ ਨੇ ਕੀਤੀ।

ਚਰਨ ਸਿੰਘ ਨੇ ਆਪਣੀ ਮੌਲਕ ਕਵਿਤਾ ਪ੍ਰਸ਼ਨੋਤਰੀ ਪੜ੍ਹੀ :

"ਧੁੱਪ ਹੈ ਮੂਸਲੇਧਾਰ ਮੀਂਹ ਵਾਂਗ ਪੈ ਰਹੀ
ਜ਼ਿੰਦਗੀ ਆਪਣੇ 'ਚੋਂ ਧੁੱਪ ਕਦੀ ਛਾਂ ਨਿਚੋੜ
ਨਦੀ ਨੂੰ ਲੱਗੀ ਹਿਚਕੀ ਵਾਂਗ
ਹਿਚਕੀ ਨੂੰ ਲੱਗੀ ਨਦੀ ਵਾਂਗ
ਪਾਣੀ ਭਾਲਦੀ।"

ਕਵਿਤਾ ਉਤੇ ਕਾਫੀ ਦੇਰ ਚਰਚਾ ਹੋਈ। ਕਵਿਤਾ ਵਿਚ ਸਰਲਤਾ, ਪਰਤੀਕਾਂ ਅਤੇ ਅਲੰਕਾਰਾਂ ਦੀ ਵਰਤੋਂ, ਅਰਥ ਸੰਚਾਰ ਅਤੇ ਭਾਵ ਸੰਚਾਰ ਉਤੇ ਦਿਲਚਸਪ ਵਿਚਾਰ ਵਟਾਂਦਰਾ ਹੋਇਆ।

ਸੂਫੀ ਅਮਰਜੀਤ ਨੇ ਨਵੀਂ ਲਿਖੀ ਗਜ਼ਲ ਪੜ੍ਹੀ :

"ਫਿਰਕੂ ਜ਼ਹਿਰ ਦੇ ਮਾਰੇ ਬੰਦੇ ਕੀ ਕਰੀਏ
ਹਿੰਮਤ ਹੁੰਦਿਆਂ ਹਾਰੇ ਬੰਦੇ ਕੀ ਕਰੀਏ"

ਗਜ਼ਲ ਵਿਚ ਵਰਤੇ ਗਏ ਲੋਕ-ਯੋਗੀ ਦੇ ਸੰਕਲਪ ਉਤੇ ਦਿਲਚਸਪ ਚਰਚਾ ਹੋਈ ਵਿਗਿਆਨ ਅਤੇ ਧਰਮ ਦੇ ਪਰਸਪਰ ਸੰਬੰਧਾਂ ਅਤੇ ਵਿਰੋਧਾਂ ਉਤੇ ਵੀ ਵਿਚਾਰ ਵਟਾਂਦਰਾ ਹੋਇਆ। ਗਜ਼ਲ ਲਈ ਕੁਝ ਸੁਝਾ ਵੀ ਪੇਸ਼ ਕੀਤੇ ਗਏ।

ਅਜਮੇਰ ਰੋਡੇ ਨੇ ਦੱਖਣੀ ਅਫਰੀਕਾ ਦੇ ਕਾਲੇ ਸ਼ਾਇਰ ਬੈਂਜਮਿਨ ਮੋਲੋਇਸ ਦੀ ਮਾਂ ਨੂੰ ਸਮਰਪਿਤ ਇਕ ਕਵਿਤਾ ਪੜ੍ਹੀ :

"ਜਿਸ ਸੂਲੀ ਤੇਰਾ ਗੀਤ ਬੋਲਦਾ ਪੁੱਤਰ ਚੜ੍ਹਿਆ
ਉਸ ਸੂਲੀ ਤੇ ਫੂਕ ਮਾਰਦੇ।
ਨੋਕ ਤੇ ਗੁੰਮ ਸੁੰਮ ਬੈਠੇ ਉਸਦੇ
ਬੋਲਾਂ ਨੂੰ ਥਰਕਾ ਦੇ
ਪੌਣਾਂ ਵਿਚ ਖਿੰਡਾ ਦੇ।"

ਇਸ ਪਿਛੋਂ ਬੈਂਜਮਿਨ ਮੋਲੋਇਸ ਉਤੇ ਕੈਨੇਡਾ ਦਰਪਣ ਵਿਚ ਛਪੀ ਮਾਸਟਰ ਦਰਸ਼ਨ ਸਿੰਘ ਦੀ ਇਕ ਕਵਿਤਾ ਸੂਫੀ ਅਮਰਜੀਤ ਨੇ ਪੜ੍ਹ ਕੇ ਸੁਣਾਈ :

"ਪਲ ਭਰ ਕਿਤੇ ਸੁਸਤਾਉਣ ਲਈ
ਜਦ ਲੋਕ ਜੁੜ ਕੇ ਬਹਿਣਗੇ
ਤੇਰੀ ਕਹਾਣੀ ਕਹਿਣਗੇ
ਖੱਫਣ ਸਿਰਾਂ ਤੇ ਬੰਨ੍ਹ ਕੇ
ਸੰਘਰਸ਼ ਰਾਹੇ ਪੈਣਗੇ ..."

ਇਕੱਤਰਤਾ ਵਿਚ ਕਨੇਡੀਅਨ ਲੇਖਕ ਮਾਈਕਲ ਬੁੱਲਕ ਦੀ ਨਵੀਂ ਛਪੀ ਪੁਸਤਕ "THE DOUBLE EGO" ਦਾ ਪਰੀਚੇ ਵੀ ਕਰਵਾਇਆ ਗਿਆ। ਮਾਈਕਲ ਬੁੱਲਕ ਕੈਨੇਡਾ ਵਿਚ ਮੁੱਖ ਪਰ੍ਹਾਯਥਾਰਥਵਾਦੀ ਕਵੀ ਅਤੇ ਗਲਪ ਲੇਖਕ ਹੈ। ਪਰ੍ਹਾ ਯਥਾਰਥਵਾਦੀ ਚਿੰਤਨਮੁਕਤ ਅਤੇ ਸੁਪਨਮਈ ਵਹਾ ਵਾਲਾ ਸਾਹਿਤ ਹੈ ਜਿਸਦਾ ਸਮਾਂ ਪੱਛਮੀ ਦੇਸ਼ਾਂ ਦੇ ਸਾਹਿਤ ਵਿਚੋਂ ਵੀ ਲੰਘ ਗਿਆ ਜਾਪਦਾ ਹੈ। ਪਰ ਮਾਈਕਲ ਬੁੱਲਕ ਪਿਛਲੇ ਚਾਲੀ ਸਾਲਾਂ ਤੋਂ ਨਿਰੰਤਰ ਪਰ੍ਹਾਯਥਾਰਥਵਾਦ ਜਿਉਂ ਰਿਹਾ ਹੈ ਅਤੇ ਲਿਖ ਰਿਹਾ ਹੈ। ਇਹ ਉਸਦੀ ਵੀਹਵੀਂ ਪੁਸਤਕ ਹੈ। ਇਸ ਤੋਂ ਬਿਨਾਂ ਉਹ 150 ਦੇ ਲਗਭਗ ਪੁਸਤਕਾਂ ਦੂਜੀਆਂ ਭਾਸ਼ਾਵਾਂ ਵਿਚੋਂ ਅੰਗਰੇਜ਼ੀ ਵਿਚ ਅਨੁਵਾਦ ਕਰ ਚੁੱਕਾ ਹੈ। ਉਸਦੀ ਕਵਿਤਾ ਵਿਚ ਸ਼ਕਤੀਸ਼ਾਲੀ ਕਲਪਣਾ ਉਡਾਰੀ ਅਤੇ ਗਲਪ ਵਿਚ ਅਦਭੁਤ ਬਿੰਬਾ ਦੀ ਸਿਰਜਣਾ ਪੰਜਾਬੀ ਲੇਖਕਾਂ ਲਈ ਦਿਲਚਸਪੀ ਦਾ ਕਾਰਣ ਬਣ ਸਕਦੀਆਂ ਹਨ।

ਲੇਖਕ ਮੰਚ ਵਲੋਂ ਫਰਵਰੀ 1986 ਵਿਚ ਇਕ ਕਵਿਤਾ ਪਾਠ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਲਈ ਮੁਢਲੀ ਕਾਰਵਾਈ ਕਰਨ ਦਾ ਜ਼ਿੰਮਾ ਮੁਹਿੰਦਰ ਸੂਮਲ ਨੂੰ ਸੌਂਪਿਆ ਗਿਆ। ਮੰਚ ਦੇ ਪਰਤੀਨਿਧਾਂ ਦੀ ਵਾਰਸ਼ਿਕ ਚੋਣ, 21 ਦਸੰਬਰ 1985 ਦੀ ਇਕੱਤਰਤਾ ਵਿਚ ਕਰਨ ਦਾ ਫੈਸਲਾ ਕੀਤਾ ਗਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਮੰਚ ਦੀਆਂ ਇਕੱਤਰਤਾਵਾਂ ਤਿੰਨ ਹਫਤਿਆਂ ਦੇ ਸਮੇਂ ਪਿਛੋਂ ਕੀਤੀਆਂ ਜਾਣ।

ਮੰਚ ਦੀ ਅਗਲੀ ਮੀਟਿੰਗ 21 ਦਸੰਬਰ 1985 ਨੂੰ ਲਿਟਲ ਮਾਊਂਟੇਨ ਨੇਬਰਹੁਡ ਹਾਊਸ ਵੈਨਕੂਵਰ ਵਿਚ ਚਾਰ ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਫੋਨ : 986-2883 ਜਾਂ 276-2735




AMIN LADHA

AMIN ON MARINE

Canada's autosales leader, now invites you at 86 S.E. Marine Dr. Vancouver [Between Main & Cambie] to make your own deal for any make or model of car including Cadillac, Chevrolet, Oldsmobile, any import or domestic car

dueck

CHEVROLET-OLDSMOBILE-CADILLAC LTD.

86 SE Marine Dr., [between Main & Cambie]

Ph: 324-7222

Res.: 433-1681

Pager 687-7711 Pager #2122

DUECK CHEVROLET OLDSMOBILE CADILLAC LTD.

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

■ BUYING
■ SELLING

Free Evaluation For Your Property Call Any Time Without Any Obligation

Bus. 736-3831 or Res. 434-8548
Pager— 524-8581, +2229

# ਇਕ ਕਿਤਾਬ ਦੀ ਕਥਾ

ਪ੍ਰੇਮ ਭਾਟੀਆ

ਹਿੰਦੁਸਤਾਨ ਦੇ ਪੱਤਰਕਾਰ ਹਲਕਿਆਂ ਵਿਚ ਮਾਰਕ ਟੱਲੀ ਦਾ ਨਾਂ ਬੜਾ ਮਸ਼ਹੂਰ ਹੈ। ਇਸ ਨਾਂ ਤੋਂ ਹਜ਼ਾਰਾਂ ਲੱਖਾਂ ਉਹ ਸਰੋਤੇ ਭਲੀ ਭਾਂਤ ਜਾਣੂ ਹਨ ਜਿਹੜੇ ਲੰਦਨ ਤੋਂ ਪ੍ਰਸਾਰਤ ਹੋਣ ਵਾਲੀਆਂ ਬੀ. ਬੀ. ਸੀ. ਦੀਆਂ ਖਬਰਾਂ ਨੂੰ ਅਕਸਰ ਸੁਣਦੇ ਰਹਿੰਦੇ ਹਨ। ਮਾਰਕ ਟੱਲੀ ਐਮਰਜੈਂਸੀ ਵਾਲੇ ਥੋੜ੍ਹੇ ਜਿਹੇ ਸਮੇਂ ਨੂੰ ਛੱਡ ਕੇ 1972 ਤੋਂ ਲੈ ਕੇ ਦਿੱਲੀ ਵਿਚ ਬੀ. ਬੀ. ਸੀ. ਦੇ ਚੀਫ ਆਫ ਬਿਊਰੋ ਵਜੋਂ ਕੰਮ ਕਰ ਰਿਹਾ ਹੈ। ਐਮਰਜੈਂਸੀ ਵੇਲੇ ਇੰਦਰਾ ਗਾਂਧੀ ਦੀ ਸਰਕਾਰ ਨੇ ਉਸ ਨੂੰ ਉਸ ਦੇ ਮੁਲਕ ਵਾਪਸ ਭੇਜ ਦਿਤਾ ਸੀ।

ਇਸ ਤਰ੍ਹਾਂ ਜਿੰਨੇ ਕੁ ਲੋਕ ਉਸ ਨੂੰ ਜਾਣਦੇ ਹਨ ਜਾਂ ਜਿਨ੍ਹਾਂ ਨੇ ਉਸ ਬਾਰੇ ਸੁਣਿਆ ਹੋਇਆਂ ਹੈ ਉਹ ਉਸ ਦੇ ਸਹਾਇਕ ਸ੍ਰੀ ਸਤੀਸ਼ ਜੈਕਬ ਬਾਰੇ ਪਹਿਲਾਂ ਬਹੁਤ ਨਹੀਂ ਸਨ ਜਾਣਦੇ ਪਰ ਹੁਣ ਜਦੋਂ ਇਨ੍ਹਾਂ ਦੋਹਾਂ ਨੇ ਰਲ ਕੇ "ਅੰਮ੍ਰਿਤਸਰ, ਸ੍ਰੀਮਤੀ ਗਾਂਧੀ ਦੀ ਅੰਤਿਮ ਲੜਾਈ" ਨਾਂ ਦੀ ਕਿਤਾਬ ਛਪਵਾਈ ਹੈ ਉਦੋਂ ਤੋਂ ਲੋਕ ਸਤੀਸ਼ ਜੈਕਬ ਦੇ ਨਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਗਏ ਹਨ। ਇਸ ਪੁਸਤਕ ਨੂੰ ਲੰਦਨ ਦੀ 'ਪੈਨ ਬੁਕਸ ਲਿਮਟਿਡ' ਦੇ ਪਹਿਲੇ ਪ੍ਰਕਾਸ਼ਕਾਂ ਦੇ ਸਹਿਯੋਗ ਨਾਲ ਦਿੱਲੀ ਵਿਚਲੀ ਰੂਪਾ ਐਂਡ ਕੰਪਨੀ ਵਲੋਂ ਮੁੜ ਪ੍ਰਕਾਸ਼ਕ ਕੀਤਾ ਗਿਆ ਹੈ। ਇਸ ਕਿਤਾਬ ਦੀ ਕੀਮਤ 30 ਰੁਪਏ ਰੱਖੀ ਗਈ ਹੈ ਅਤੇ ਅਤੇ ਇਹ ਜ਼ਿਕਰ ਇਸ ਕਰ ਕੇ ਕੀਤਾ ਗਿਆ ਹੈ ਤਾਂ ਕਿ ਸੰਭਾਵਿਤ ਪਾਠਕਾਂ ਨੂੰ ਇਹ ਪਤਾ ਲਗ ਸਕੇ ਕਿ ਇਹ ਕਿਤਾਬ ਉਨ੍ਹਾਂ ਨੂੰ ਕਿਥੋਂ ਅਤੇ ਕਿੰਨੀ ਕੀਮਤ ਵਿਚ ਮਿਲ ਸਕਦੀ ਹੈ।

ਸਤੀਸ਼ ਜੈਕਬ ਨਾਲ ਮੇਰੀ ਪਹਿਲੀ ਜਾਣ ਪਛਾਣ ਟੈਲੀਫੋਨ ਰਾਹੀਂ ਉਦੋਂ ਹੋਈ ਜਦੋਂ ਬੀ. ਬੀ. ਸੀ. ਵਾਲੇ ਮੇਰਾ ਇਕ ਪਰੋਗਰਾਮ ਪ੍ਰਸਾਰਿਤ ਕਰਨਾ ਚਾਹੁੰਦੇ ਸਨ। ਉਸ ਨਾਲ ਉਸ ਤੋਂ ਅਗਲਾ "ਸੰਪਰਕ" ਇਸ ਪੁਸਤਕ ਰਾਹੀਂ ਕੁਝ ਦਿਨ ਪਹਿਲਾਂ ਉਦੋਂ ਹੋਇਆ ਜਦੋਂ ਮੈਂ ਇਸ ਨੂੰ ਪੜ੍ਹਿਆ। "ਸਤੀਸ਼" ਅਤੇ "ਜੈਕਬ" ਹਿੰਦੂ ਮਤ ਅਤੇ ਈਸਾਈਅਤ ਦਾ ਬੜਾ ਅਨੋਖਾ ਜਿਹਾ ਸੁਮੇਲ ਲਗਦਾ ਹੈ ਇਸ ਲਈ ਮੈਂ ਉਸ ਦੇ ਨਾਂ ਦੇ ਪਿਛੋਕੜ ਬਾਰੇ ਜਾਂਚ ਪੜਤਾਲ ਕੀਤੀ ਅਤੇ ਪਤਾ ਲੱਗਾ ਕਿ ਸਤੀਸ਼ ਦਾ ਜੱਦੀ ਘਰ ਪੂਰਬੀ ਉਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲੇ ਵਿਚ ਹੈ ਅਤੇ ਉਸ ਦਾ ਸਬੰਧ ਭੂਮੀਹਰ ਪਰਿਵਾਰ ਨਾਲ ਹੈ। ਜਦੋਂ ਉਸ ਦੇ ਪਿਓ ਨੇ ਈਸਾਈ ਧਰਮ ਗ੍ਰਹਿਣ ਕਰ ਲਿਆ ਤਾਂ ਉਸ ਨੇ ਆਪਣੇ ਨਾਂ ਨਾਲ ਜੈਕਬ ਲਗਾ ਲਿਆ। ਇਸ ਤਰ੍ਹਾਂ ਉਹ ਸਤੀਸ਼ ਜੈਕਬ ਬਣ ਗਿਆ।

ਸਤੀਸ਼ ਸੇਂਟ ਸਟੀਫਨ ਕਾਲਜ ਦਿੱਲੀ ਵਿਚ ਪੜ੍ਹਿਆ ਹੋਇਆ ਹੈ ਅਤੇ ਪਿਛਲੇ ਦੋ ਦਹਾਕਿਆਂ ਤੋਂ ਪੱਤਰਕਾਰੀ ਦੇ ਪਿੜ ਵਿਚ ਕੰਮ ਕਰ ਰਿਹਾ ਹੈ। 1978 ਵਿਚ ਉਸ ਨੂੰ ਬੀ. ਬੀ. ਸੀ. ਵਿਚ ਮਾਰਕ ਟੱਲੀ ਦੇ ਸਹਾਇਕ ਵਜੋਂ ਨੌਕਰੀ ਮਿਲੀ ਗਈ। ਸ਼ਾਇਦ ਉਹ ਇਸ ਪੁਸਤਕ ਰਾਹੀਂ ਕੁਝ ਚਿਰ ਲਈ ਆਪਣੇ ਤਜਰਬੇ ਬਿਆਨ ਨਾ ਕਰਦਾ ਪਰ ਮਾਰਕ ਟੱਲੀ ਦੇ ਦੋਸਤਾਨਾ ਰਵੱਈਏ ਨੇ ਉਸ ਨੂੰ ਰਲ ਕੇ ਇਸ ਲਈ ਪ੍ਰੇਰਿਆ ਅਤੇ ਹੁਣ ਇਹ ਪੁਸਤਕ ਬੜੀ ਪੜ੍ਹੀ ਜਾ ਰਹੀ ਹੈ ਅਤੇ ਇਥੋਂ ਤਕ ਕਿ ਇਹ ਪਿਛਲੇ ਪੰਜਾਂ ਸਾਲਾਂ ਦੇ ਪੰਜਾਬ ਦੇ ਇਤਿਹਾਸ ਸਬੰਧੀ ਇਕ ਲਾਹੇਵੰਦੀ ਪ੍ਰਮਾਣਿਕ ਪੁਸਤਕ ਬਣ ਗਈ ਹੈ।

ਇਹ ਪੁਸਤਕ ਮਹਿਜ ਤੱਥਾਂ, ਅੰਕੜਿਆਂ ਤੇ ਵੇਰਵਿਆਂ ਦਾ ਖਰੜਾ ਨਹੀਂ ਸਗੋਂ ਇਹ ਠੋਸ ਪੱਤਰਕਾਰਤਾ ਹੈ ਅਤੇ ਤੱਥਾਂ ਅਤੇ ਨਤੀਜਿਆਂ ਪੱਖੋਂ ਵਧੇਰੇ ਭਰੋਸੇਯੋਗ ਹੈ ਕਿਉਂਕਿ ਇਸ ਵਿਚ ਜੋ ਵੀ ਲਿਖਿਆ ਗਿਆ ਹੈ, ਉਹ ਐਵੇਂ ਕਾਹਲੀ 'ਚ ਨਹੀਂ ਲਿਖਿਆ ਗਿਆ। ਜਦੋਂ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਨੀਲਾ ਤਾਰਾ ਅਪਰੇਸ਼ਨ ਹੋਇਆ ਉਦੋਂ ਤੋਂ ਹੀ ਬਹੁਤ ਸਾਰੇ "ਤੁਰਤ ਫੁਰਤ ਲੇਖਕਾਂ" ਨੇ ਇਸ ਵਿਸ਼ੇ ਸਬੰਧੀ ਕਿਰਤਾਂ ਤਿਆਰ ਕੀਤੀਆਂ ਅਤੇ ਮੈਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੈ ਕਿ ਇਨ੍ਹਾਂ ਵਿਚੋਂ ਇਕ ਜਾਂ ਦੋ ਪੁਸਤਕਾਂ ਤਾਂ ਬਿਲਕੁਲ ਇਤਿਹਾਸਕ ਬਣ ਗਈਆਂ ਹਨ। ਇਨ੍ਹਾਂ ਪੁਸਤਕਾਂ ਨੂੰ ਸਮੁੱਚੇ ਤੌਰ 'ਤੇ ਤਾਂ ਨੰਦਿਆ ਨਹੀਂ ਜਾ ਸਕਦਾ ਪਰ ਇਨ੍ਹਾਂ ਨੂੰ ਪ੍ਰਾਂਤ ਵਿਚ ਵਾਪਰੀਆਂ ਭਿਆਨਕ ਘਟਨਾਵਾਂ ਦੀ ਲੜੀ ਨੂੰ ਸਹੀ ਢੰਗ ਨਾਲ ਦੱਸਣ ਦੇ ਨਜ਼ਰੀਏ ਤੋਂ ਨਜ਼ਰਅੰਦਾਜ਼ ਕਰਨਾ ਬਹੁਤ ਠੀਕ ਨਹੀਂ ਹੋਵੇਗਾ।

ਜਿਥੋਂ ਤਕ ਮਾਰਕ ਟੱਲੀ ਅਤੇ ਸਤੀਸ਼ ਜੈਕਬ ਦੀ ਇਸ ਪੁਸਤਕ ਦਾ ਸਵਾਲ ਹੈ ਇਸ ਵਿਚ ਦੋ ਖੂਬੀਆਂ ਸਭਨਾਂ ਦਾ ਧਿਆਨ ਆਪਣੇ ਵੱਲ ਖਿਚਦੀਆਂ ਹਨ। ਪਹਿਲੀ ਇਹ ਕਿ ਇਨ੍ਹਾਂ ਦੋਹਾਂ ਲੇਖਕਾਂ ਨੇ ਇਸ ਵਿਚ ਜੋ ਕੁਝ ਵੀ ਸ਼ਾਮਲ ਕੀਤਾ ਹੈ ਉਹ ਸਭ ਵਧੇਰੇ ਕਰ ਕੇ ਉਨ੍ਹਾਂ ਨੇ ਖੁਦ ਅੱਖੀਂ ਡਿੱਠਾ ਹੈ। ਜਦੋਂ ਕਿਤੇ ਉਹ ਇਸ ਸਾਕੇ ਵੇਲੇ ਵੱਖਰੇ ਵੱਖਰੇ ਜਾਂ ਇਕੱਠੇ ਹਾਜ਼ਰ ਨਹੀਂ ਹੋ ਸਕੇ ਤਾਂ ਉਦੋਂ ਉਨ੍ਹਾਂ ਨੇ ਇਸ ਦਾ ਵੇਰਵਾ ਲੈਣ ਲਈ ਸਹੀ ਵਿਅਕਤੀਆਂ ਨਾਲ ਮੁਲਾਕਾਤਾਂ ਕੀਤੀਆਂ। ਵਧੇਰੇ ਵਰਨਣਯੋਗ ਗੱਲ ਇਹ ਹੈ ਕਿ ਮਾਰਕ ਟੱਲੀ, ਜੋ ਕਿ ਇਕ ਵਿਦੇਸ਼ੀ ਹੈ, ਇਸ ਕਾਂਡ ਬਾਰੇ ਲੋੜੀਂਦੇ ਵੇਰਵੇ ਪ੍ਰਾਪਤ ਕਰਨ ਲਈ ਕੁਝ ਇਕ ਉਨ੍ਹਾਂ ਥਾਵਾਂ ਉਤੇ ਵੀ ਪਹੁੰਚ ਗਿਆ ਜਿਥੇ ਕਿਸੇ ਭਾਰਤੀ ਪੱਤਰਕਾਰ ਦਾ ਪਹੁੰਚ ਸਕਣਾ ਮੁਸ਼ਕਲ ਸੀ।

255 ਸਫਿਆਂ ਵਾਲੀ ਇਹ ਪੁਸਤਕ ਅਸਲੋਂ ਹੀ ਪੜ੍ਹਨਯੋਗ ਹੈ ਪਰ ਇਸ ਦੇ ਜਿਸ ਹਿੱਸੇ ਤੋਂ ਮੈਂ ਵਧੇਰੇ ਪ੍ਰਭਾਵਤ ਹੋਇਆ ਹਾਂ, ਉਹ ਇਨ੍ਹਾਂ ਦੋਹਾਂ ਲੇਖਕਾਂ ਅਨੁਸਾਰ ਕਾਂਗਰਸ (ਆਈ) ਦੇ ਸੀਨੀਅਰ ਲੀਡਰਾਂ ਦਾ ਉਹ ਰੋਲ ਹੈ ਜਿਹੜਾ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਭਾਰਨ ਵਿਚ ਅਦਾ ਕੀਤਾ। ਇਸ ਵਿਸ਼ੇ ਸਬੰਧੀ ਬਹੁਤ ਸਾਰੀਆਂ ਗੱਲਾਂ ਦੇਸ਼ ਭਰ ਵਿਚ ਉਨ੍ਹਾਂ ਦੇ ਆਪਣੇ ਜੀਵਨ ਕਾਲ ਸਮੇਂ ਅਤੇ ਕੁਝ ਸਮਾਂ ਉਨ੍ਹਾਂ ਦੀ ਮੌਤ ਤੋਂ ਪਿਛੋਂ ਵੀ ਚਰਚਾ ਦਾ ਕੇਂਦਰ ਬਣੀਆਂ ਰਹੀਆਂ। ਪਰ ਇਸ ਸਬੰਧ ਵਿਚ ਮਾਰਕ ਟੱਲੀ ਅਤੇ ਸਤੀਸ਼ ਜੈਕਬ ਵਲੋਂ ਜੋ ਵੇਰਵਾ ਦਿਤਾ ਗਿਆ ਉਹ ਮੈਨੂੰ ਇਸ ਤੋਂ ਪਹਿਲਾਂ ਮਿਲੇ ਵੇਰਵਿਆਂ ਤੋਂ ਵਧੇਰੇ ਢੁਕਵਾਂ ਅਤੇ ਪ੍ਰਮਾਣਿਕ ਲਗਦਾ ਹੈ।

ਇਨ੍ਹਾਂ ਦੋਹਾਂ ਲੇਖਕਾਂ ਵਲੋਂ ਪੇਸ਼ ਕੀਤੇ ਗਏ ਵੇਰਵਿਆਂ ਦੇ ਅਧਾਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕਾਂਗਰਸ(ਆਈ) ਸਰਪ੍ਰਸਤਾਂ ਲਈ ਸਮੁੱਚੇ ਤੌਰ 'ਤੇ ਅੱਧੇ -ਪਚੱਧੇ ਤੌਰ 'ਤੇ ਇਹ ਇਨਕਾਰ ਕਰਨਾ ਬੜਾ ਮੁਸ਼ਕਲ ਹੈ ਕਿ ਉਨ੍ਹਾਂ ਨੇ ਇਕ ਉਸ ਵਿਅਕਤੀ ਨੂੰ ਉਭਾਰਨ ਵਿਚ ਹਿਸਾ ਨਹੀਂ ਪਾਇਆ ਜਿਸ ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਅਤੇ ਫਿਰ ਉਸ ਦੀ ਪਾਰਟੀ ਦੇ ਆਦਮੀਆਂ ਵਲੋਂ ਕੰਟਰੋਲ ਕੀਤੇ ਜਾਣਾ ਅਸੰਭਵ ਸੀ ਅਤੇ ਜਿਸ ਦੇ ਵਿਚਾਰ ਅਤੇ ਗਤੀਵਿਧੀਆਂ ਹਰਿਮੰਦਰ ਸਾਹਿਬ ਕੰਪਲੈਕਸ ਉਤੇ ਹੋਏ ਹਮਲੇ ਨਾਲ ਅਤੇ ਮਗਰੋਂ ਇੰਦਰਾ ਗਾਂਧੀ ਦੇ ਕਤਲ ਨਾਲ ਜੋੜੀਆਂ ਗਈਆਂ ਹਨ।

ਗੱਲ ਅਸਲ 'ਚ ਇਸ ਤਰ੍ਹਾਂ ਹੋਈ ਕਿ ਇਸ ਸਬੰਧ ਵਿਚ ਜਿਸ ਵਿਅਕਤੀ ਦੇ ਨਾਂ ਦਾ ਵਧੇਰੇ ਜ਼ਿਕਰ ਕੀਤਾ ਗਿਆ ਹੈ ਉਹ ਭਾਰਤ ਦੇ ਰਾਸ਼ਟਰਪਤੀ ਹਨ। ਇਨ੍ਹਾਂ ਦੋਹਾਂ ਲੇਖਕਾਂ ਅਨੁਸਾਰ ਇਹ ਉਹੋ ਹੀ ਸਨ ਜਿਨ੍ਹਾਂ ਨੇ 1977 ਵਿਚ ਕਾਂਗਰਸ(ਆਈ) ਦੀ ਹਾਰ ਤੋਂ ਪਿਛੋਂ ਪੰਜਾਬ ਲਈ ਇਕ ਨਵੀਂ ਪੈਂਤੜੇਬਾਜ਼ੀ ਸੁਝਾਈ। ਇਸ ਤਰ੍ਹਾਂ ਇਹ ਗੱਲ 1981 ਤੋਂ ਪਹਿਲਾਂ ਦੇ ਸਮੇਂ ਨਾਲ ਜਾ ਜੁੜਦੀ ਹੈ ਮਾਰਕ ਟੱਲੀ ਅਤੇ ਜੈਕਬ ਅਨੁਸਾਰ "ਜ਼ੈਲ ਸਿੰਘ" ਨੇ "ਸੰਜੇ ਗਾਂਧੀ" ਨੂੰ ਜਨਸੰਘ ਦੀ ਥਾਂ ਅਕਾਲੀ ਦਲ ਨੂੰ ਤੋੜਨ ਦੀ ਸਲਾਹ ਦਿਤੀ। ਉਨ੍ਹਾਂ ਨੇ ਸੰਜੇ ਨੂੰ ਇਹ ਸਿਫਾਰਸ਼ ਕੀਤੀ ਕਿ ਅਕਾਲੀ ਦਲ ਦੀ ਰਵਾਇਤੀ ਲੀਡਰਸ਼ਿਪ ਨੂੰ ਬਦਨਾਮ ਕਰ ਕੇ ਇਕ ਨਵੇਂ ਧਾਰਮਕ ਨੇਤਾ ਦੀ ਭਾਲ ਕੀਤੀ ਜਾਵੇ। ਤੇ ਇਉਂ ਇਸ ਨਵੇਂ ਲੀਡਰ ਦੀ ਚੋਣ ਦਾ ਗੁਣਾ ਭਿੰਡਰਾਂਵਾਲੇ ਉਤੇ ਪਿਆ।" ਇਨ੍ਹਾਂ ਦੋਹਾਂ ਲੇਖਕਾਂ ਨੇ ਤਾਂ ਇਹ ਦੋਸ਼ ਵੀ ਲਾਇਆ ਕਿ ਇਸ ਦੇ ਨਾਲ ਹੀ ਸਿੱਖ ਭਾਈਚਾਰੇ ਅਤੇ ਨਿਰੰਕਾਰੀਆਂ ਵਿਚ ਫੁੱਟ ਪਾਉਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਭਿਆਨਕ ਨਤੀਜਾ 13 ਅਪ੍ਰੈਲ 1978 ਨੂੰ ਅੰਮ੍ਰਿਤਸਰ ਵਿਖੇ ਉਪਰੋਕਤ ਦੋਹਾਂ ਗਰੁਪਾਂ ਵਿਚ ਹੋਏ ਖੂਨ ਖਰਾਬੇ ਦੇ ਰੂਪ ਵਿਚ ਨਿਕਲਿਆ।

ਅਕਾਲੀਆਂ ਦੀ ਵੁੱਕਤ ਨੂੰ ਹੋਰ ਘਟਾਉਣ ਲਈ "ਸੰਜੇ ਗਾਂਧੀ ਅਤੇ ਜ਼ੈਲ ਸਿੰਘ ਨੂੰ ਇਕ ਅਜਿਹੀ ਪਾਰਟੀ ਦੀ ਲੋੜ ਭਾਸੀ ਜਿਹੜੀ ਭਿੰਡਰਾਂਵਾਲੇ ਨੂੰ ਤਾਂ ਉਤਸਾਹਿਤ ਕਰੇ ਪਰ ਅਕਾਲੀਆਂ ਨੂੰ ਪਰੇਸ਼ਾਨ। ਇਸ ਤਰ੍ਹਾਂ 13 ਅਪਰੈਲ 1978 ਨੂੰ ਇਕ ਨਵੀਂ ਪਾਰਟੀ ਦੀ ਸਥਾਪਨਾ ਕੀਤੀ ਗਈ। ਇਸ ਪਾਰਟੀ ਨੂੰ ਦਲ ਖਾਲਸਾ ਕਿਹਾ ਜਾਣ ਲੱਗਾ।" ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਹੋਈ ਫੌਜੀ ਕਾਰਵਾਈ ਸਬੰਧੀ ਸਰਕਾਰ ਵਲੋਂ ਜਾਰੀ ਕੀਤੇ ਗਏ "ਵਾਈਟ ਪੇਪਰ" ਦਾ ਹਵਾਲਾ ਦਿੰਦਿਆਂ ਮਾਰਕ ਟੱਲੀ ਅਤੇ ਜੈਕਬ ਨੇ ਇਕ ਹੋਰ ਕੌੜੇ ਤੱਥ ਦਾ ਜ਼ਿਕਰ ਕੀਤਾ ਹੈ ਕਿ "ਦਲ ਖਾਲਸਾ ਦੀ ਸਥਾਪਨਾ ਮੁਢਲੇ ਤੌਰ 'ਤੇ ਸੁਤੰਤਰ, ਖੁਦਮੁਖਤਾਰ ਸਿੱਖ ਰਾਜ ਦੀ ਮੰਗ ਨੂੰ ਲੈ ਕੇ ਕੀਤੀ ਗਈ।" ਪਰ ਇਨ੍ਹਾਂ ਲੇਖਕਾਂ ਅਨੁਸਾਰ "ਜ਼ੈਲ ਸਿੰਘ ਜਿਹੜੇ ਪੰਜਾਬ ਦੇ ਮੁਖ ਮੰਤਰੀ ਰਹੇ ਅਤੇ ਪਿਛੋਂ ਕੇਂਦਰੀ ਮੰਤਰੀ ਮੰਡਲ ਵਿਚ ਗ੍ਰਹਿ ਮੰਤਰੀ ਅਤੇ ਫਿਰ ਭਾਰਤ ਦੇ ਰਾਸ਼ਟਰਪਤੀ ਬਣੇ ਨੇ ਇਸ ਉਦੇਸ਼ ਨੂੰ ਉਤਸਾਹਤ ਕਰਨਾ ਲਗਾਤਾਰ ਜਾਰੀ ਰੱਖਿਆ।

ਇਹ ਸਭ ਕਾਸੇ ਸਬੰਧੀ ਪਹਿਲਾਂ ਬਹੁਤ ਕੁਝ ਸੁਣਿਆ ਜਾ ਚੁੱਕਾ ਹੈ ਅਤੇ ਬਹੁਤ ਸਾਰੇ ਲੋਕਾਂ ਵਲੋਂ ਇਸ ਨੂੰ ਇਕ ਗੱਪ-ਸ਼ੱਪ ਅਤੇ ਕੁਝ ਹੋਰਨਾਂ ਤੇ ਖਾਸ ਕਰਕੇ ਅਕਾਲੀਆਂ ਵਲੋਂ ਇਸ ਨੂੰ ਇਕ ਠੋਸ ਤੱਥ ਦੇ ਤੌਰ 'ਤੇ ਲਿਆ ਗਿਆ। ਮਾਰਕ ਟੱਲੀ ਅਤੇ ਸਤੀਸ਼ ਜੈਕਬ ਦੋਹਾਂ ਨੇ ਇਸ ਸਬੰਧੀ ਸਾਰੇ ਵੇਰਵੇ ਪੁਸਤਕ ਰੂਪ ਵਿਚ ਸਾਡੇ ਸਾਹਮਣੇ ਪੇਸ਼ ਕੀਤੇ ਹਨ ਅਤੇ ਨਾਲ ਹੀ ਇਹ ਵਾਅਦਾ ਕੀਤਾ ਹੈ ਇਸ ਪੁਸਤਕ ਵਿਚਲੇ ਵੇਰਵਿਆਂ ਨੂੰ ਉਸੇ ਗੰਭੀਰਤਾ ਨਾਲ ਚੈਲਿੰਜ ਕੀਤਾ ਜਾ ਸਕਦਾ ਹੈ ਜਿਸ ਨਾਲ ਇਹ ਲਿਖੇ ਜਾਂ ਦਰਜ ਕੀਤੇ ਗਏ ਹਨ। ਇਹ ਦੋਵੇਂ ਲੇਖਕ ਆਪਣੀ ਖਾਸ ਕਹਾਣੀ ਇਥੇ ਹੀ ਖਤਮ ਨਹੀਂ ਕਰਦੇ ਸਗੋਂ ਇਹ ਦਰਸਾਉਣ ਲਈ ਹੋਰ ਗੁਆਹੀਆਂ ਦਾ ਹਵਾਲਾ ਵੀ ਦਿੰਦੇ ਹਨ ਕਿ ਕਾਂਗਰਸ (ਆਈ) ਦੇ ਉਮੀਦਵਾਰਾਂ ਨੇ ਕਿਵੇਂ 1980 ਦੀਆਂ ਚੋਣਾਂ ਵਿਚ ਭਿੰਡਰਾਂਵਾਲੇ ਦਾ ਸਮਰਥਨ ਨਾ ਕੇਵਲ ਪ੍ਰਾਪਤ ਹੀ ਕਰਨਾ ਚਾਹਿਆ ਸਗੋਂ ਇਕ ਖਾਸ ਹੱਦ ਤੱਕ ਪ੍ਰਾਪਤ ਵੀ ਕੀਤਾ। ਸਿਆਸਤ ਦੀ ਵੰਡ ਅਤੇ ਉਥਲ-ਪੁਥਲ ਦਾ ਇਸ ਤੋਂ ਪਹਿਲਾਂ ਭਾਰਤ ਵਿਚ ਅਤੇ ਖਾਸ ਕਰਕੇ ਪੰਜਾਬ ਵਿਚ ਮਰਹੂਮ ਪ੍ਰਤਾਪ ਸਿੰਘ ਕੈਰੋਂ ਵਲੋਂ ਵੀ ਇਕ ਆਮ ਅਮਲ ਰਿਹਾ ਹੈ। ਬਦਕਿਸਮਤੀ ਨਾਲ "ਅੰਮ੍ਰਿਤਸਰ, ਸ੍ਰੀਮਤੀ ਇੰਦਰਾ ਗਾਂਧੀ ਦੀ ਅੰਤਿਮ ਲੜਾਈ" ਵਿਚ ਜਿਹੜੇ ਦੋਸ਼ ਲਗਾਏ ਗਏ ਹਨ ਉਹ ਉਸ ਸਮੇਂ ਨਾਲ ਸਬੰਧਤ ਹਨ ਜਿਸ ਵਿਚ ਇਸ ਸਮੁੱਚੇ ਪ੍ਰਾਂਤ ਨੂੰ ਅੱਗ ਦੇ ਭਾਂਬੜਾਂ ਵਿਚ ਝੋਕਣ ਅਤੇ ਮਗਰੋਂ ਦਿੱਲੀ ਅਤੇ ਹੋਰ ਥਾਵਾਂ 'ਤੇ ਅਜਿਹੀਆਂ ਪ੍ਰਸਥਿਤੀਆਂ ਪੈਦਾ ਕਰਨ ਲਈ ਪਹਿਲਾਂ ਹੀ ਕਾਫੀ ਭੜਕਾਊ ਸਮੱਗਰੀ ਮੌਜੂਦ ਸੀ।

ਕੀ ਇਸ ਵੇਲੇ ਜਦੋਂ ਪੰਜਾਬ ਨੇ ਚੁਣੀ ਹੋਈ ਅਕਾਲੀ ਸਰਕਾਰ ਦੀ ਅਗਵਾਈ ਹੇਠਾਂ ਸ਼ਾਂਤ ਹੋਣਾ ਸ਼ੁਰੂ ਕਰ ਦਿਤਾ ਹੈ, ਤਾਂ ਉਪਰੋਕਤ ਕਿਤਾਬ ਦੀ ਪ੍ਰਕਾਸ਼ਨਾ ਇਕ ਸਿਆਣਪ ਵਾਲੀ ਗੱਲ ਸੀ? ਆਖਰ ਇਹ ਕਿਤਾਬ ਕਿਉਂ ਨਹੀਂ ਸੀ ਛਪਣੀ ਚਾਹੀਦੀ? ਇਸ ਲਈ ਕਿ ਇਸ ਵਿਚਲੇ ਤੱਥ ਖੁਦ ਮੂੰਹੋਂ ਬੋਲਦੇ ਹਨ। ਕੁਝ ਵੀ ਹੋਵੇ ਇਸ ਦੇ ਲੇਖਕਾਂ ਦੀ ਪਹੁੰਚ ਜਜ਼ਬਾਤੀ ਨਹੀਂ ਸਗੋਂ ਜਾਣਕਾਰੀ ਭਰਪੂਰ ਹੈ ਅਤੇ ਕਿਸੇ ਵੀ ਸੂਰਤ ਵਿਚ ਅਜਿਹੇ ਇਤਿਹਾਸ ਦਾ ਇਕ ਅਧਿਆਇ ਲਿਖਣ ਉਪਰ ਕੋਈ ਕਾਨੂੰਨੀ ਜਾਂ ਸਦਾਚਾਰਕ ਪਾਬੰਦੀ ਹੋਣੀ ਚਾਹੀਦੀ ਹੈ ਜਿਸ ਵਿਚ ਭਵਿਖ ਲਈ ਬਹੁਤ ਲਾਹੇਵੰਦੇ ਸਬਕ ਹੋਣ?

# ਪੰਜਾਬੀ ਦੇ ਸਰਬਪੱਖੀ ਵਿਕਾਸ ਉਤੇ ਜ਼ੋਰ

ਚੰਡੀਗੜ੍ਹ — ਪੰਜਾਬੀ ਸਾਹਿਤ ਅਕਾਡਮੀ ਨੇ ਰਾਜ ਸਰਕਾਰ ਤੋਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੇ ਵਿਕਾਸ ਲਈ ਵੱਖ ਵੱਖ ਪੱਧਰਾਂ ਉਤੇ ਫੌਰੀ ਕਦਮ ਚੁੱਕੇ ਜਾਣ ਦੀ ਮੰਗ ਕੀਤੀ ਹੈ। ਅਕਾਡਮੀ ਦੇ ਇਕ ਵਫਦ ਨੇ ਇਥੇ ਇਸ ਦੇ ਪ੍ਰਧਾਨ ਡਾ. ਐਮ. ਐਸ. ਰੰਧਾਵਾ ਦੀ ਅਗਵਾਈ ਹੇਠ ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਮਿਲ ਕੇ ਮੰਗ ਕੀਤੀ ਕਿ ਪੰਜਾਬ ਭਾਸ਼ਾ ਕਾਨੂੰਨ, ਜੋ 12 ਜਨਵਰੀ 1968 ਨੂੰ ਹੋਂਦ ਵਿਚ ਆਇਆ, ਨੂੰ ਬਿਨਾਂ ਕਿਸੇ ਦੇਰੀ ਦੇ ਲਾਗੂ ਕਰ ਕੇ ਪੰਜਾਬੀ ਨੂੰ ਸਹੀ ਮਾਅਨਿਆਂ ਵਿਚ ਰਾਜ ਭਾਸ਼ਾ ਦਾ ਦਰਜਾ ਦਿਵਾਇਆ ਜਾਵੇ। ਲਗਭਗ ਸਤਾਰਾਂ ਵਰ੍ਹੇ ਬੀਤ ਜਾਂਣ ਦੇ ਬਾਵਜੂਦ ਇਸ ਕਾਨੂੰਨ ਨੂੰ ਲਾਗੂ ਨਾ ਕੀਤੇ ਜਾਣ ਕਾਰਨ ਇਸ ਸਮੇਂ ਰਾਜ ਸਕੱਤਰੇਤ ਵਿਚ 80 ਫੀਸਦੀ, ਡਾਇਰੈਕਟੋਰੇਟਾਂ 'ਚ 50-60 ਫੀਸਦੀ ਤੇ ਜ਼ਿਲਾ ਪੱਧਰ ਉਤੇ 30-40 ਫੀਸਦੀ ਕੰਮ ਅੰਗਰੇਜ਼ੀ ਵਿਚ ਹੁੰਦਾ ਹੈ। ਵਫਦ ਨੇ ਮੰਗ ਕੀਤੀ ਕਿ ਸਕੱਤਰੇਤ ਤੋਂ ਲੈ ਕੇ ਹੇਠਲੇ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ, ਕਾਰਪੋਰੇਸ਼ਨਾਂ, ਨਗਰਪਾਲਿਕਾਵਾਂ ਵਿਚ ਹਰ ਪੱਧਰ 'ਤੇ ਸਾਰਾ ਕਾਰ-ਵਿਹਾਰ ਪੰਜਾਬੀ ਵਿਚ ਕਰਨ ਦੇ ਆਦੇਸ਼ ਜਾਰੀ ਕੀਤੇ ਜਾਣ ਤੇ ਰਾਜ ਭਾਸ਼ਾ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੋਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। ਪੰਜਾਬੀ ਲਾਗੂ ਕਰਨ ਦੇ ਰਾਹ ਵਿਚ ਜੇ ਕੋਈ ਔਕੜਾਂ ਆਉਂਦੀਆਂ ਹੋਣ ਤਾਂ ਭਾਸ਼ਾ ਵਿਭਾਗ ਜਾਂ ਮੁਖ ਮੰਤਰੀ ਦੇ ਦਫਤਰ ਵਿਚ ਇਕ ਅਜਿਹਾ ਸੈਲ ਕਾਇਮ ਕੀਤਾ ਜਾਵੇ ਜਿਹੜਾ ਇਕ ਯਕੀਨੀ ਬਣਾਏ ਕਿ ਸਰਕਾਰ ਦੀਆਂ ਹਦਾਇਤਾਂ ਉਤੇ ਪੂਰੀ ਤਰ੍ਹਾਂ ਅਮਲ ਹੋ ਰਿਹਾ ਹੈ।

ਡਾ. ਰੰਧਾਵਾ ਤੋਂ ਇਲਾਵਾ ਪੰਜਾਬੀ ਦੇ ਉਘੇ ਵਿਦਾਵਨਾਂ ਤੇ ਲੇਖਕਾਂ ਪ੍ਰੋ: ਪ੍ਰੀਤਮ ਸਿੰਘ, ਡਾ. ਹਰਚਰਨ ਸਿੰਘ, ਸ. ਗੁਲਜ਼ਾਰ ਸਿੰਘ ਸੰਧੂ ਤੇ ਅਕਾਡਮੀ ਦੇ ਜਨਰਲ ਸਕੱਤਰ ਡਾ. ਪਰਮਿੰਦਰ ਸਿੰਘ ਉਤੇ ਅਧਾਰਿਤ ਇਸ ਵਫਦ ਨੇ ਮੁਖ ਮੰਤਰੀ ਨੂੰ ਦਿਤੇ ਇਕ ਯਾਦ ਪੱਤਰ ਰਾਹੀਂ ਮੰਗ ਕੀਤੀ ਕਿ ਸਰਕਾਰ ਦੀ ਵਿਦਿਅਕ ਨੀਤੀ ਘੜਨ ਲੱਗਿਆਂ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲੀ ਪੱਧਰ ਉਤੇ ਪੰਜਾਬੀ ਨੂੰ ਨਾ ਕੇਵਲ ਇਕ ਜ਼ਰੂਰੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਸਗੋਂ ਇਹ ਸਿਖਿਆ ਦਾ ਮਾਧਿਅਮ ਵੀ ਹੋਵੇ। ਡਿਗਰੀ ਪੱਧਰ ਤਕ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਨੂੰ ਇਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਵੇ ਤੇ ਪੋਸਟ ਗਰੇਜੂਏਟ ਪੱਧਰ ਤੱਕ ਵਿਦਿਆਰਥੀਆਂ ਨੂੰ ਸਾਰੇ ਇਮਤਿਹਾਨ ਪੰਜਾਬੀ ਮਾਧਿਅਮ ਰਾਹੀਂ ਪਾਸ ਕਰ ਸਕਣ ਦੀ ਖੁਲ੍ਹ ਹੋਵੇ।

ਮੌਜੂਦਾ ਯੁੱਗ 'ਚ ਮਾਤ-ਭਾਸ਼ਾ ਦੀ ਪੜ੍ਹਾਈ ਵਿਗਿਆਨਕ ਲੀਹਾਂ ਉਤੇ ਹੋਣ ਨੂੰ ਧਿਆਨ 'ਚ ਰਖਦਿਆਂ ਅਕਾਡਮੀ ਨੇ ਪੰਜਾਬ ਵਿਚ ਇਸਟੀਚਿਊਟ ਆਫ ਪੰਜਾਬੀ ਸਟੱਡੀਜ਼ ਸਥਾਪਤ ਕਰਨ ਦਾ ਸੁਝਾਅ ਦਿਤਾ ਹੈ ਜਿਸ ਦਾ ਕੰਮ ਵਿਦਿਆਰਥੀਆਂ ਤੇ ਆਧਿਆਪਕਾਂ ਲਈ ਵਿਗਿਆਨਕ ਲੀਹਾਂ ਉਤੇ ਲੋੜੀਂਦੀ ਸਮੱਗਰੀ ਤਿਆਰ ਕਰਨਾ ਹੋਵੇ।

ਪੰਜਾਬੀ ਦੀ ਸਰਬਪੱਖੀ ਉਨਤੀ ਤੇ ਹਰ ਪ੍ਰਕਾਰ ਦਾ ਸਾਹਿਤ ਸਿਰਜੇ ਜਾਣ ਖਾਤਰ ਢੁਕਵਾਂ ਮਾਹੌਲ ਤੇ ਸਹੂਲਤਾਂ ਮੁਹੱਈਆਂ ਕਰਨ ਵਾਸਤੇ ਵਫਦ ਨੇ ਸੁਝਾਅ ਦਿਤਾ ਹੈ। ਇਸ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਬਜਟ ਵਿਚ . ਤੇ ਸਹੂਲਤਾਂ ਮੁਹੱਈਆਂ ਕਰਨ ਵਾਸਤੇ ਵਫਦ ਨੇ ਸਰਕਾਰ ਨੂੰ ਪੁਸਤਕ ਨੀਤੀ ਤਿਆਰ ਕਰਨ ਦਾ ਸੁਝਾਅ ਦਿਤਾ ਹੈ। ਇਸ ਦਾ ਕਹਿਣਾ ਹੈ ਕਿ ਸਰਕਾਰ ਆਪਣੇ ਬਜਟ ਵਿਚ ਹਰੇਕ ਸਾਲ ਘੱਟੋ ਘੱਟ ਵੀਹ ਲੱਖ ਰੁਪਏ ਦੀ ਰਕਮ ਪੰਜਾਬੀ ਪੁਸਤਕਾਂ ਦੇ ਖਰੀਦ ਲਈ ਰਾਖਵੀਂ ਰੱਖੇ। ਹਰ ਚੰਗੀ ਪੁਸਤਕ ਦੀਆਂ ਘੱਟੋ ਘੱਟ 1500 ਕਾਪੀਆਂ ਖਰੀਦ ਕੇ ਹਾਈ ਤੇ ਹਾਇਰ ਸੈਕੰਡਰੀ ਸਕੂਲਾਂ ਤੇ ਕਾਲਜਾਂ ਦੀਆਂ ਲਾਇਬਰੇਰੀਆਂ ਨੂੰ ਆਪਣੀ ਪੱਧਰ ਉਤੇ ਖਰੀਦ ਕੇ ਦੇਵੇ। ਇਨ੍ਹਾਂ ਪੁਸਤਕਾਂ ਦੀ ਚੋਣ ਲਈ ਇਕ ਉਚ ਪੱਧਰੀ ਕਮੇਟੀ ਕਾਇਮ ਕੀਤੀ ਜਾਵੇ। ਇਸ ਨੇ ਰਾਜ ਦੇ 12188 ਪਿੰਡਾਂ ਵਿਚ ਪੰਚਾਇਤੀ ਲਾਇਬਰੇਰੀਆਂ ਸਥਾਪਤ ਕਰਨ ਉਤੇ ਜ਼ੋਰ ਦਿਤਾ ਹੈ।

ਰਾਜੀਵ-ਲੌਂਗੋਵਾਲ ਸਮਝੌਤੇ ਅਧੀਨ ਭਾਰਤ ਸਰਕਾਰ ਵਲੋਂ ਪੰਜਾਬੀ ਦੇ ਵਿਕਾਸ ਲਈ ਕੁਝ ਕਦਮ ਪੁੱਟਣ ਬਾਰੇ ਯਕੀਨ ਦਿਵਾਏ ਜਾਣ ਦਾ ਜ਼ਿਕਰ

(ਬਾਕੀ ਪੰਨਾ 11 ਤੇ

JOHAL'S COLLISION Ltd.



- ਪੂਰੀ ਬਾਡੀ ਦਾ ਕੰਮ
- ਮਾਡਰਨ ਫਰੇਮਾਂ ਦੀ ਮੁਰੰਮਤ
- ਮਾਡਰਨ ਕੁਆਲਿਟੀ ਪੇਂਟਿੰਗ
- ICBC ਦੇ ਕਲੇਮ ਜਲਦੀ ਹੈਂਡਲ
- ਮੁਫਤ ਐਸਟੀਮੇਟ
- ਪ੍ਰਾਈਵੇਟ ਕਲੇਮ ....ਵਾਜਬ ਰੇਟਾਂ ਤੇ

ALL TYPES OF BODY REPAIRS

— FREE ESTIMATES —

ALL WORK CONDITIONALLY GUARANTEED

- CARS
- TRUCKS

Balbir or Paul

12051 - 86th Ave. SURREY

Ph. 591-8151

BOMBAY SWEETS

& Restaurants

6556 - 6560 MAIN ST. VANCOUVER

Ph. 321-1414

874-5722

For Largest Variety in Indian Sweets

Delicious Indian food

# ਕਾਂਗਰਸ ਦੇ ਬਦਲ ਦੀ ਸਮੱਸਿਆ — 1

**ਸੰਤ ਸਿੰਘ ਸੇਖੋਂ**

ਭਾਰਤ ਵਿਚ ਰੂੜੀਗਤ ਲੋਕਤੰਤਰੀ ਵਿਚਾਰਾਂ ਵਾਲੇ ਲੋਕਾਂ ਲਈ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਸੁਤੰਤਰਤਾ ਪ੍ਰਾਪਤੀ ਤੋਂ ਅਠੱਤੀ ਵਰ੍ਹੇ ਪਿਛੋਂ ਵੀ ਕਾਂਗਰਸ ਪਾਰਟੀ ਦਾ ਸਮੁੱਚਾ ਭਾਰਤੀ ਬਦਲ ਹੋਂਦ ਵਿਚ ਨਹੀਂ ਆਇਆ। ਕੇਂਦਰ ਵਿਚ ਕਾਂਗਰਸ ਪਾਰਟੀ ਨੂੰ ਕੇਵਲ ਤਿੰਨ ਵਰ੍ਹਿਆਂ ਲਈ (1977 ਤੋਂ 1980 ਤੱਕ) ਜਨਤਾ ਪਾਰਟੀ ਨੇ ਵਿਸਥਾਪਿਤ ਕੀਤਾ ਸੀ, ਪਰ ਉਦੋਂ ਵੀ ਤਾਮਿਲਨਾਡੂ ਵਿਚ, ਪੰਜਾਬ ਵਿਚ ਤੇ ਜੰਮੂ-ਕਸ਼ਮੀਰ ਵਿਚ ਕਾਂਗਰਸ ਨੂੰ ਵਿਸਥਾਪਿਤ ਸਥਾਨਕ ਪਾਰਟੀਆਂ ਨੇ ਹੀ ਕੀਤਾ ਸੀ। ਤਾਮਿਲਨਾਡੂ ਵਿਚ ਅਨਾ ਦਰਾਵੜ ਕੁਨੇਤਰ ਕੜਗਮ ਨੇ, ਪੰਜਾਬ ਵਿਚ ਅਕਾਲੀ ਪਾਰਟੀ ਨੇ ਤੇ ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਨੇ। ਕੇਵਲ ਪੱਛਮੀ ਬੰਗਾਲ, ਤ੍ਰਿਪੁਰਾ ਤੇ ਕੇਰਲਾ ਵਿਚ ਸੱਤਾ ਪ੍ਰਾਪਤ ਕਮਿਊਨਿਸਟ ਮੋਰਚੇ ਨੂੰ ਸਰਵਭਾਰਤੀ ਕਿਹਾ ਜਾ ਸਕਦਾ ਹੈ। 1980 ਵਿਚ ਕਾਂਗਰਸ ਨੇ ਜਨਤਾ ਪਾਰਟੀ ਨੂੰ ਬਹੁਤ ਥਾਈਂ ਪਛਾੜ ਦਿਤਾ ਤੇ ਪੰਜਾਬ ਵਿਚ ਅਕਾਲੀ ਪਾਰਟੀ ਨੂੰ। ਅਨਾ ਕੜਗਮ ਪਾਰਟੀ ਤੇ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦਾ ਕਾਂਗਰਸ ਪਾਰਟੀ ਕੁਝ ਨਾ ਵਿਗਾੜ ਸਕੀ। ਅਤੇ ਪੱਛਮੀ ਬੰਗਾਲ ਤੇ ਤ੍ਰਿਪੁਰਾ ਵਿਚ ਮਾਰਕਸਵਾਦੀ ਕਮਿਊਨਿਸਟ ਮੋਰਚੇ ਦਾ ਜ਼ੋਰ ਪਹਿਲਾਂ ਵਾਕਰ ਹੀ ਰਿਹਾ। ਕਮਿਊਨਿਸਟਾਂ ਦੀ ਸਥਿਤੀ ਵਿਚ ਫਰਕ ਕੇਵਲ ਕੇਰਲਾ ਵਿਚ ਆਇਆ ਜਿਥੇ ਥੋੜ੍ਹਾ ਚਿਰ ਪਿਛੋਂ ਕਾਂਗਰਸ ਪਾਰਟੀ ਨੇ, ਮੁਸਲਿਮ ਲੀਗ ਨੂੰ ਨਾਲ ਮਿਲਾ ਕੇ ਵਜ਼ਾਰਤ ਬਣਾ ਲਈ। ਹੁਣ 1984 ਵਿਚ ਭਾਵੇਂ ਸਰਵਭਾਰਤੀ ਪਰਿਪੇਖ ਵਿਚ ਰਾਜੀਵ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਪਾਰਟੀ ਨੇ ਸਦਾ ਨਾਲੋਂ ਵਧੇਰੇ ਜਿੱਤ ਪ੍ਰਾਪਤ ਕੀਤੀ ਹੈ, ਪਰ ਇਹ ਤਾਮਿਲਨਾਡੂ ਵਿਚ ਅਨਾ ਕੜਗਮ ਨੂੰ ਅਤੇ ਪੱਛਮੀ ਬਬੰਗਾਲ ਤੇ ਤ੍ਰਿਪੁਰਾ ਵਿਚ ਕਮਿਊਨਿਸਟ ਮੋਰਚੇ ਨੂੰ ਸੱਤਾ ਵਿਚੋਂ ਕੱਢ ਨਹੀਂ ਸਕੇ। 1985 ਦੇ ਮੁਢ ਵਿਚ ਰਾਮ ਕ੍ਰਿਸ਼ਨ ਹੇਗੜੇ ਦੀ ਅਗਵਾਈ ਵਿਚ ਜਨਤਾ ਪਾਰਟੀ ਕਰਨਾਟਕ ਵਿਚ ਕਾਂਗਰਸ ਪਾਰਟੀ ਨੂੰ ਬੜੀ ਕਰਾਰੀ ਹਾਰ ਦੇ ਸਕੀ ਹੈ ਤੇ ਹੁਣ ਸਤੰਬਰ ਦੀਆਂ ਚੋਣਾਂ ਵਿਚ ਅਕਾਲੀ ਪਾਰਟੀ ਨੇ ਅਦੁੱਤੀ ਜਿੱਤ ਪ੍ਰਾਪਤ ਕਰ ਕੇ ਕਾਂਗਰਸ ਪਾਰਟੀ ਨੂੰ ਬਹੁਤ ਕਮਜ਼ੋਰ ਕਰ ਦਿਤਾ ਹੈ। 1982-83 ਤੋਂ ਆਂਧਰਾ ਵਿਚ ਵੀ ਇਕ ਸਥਾਨਕ ਪਾਰਟੀ, ਤੇਲਗੂ ਦੇਸਮ ਨੇ ਕ ਂਗਰਸ ਪਾਰਟੀ ਨੂੰ ਥੱਲੇ ਲਗਾ ਦਿਤਾ ਹੈ।

**ਸੰਭਾਵਨਾ**

ਹੁਣ ਸਥਿਤੀ ਇਹ ਹੈ ਕਿ ਭਾਵੇਂ ਕੇਂਦਰ ਵਿਚ ਕਾਂਗਰਸ ਪਾਰਟੀ ਦਾ ਬਹੁਮਤ ਸਦਾ ਨਾਲੋਂ ਵਧੇਰੇ ਹੈ - ਇਹ ਪੰਜ ਸੌ ਬਤਾਲੀਆਂ ਵਿਚੋਂ ਚਾਰ ਸੌ ਸਥਾਨ ਲੈ ਗਈ ਹੈ — ਤਦ ਵੀ ਸੱਤ ਰਾਜਾਂ ਤਾਮਿਲਨਾਡੂ, ਕਰਨਾਟਕ, ਆਂਧਰਾ, ਪੱਛਮੀ ਬੰਗਾਲ, ਤ੍ਰਿਪੁਰਾ ਤੇ ਪੰਜਾਬ ਵਿਚ ਦੂਜੀਆਂ ਪਾਰਟੀਆਂ ਦੀ ਹਕੂਮਤ ਹੈ। ਜੰਮੂ-ਕਸ਼ਮੀਰ ਵਿਚ ਵੀ ਭਾਵੇਂ ਕਾਂਗਰਸ ਨੇ ਨੈਸ਼ਨਲ ਕਾਨਫਰੰਸ ਨੂੰ ਦੋ ਟੁਕੜੀਆਂ ਵਿਚ ਵੰਡ ਦਿਤਾ ਹੈ, ਉਥੇ ਇਹ ਆਪਣੀ ਹਕੂਮਤ ਨਹੀਂ ਬਣਾ ਸਕੀ ਤੇ ਨਾ ਬਣਾ ਸਕਦੀ ਹੈ। ਅਸਾਮ ਵਿਚ ਚੋਣਾਂ ਹਾਲੇ ਹੋਣੀਆਂ ਹਨ ਤੇ ਪੱਕੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ ਕਿ ਉਥੇ ਊਠ ਕਿਸ ਕਰਵਟ ਬੈਠੇਗਾ। ਉਪਰੋਕਤ ਸੱਤ ਰਾਜਾਂ ਵਿਚ ਕੇਵਲ ਪੱਛਮੀ ਬੰਗਾਲ ਤੇ ਤ੍ਰਿਪੁਰਾ ਵਿਚ ਕਮਿਊਨਿਸਟ ਪਾਰਟੀਆਂ ਦਾ ਮੋਰਚਾ ਤੇ ਕਰਨਾਟਕ ਵਿਚ ਜਨਤਾ ਪਾਰਟੀ, ਬੀਜ ਰੂਪ ਵਿਚ, ਸਰਵਭਾਰਤੀ ਪਾਰਟੀਆਂ ਹਨ। ਪਰ ਨਿਕਟ ਭਵਿਖ ਵਿਚ ਇਨ੍ਹਾਂ ਵਿਚੋਂ ਕਿਸੇ ਵਲੋਂ ਵੀ ਕੇਂਦਰ ਤੋਂ ਕਾਂਗਰਸ ਪਾਰਟੀ ਨੂੰ ਵਿਸਥਾਪਿਤ ਕਰਨ ਦੀ ਕੋਈ ਸੰਭਾਵਨਾ ਨਹੀਂ ਦਿਸਦੀ। ਇਸ ਤਰ੍ਹਾਂ ਕੇਂਦਰ ਵਿਚ ਅਰਥਾਤ ਸਰਵਭਾਰਤੀ ਪਰਿਪੇਖ ਵਿਚ ਕਾਂਗਰਸ ਪਾਰਟੀ ਦਾ ਕੋਈ ਸ਼ਕਤੀਵਰ ਬਦਲ ਬਣਦਾ ਦਿਖਾਈ ਨਹੀਂ ਦਿੰਦਾ।

ਇਹ . ਸਥਿਤੀ ਚਿੰਤਾਪੂਰਣ ਹੈ। ਜੇ ਕਾਂਗਰਸ ਪਾਰਟੀ ਦਾ ਕੋਈ ਸਥਿਰ ਲੋਕ ਤੰਤਰੀ ਬਦਲ ਹੋਂਦ ਵਿਚ ਨਹੀਂ ਆਉਂਦਾ ਤਾਂ ਅਜਿਹੇ ਵਿਕਾਰ ਪੈਦਾ ਹੋ ਜਾਣ ਦਾ ਡਰ ਹੈ ਜੋ ਸਮੁੱਚੇ ਦੇਸ਼ ਲਈ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ।

ਅਜ ਦੇ ਜਗਤ ਦੇ ਵੱਡੇ ਵੱਡੇ ਤੇ ਸ਼ਕਤੀਵਰ ਰਾਜਾਂ ਅਮਰੀਕਾ, ਬਰਤਾਨੀਆ, ਪੱਛਮੀ ਜਰਮਨੀ ਤੇ ਜਪਾਨ ਵਿਚ ਦੋ ਵਿਕਲਪੀ ਪਾਰਟੀਆਂ ਪੂਰੀ ਸ਼ਕਤੀ ਨਾਲ ਕੰਮ ਕਰ ਰਹੀਆਂ ਹਨ ਅਤੇ ਫਰਾਂਸ, ਇਟਲੀ, ਸਪੇਨ ਤੇ ਪੁਰਤਗਾਲ ਵਿਚ ਵੀ, ਭਾਵੇਂ ਪਾਰਟੀਆਂ ਦੀ ਗਿਣਤੀ ਵਧੇਰੇ ਹੈ, ਕੁਝ ਹੱਦ ਤੱਕ ਦੂਜੇ ਪੱਛਮੀ ਲੋਕਤੰਤਰੀ ਰਾਜਾਂ ਵਾਲੀ ਹੀ ਸਥਿਤੀ ਚਲ ਰਹੀ ਹੈ। ਸਾਡੇ ਜਗਤ ਦੇ ਕਮਿਊਨਿਸਟ ਭਾਗ ਵਿਚ ਕਮਿਊਨਿਸਟ ਪਾਰਟੀਆਂ ਕੋਲ ਸਥਿਰ ਏਕਾਧਿਕਾਰ ਹੈ। ਪਰ ਉਨ੍ਹਾਂ ਦਾ ਇਹ ਏਕਾਧਿਕਾਰ ਉਨ੍ਹਾਂ ਦੇ ਪਰੋਗਰਾਮ ਅਨੁਸਾਰ ਹੀ ਹੈ, ਕਿਉਂਕਿ ਉਥੇ ਸਮਾਜ ਵਿਚ ਸ਼੍ਰੇਣੀ ਪ੍ਰਬੰਧ ਨਹੀਂ, ਜਦੋਂ ਕਿ ਅਣਸਮਾਜਵਾਦੀ ਦੇਸ਼ਾਂ ਵਿਚ ਸ਼੍ਰੇਣੀ ਪ੍ਰਬੰਧ ਮੁਖ ਲੱਛਣ ਹੈ। ਮੁਸਲਮਾਨੀ ਤੇ ਅਫਰੀਕੀ ਦੇਸ਼ਾਂ ਵਿਚ ਰਾਜਸੀ ਸਥਿਤੀ ਬਹੁਤ ਗੰਧਲੀ ਹੈ ਤੇ ਦੱਖਣੀ ਅਮਰੀਕਾ ਦੇ ਦੇਸ਼ ਤਾਂ ਹਾਲੀ ਲੋਕਤੰਤਰ ਦੇ ਪੱਧਰ ਤੱਕ ਪਹੁੰਚੇ ਹੀ ਨਹੀਂ।

**ਏਕਾਧਿਕਾਰ**

ਇਕ ਲੋਕਤੰਤਰੀ ਦੇਸ਼ ਵਿਚ ਇਕੋ ਪਾਰਟੀ ਦਾ ਲਗਾਤਾਰ ਅਧਿਕਾਰ, ਭਾਵੇਂ ਕੇਂਦਰ ਵਿਚ ਹੀ ਹੋਵੇ, ਕਈ ਪ੍ਰਕਾਰ ਦੀ ਚਿੰਤਾ ਉਤਪੰਨ ਕਰਦਾ ਹੈ। ਜੇ ਅਜਿਹਾ ਏਕਾਧਿਕਾਰ ਦੇਸ਼ ਨੂੰ ਸਮਾਜਵਾਦ ਦੀ ਦਿਸ਼ਾ ਵਿਚ ਲੈ ਜਾ ਰਿਹਾ ਹੋਵੇ ਤਾਂ ਅਜਿਹੀ ਚਿੰਤਾ ਕੇਵਲ ਸਮ੍ਰਿਧ ਸ਼੍ਰੇਣੀਆਂ ਨੂੰ ਹੋ ਸਕਦੀ ਹੈ, ਸਮੁੱਚੀ ਜਨਤਾ ਨੂੰ ਨਹੀਂ। ਭਾਰਤ ਵਿਚ, ਭਾਵੇਂ ਕਾਂਗਰਸ ਪਾਰਟੀ ਦੇਸ਼ ਨੂੰ ਸਮਾਜਵਾਦ ਵਲ ਲੈ ਜਾਣ ਦੇ ਦਾਅਵੇ ਕਰਦੀ ਹੈ, ਇਸ ਨੇ ਆਪਣੇ ਸਮਾਜਵਾਦ ਦੀ ਕੋਈ ਰੂਪ-ਰੇਖਾ ਨਹੀਂ ਬਣਾਈ। ਇਉਂ ਪ੍ਰਤੀਤ ਹੁੰਦਾ ਹੈ ਕਿ ਇਸ ਦਾ ਆਦਰਸ਼ਕ ਸਮਾਜਵਾਦ ਦੇਸ਼ ਵਿਚ ਆਰਥਿਕ ਸ਼੍ਰੇਣੀ ਪ੍ਰਬੰਧ ਨੂੰ ਸਮਾਪਤ ਕਰਨ ਵਾਲਾ ਨਹੀਂ। ਇਸ ਲਈ ਇਹ ਸਮਾਜਵਾਦ ਇਕ ਸ਼੍ਰੇਣੀਗਤ ਸਮਾਜਵਾਦ ਹੀ ਹੋ ਸਕਦਾ ਹੈ, ਜਿਸ ਵਿਚ ਇਕ ਸਮ੍ਰਿਧ ਤੇ ਸੱਤਾ-ਪ੍ਰਾਪਤ ਸ਼੍ਰੇਣੀ ਸਾਧਾਰਣ ਜਨਤਾ ਦੀ ਹਾਲਤ ਨੂੰ ਸੁਧਾਰਨ ਲਈ ਅਨੇਕ ਕਲਿਆਣਕਾਰੀ ਕਾਰਜਕਰਮ ਚਲਾਉਣ ਦੇ ਮਨੋਰਥ ਲਈ ਵਚਨਬੱਧ ਹੁੰਦੀ ਹੈ। ਪਰ ਭਾਰਤ ਜਿਹੇ ਵਿਸ਼ਾਲ ਦੇਸ਼ ਵਿਚ ਸ਼੍ਰੇਣੀ ਪ੍ਰਬੰਧ ਇਸ ਪ੍ਰਕਾਰ ਦਾ ਅਨੇਕ-ਰੂਪੀ ਹੈ ਕਿ ਕਿਸੇ ਰਾਜ ਵਿਚ ਕੋਈ ਸ਼੍ਰੇਣੀ ਸੱਤਾ ਵਿਚ ਹੈ ਤੇ ਕਿਸੇ ਵਿਚ ਕੋਈ। ਭਾਵੇਂ ਸਰਵਭਾਰਤੀ ਪ੍ਰਕਰਣ ਵਿਚ ਇਥੇ ਪੂੰਜੀਪਤੀ ਸ਼੍ਰੇਣੀ ਸੱਤਾਰੂੜ੍ਹ ਹੈ, ਪਰ ਪੰਜਾਬ ਵਿਚ ਭੂਮੀਪਤੀ ਸ਼੍ਰੇਣੀ ਦੀ ਸਥਿਤੀ ਸਮੁੱਚੇ ਰੂਪ ਵਿਚ ਵਧੇਰੇ ਸ਼ਕਤੀਵਰ ਹੈ। ਪੱਛਮੀ ਬੰਗਾਲ, ਤ੍ਰਿਪੁਰਾ ਆਦਿ ਕਮਿਊਨਿਸਟ ਮੋਰਚੇ ਦੀ ਸੱਤਾ ਵਾਲੇ ਰਾਜਾਂ ਵਿਚ ਪੂੰਜੀਪਤੀ ਸ਼੍ਰੇਣੀ ਦੀ ਸੱਤਾ ਨੂੰ ਢਾਹ ਲਗੀ ਹੋਈ ਹੈ ਪਰ ਸੱਤਾ ਪੂਰੀ ਤਰ੍ਹਾਂ ਕਿਰਤੀ ਸ਼੍ਰੇਣੀ ਪਾਸ ਵੀ ਨਹੀਂ। ਤਾਮਿਲਨਾਡੂ ਤੇ ਆਂਧਰਾ ਪ੍ਰਦੇਸ਼ ਵਿਚ ਸੱਤਾ ਦੀ ਵੰਡ ਦੇ ਪੱਖੋਂ ਸਥਿਤੀ ਕੁਝ ਗੰਧਲੀ ਹੈ ਪਰ ਕੁਝ ਹਦ ਤਕ ਇਨ੍ਹਾਂ ਰਾਜਾਂ ਵਿਚ ਵੀ ਭੂਮੀਪਤੀ ਸ਼੍ਰੇਣੀ ਪੂੰਜੀਪਤੀ ਸ਼੍ਰੇਣੀ ਨਾਲੋਂ ਕੁਝ ਵਧੇਰੇ ਸ਼ਕਤੀਵਰ ਹੈ।

**ਸੰਦੇਹਪੂਰਣ**

ਪਰ ਸਾਡੇ ਯੁਗ ਦੀ ਚਾਲ ਇਹ ਹੈ ਕਿ ਹਰੇਕ ਦੇਸ਼ ਜਾਂ ਰਾਜ ਵਿਚ ਭੂਮੀਪਤੀ ਸ਼੍ਰੇਣੀ ਪੂੰਜੀਪਤੀ ਸ਼੍ਰੇਣੀ ਤੋਂ ਸੱਤਾ ਪ੍ਰਾਪਤੀ ਦੀ ਦੌੜ ਵਿਚ ਅਵੱਸ਼ ਪਿਛੇ ਰਹਿੰਦੀ ਜਾਂਦੀ ਹੈ। ਜਾਂ ਕੋਈ ਹੋਰ ਅਜਿਹੇ ਤੱਤ ਤੇ ਬਲ ਉਤਪੰਨ ਹੋ ਰਹੇ ਹਨ ਜਿਹੜੇ ਸਥਿਤੀ ਨੂੰ ਗੰਧਲੀ ਤੇ ਸੰਦੇਹਪੂਰਣ ਬਣਾ ਦਿੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ ਪੰਜਾਬ ਦੀ ਸਥਿਤੀ ਚੋਖੀ ਸੰਦੇਹਪੂਰਣ ਹੈ ਤੇ ਵਧੇਰੇ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ।

**—2**

ਪੰਜਾਬ ਵਿਚ ਰਾਜਸੀ ਸੱਤਾ ਲਈ ਦੌੜ ਨੇ ਇਥੋਂ ਦੀ ਵਸੋਂ ਨੂੰ ਤਿੰਨ ਵੱਡੇ ਭਾਗਾਂ ਵਿਚ ਵੰਡਿਆ ਹੋਇਆ ਹੈ। ਇਕ ਪੂੰਜੀਪਤੀ (ਉਦਯੋਗਪਤੀ ਤੇ ਵਪਾਰੀ) ਭਾਗ, ਦੂਜਾ ਭੂਮੀਪਤੀ ਭਾਗ ਤੀਜਾ ਖੇਤ-ਕਾਮਾ ਭਾਗ। ਇਹ ਪਿਛਲਾ ਭਾਗ ਸਮਾਜਿਕ ਤੇ ਆਰਥਿਕ ਦੋਹਾਂ ਪੱਖਾਂ ਤੋਂ ਦਲਿਤ ਹੈ। ਇਸ ਸ਼੍ਰੇਣੀ ਦਾ ਵਿਵਹਾਰਕ ਸਬੰਧ ਨਿਕਟੀ ਰੂਪ ਵਿਚ ਭੂਮੀਪਤੀ ਕਿਸਾਨ ਸ਼੍ਰੇਣੀ ਨਾਲ ਹੈ, ਜਿਸ ਸਥਿਤੀ ਵਿਚ ਇਸ ਨੂੰ ਆਪਣੇ ਸ਼ੋਸ਼ਿਤ ਹੋਣ ਦੀ ਚੇਤਨਾ ਪ੍ਰਤੱਖ ਹੈ। ਸ਼ੋਸ਼ਣ ਇਸ ਦਾ ਪੰਜਾਬ ਦੀ ਪੂੰਜੀਪਤੀ ਸ਼੍ਰੇਣੀ ਵੀ ਕਰਦੀ ਹੈ ਪਰ ਉਸ ਸ਼ੋਸ਼ਣ ਦਾ ਇਸ ਨੂੰ ਸਿੱਧਾ ਤੇ ਸਪਸ਼ਟ ਅਨੁਭਵ ਨਹੀਂ। 1977 ਵਿਚ ਇਕ ਦਿਨ ਮੈਂ ਆਪਣੇ ਇਕ ਪੱਟੀਦਰਜ ਜਾਤੀ ਦੇ ਕਾਮੇ ਨੂੰ ਪੁੱਛਿਆ, "ਹੁਣ ਤਾਂ ਅਕਾਲੀ ਜਨਤਾ ਪਾਰਟੀ ਦੇ ਨਾਲ ਮਿਲੇ ਹੋਏ ਹਨ ਤੇ ਤੁਸੀਂ ਲੋਕ ਕਾਂਗਰਸ ਵਲੋਂ ਪਰਿਵਾਰ ਨਿਯੋਜਨ ਦੀ ਚਲਾਈ ਹੋਈ ਮੁਹਿਮ ਤੋਂ ਵੀ ਬਹੁਤ ਦੁਖੀ ਹੋ, ਫਿਰ ਵੀ ਤੁਸੀਂ ਜਨਤਾ ਪਾਰਟੀ ਦੇ ਸਹਿਯੋਗੀ ਅਕਾਲੀਆਂ ਨੂੰ ਵੋਟ ਵੋਟ ਕਿਉਂ ਨਹੀਂ ਦਿੰਦੇ?" ਉਸ ਦਾ ਉਤਰ ਸੀ, 'ਸਰਦਾਰ ਜੀ, ਕੁਝ ਵੀ ਹੋਵੇ, ਸਾਡਾ ਜੀਅ ਜੱਟ ਜ਼ਿਮੀਂਦਾਰ ਨੂੰ ਵੋਟ ਪਾਉਣਾ ਨਹੀਂ ਮੰਨਦਾ।" ਬਹੁਤ ਲੋਕਾਂ ਦੇ ਮਨਾਂ ਵਿਚ ਇਹ ਭਰਮ ਹੈ ਕਿ 1977 ਵਿਚ ਪੱਟੀਦਰਜ ਜਾਤੀਆਂ ਕਾਂਗਰਸ ਦੇ ਵਿਰੁੱਧ ਵੋਟ ਦੇ ਗਈਆਂ ਸਨ ਤੇ ਇਸ ਕਰਕੇ ਕਾਂਗਰਸ ਹਾਰੀ ਸੀ। ਪਰ ਸੱਚਾਈ ਇਹ ਹੈ ਕਿ 1977 ਵਿਚ ਵੀ ਪੱਟੀਦਰਜ ਜਾਤੀਆਂ ਨੇ ਬਹੁਤ ਕਰਕੇ ਵੋਟ ਕਾਂਗਰਸ ਨੂੰ ਹੀ ਪਾਈ ਸੀ। ਕਾਂਗਰਸ ਦੇਸ਼ ਵਿਚ ਇਸ ਕਰਕੇ ਹਾਰ ਗਈ ਗਈ ਸੀ ਕਿ ਛਗ ਸੱਤ ਫੀ ਸਦੀ ਮੱਧ-ਵਰਗੀ, ਪੜ੍ਹਗ ਲਿਖੇ ਕਿੱਤਾਵਰ, ਲੋਕਾਂ, ਡਾਕਟਰਾਂ, ਵਕੀਲਾਂ, ਅਧਿਆਪਕਾਂ ਤੇ ਕਲਰਕਾਂ ਨੇ ਕਾਂਗਰਸ ਦੀ ਵੋਟ ਘਟਾਈ ਸੀ ਤੇ 1980 ਵਿਚ ਉਸ ਛੇ ਫੀ ਸਦੀ ਨੇ ਹੀ ਪਾਸਾ ਬਦਲ ਕੇ ਕਾਂਗਰਸ ਦੀ ਵੋਟ ਵਧਾਂ ਦਿਤੀ ਸੀ।

**ਗਿਰਾਵਟ**

ਪੰਜਾਬ ਵਿਚ ਅਕਾਲੀ ਪਾਰਟੀ, ਜਿਸ ਦਾ ਆਧਾਰ ਭੂਮੀਪਤੀ ਸ਼੍ਰੇਣੀ ਹੈ, 1967 ਤਕ ਕਾਂਗਰਸ ਪਾਸੋਂ ਹਾਰ ਖਾਂਦੀ ਰਹੀ। 1952 ਵਿਚ ਪੰਜਾਬ ਵਿਚ ਇਹ ਕੇਵਲ ਤੇਰਾਂ ਸਥਾਨ ਪ੍ਰਾਪਤ ਕਰ ਸਕੀ ਸੀ। 1967 ਤਕ ਕਾਂਗਰਸ ਪਾਰਟੀ ਦੀ ਲਗਾਤਾਰ ਗਿਰਾਵਟ ਨੇ ਸਾਰੇ ਭਾਰਤ ਵਿਚ ਆਮ ਨਾਰਾਜ਼ਗੀ ਪੈਦਾ ਕਰ ਦਿੱਤੀ ਸੀ, ਜਿਸ ਦਾ ਫਲਸਰੂਪ ਉਤਰ ਪ੍ਰਦੇਸ਼, ਗੁਜਰਾਤ ਤੇ ਉੜੀਸਾ ਆਦਿ ਰਾਜਾਂ ਵਿਚ ਸੁਤੰਤਰ ਪਾਰਟੀ ਜਾਂ ਭਾਰਤੀ ਲੋਕ ਦਲ ਦੀ ਅਗਵਾਈ ਵਿਚ ਕਾਂਗਰਸ ਹਾਰੀ ਸੀ ਅਤੇ ਉਥੇ ਗੈਰ-ਕਾਂਗਰਸੀ ਵਜ਼ਾਰਤਾਂ ਬਣੀਆਂ ਸਨ। ਪੰਜਾਬ ਵਿਚ ਵੀ 1967 ਵਿਚ ਕੁੱਲ 107 ਸਥਾਨਾਂ ਵਿਚੋਂ 48 ਸਥਾਨ ਕਾਂਗਰਸ ਨੂੰ ਮਿਲੇ ਸਨ ਤੇ ਇਸ ਨੂੰ ਬਾਹੁਮਤ ਬਨਾਂਉਣ ਲਈ ਕੇਵਲ ਛੇ ਸਥਾਨਾਂ ਦੀ ਲੋੜ ਸੀ ਜੋ ਇਹ ਸੁਤੰਤਰ ਵਿਧਾਇਕਾਂ ਨੂੰ ਮਿਲਾ ਨਾਲ ਮਿਲਾ ਕੇ ਬਣਾਂ ਸਕਦੀ ਸੀ। ਪਰ ਕਾਂਗਰਸ ਪਾਰਟੀ ਕਈ ਦਿਨ ਤਕ ਆਪਣੀ ਫੁੱਟ ਕਾਰਨ ਆਪਣਾ ਨੇਤਾ ਨਹੀਂ ਚੁਣ ਸਕੀ ਸੀ ਅਤੇ ਇਸ ਦਾ ਲਾਭ ਭਾਰਤੀ ਜਨ ਸੰਘ ਦੇ ਵਿਧਾਇਕਾਂ ਨੇ ਅਕਾਲੀ ਪਾਰਟੀ ਨਾਲ ਮਿਲ ਕੇ ਇਸ ਦੀ ਝੋਲੀ ਵਿਚ ਪਾ ਦਿਤਾ ਸੀ। ਅਕਾਲੀ ਪਾਰਟੀ ਦੀ ਇਸ ਪ੍ਰਕਾਰ ਦੀ ਹਕੂਮਤ ਟੁੱਟ ਭੱਜ ਨਾਲ ਕੇਵਲ ਤਿੰਨ ਕੁ ਸਾਲ ਹੀ ਚੱਲ ਸਕੀ। 1977 ਵਿਚ ਫਿਰ ਇਥੇ ਅਕਾਲੀ ਜਨਤਾ ਵਜ਼ਾਰਤ ਬਣੀ ਤੇ ਉਹ ਵੀ ਤਿੰਨ ਸਾਲ, 1980 ਤੱਕ ਹੀ ਚੱਲੀ।

ਹੁਣ ਪਿਛਲੇ ਤਿੰਨ ਸਾਲਾਂ ਵਿਚ ਕਾਂਗਰਸ ਪਾਰਟੀ ਵਲੋਂ ਲਗਾਤਾਰ ਗਲਤੀਆਂ ਕਰਨ ਦੇ ਕਾਰਨ 1985 ਵਿਚ ਪੰਜਾਬ ਵਿਚ ਅਕਾਲੀ ਪਾਰਟੀ ਇਕੱਲੀ ਹੀ ਬਹੁਮਤ ਪ੍ਰਾਪਤ ਕਰ ਗਈ।

**ਸ਼ੁਭ ਆਰੰਭ**

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਬਦਲ ਕੇਵਲ ਅਕਾਲੀ ਪਾਰਟੀ ਹੀ ਬਣ ਸਕਦੀ ਹੈ। ਇਸ ਸਥਿਤੀ ਦਾ ਸ਼੍ਰੇਣੀ ਵਿਸ਼ਲੇਸ਼ਣ ਕਰੋ ਤਾਂ ਇਹ ਦਿਸ ਪਵੇਗਾ ਕਿ ਪੰਜਾਬ ਵਿਚ ਸੱਤਾ ਦੀ ਬਦਲੀ ਪੂੰਜੀਪਤੀ ਸ਼੍ਰੇਣੀ ਉਤੇ ਆਧਾਰਿਤ ਕਾਂਗਰਸ ਤੇ ਭੂਮੀਪਤੀ ਸ਼੍ਰੇਣੀ ਉਤੇ ਆਧਾਰਿਤ ਅਕਾਲੀ ਪਾਰਟੀ ਵਿਚ ਹੀ ਹੁੰਦੀ ਆ ਰਹੀ ਹੈ ਤੇ ਪੰਜਾਬ ਵਿਚ ਵੀ ਕਾਂਗਰਸ ਤੋਂ ਬਿਨਾਂ ਹੋਰ ਕੋਈ ਸਰਵ-ਭਾਰਤੀ ਪਾਰਟੀ ਹੋਂਦ ਵਿਚ ਨਹੀਂ ਆ ਸਕੀ। ਵਰਤਮਾਨ ਚੋਣਾਂ ਵਿਚ ਅਕਾਲੀ ਪਾਰਟੀ ਨੇ ਆਪਣਾ ਆਧਾਰ ਕੁਝ ਚੌੜਾ ਕਰਨ ਦਾ ਯਤਨ ਕੀਤਾ ਹੈ, ਜਿਸ ਨਾਲ ਤਿੰਨ ਚਾਰ ਹਿੰਦੂ ਤੇ ਇਕ ਮੁਸਲਮਾਨ ਇਸ ਦੇ ਟਿਕਟ ਉਤੇ ਜਾਂ ਇਸ ਦੀ ਸਹਾਇਤਾ ਨਾਲ ਕਾਮਯਾਬ ਹੋਏ ਹਨ। ਇਹ ਇਕ ਸ਼ੁਭ ਆਰੰਭ ਹੈ। ਪਰ ਹੋਰ ਬਹੁਤ ਸ਼ੁਭ ਆਰੰਭਾਂ ਵਾਕਰ ਇਹ ਕਿਸੇ ਸਥਿਰ ਤਬਦੀਲੀ ਦੀ ਸੂਚਨਾ ਨਹੀਂ ਦਿੰਦਾ। ਜੇ ਹੋਰ ਵਿਸ਼ਾਲ ਚਿਤ ਹੋ ਕੇ ਅਕਾਲੀ ਪਾਰਟੀ ਆਪਣੇ ਆਪ ਨੂੰ ਪੰਜਾਬੀ ਪਾਰਟੀ ਵੀ ਆਖਣ ਲਗ ਜਾਵੇ ਤਾਂ ਵੀ ਇਹ ਇਕ ਸਥਾਨਕ ਪਾਰਟੀ ਹੀ ਰਹੇਗੀ, ਇਕ ਸਰਵ ਭਾਰਤੀ ਪਾਰਟੀ ਨਹੀਂ ਬਣ ਸਕਦੀ।

**ਚਮਤਕਾਰ**

ਸੋ ਅਸੀਂ ਵੇਖਦੇ ਹਾਂ ਕਿ ਅਜੋਕੇ ਭਾਰਤ ਵਿਚ ਕਾਂਗਰਸ ਪਾਰਟੀ ਦੇ ਕਿਸੇ ਸਰਵ ਭਾਰਤੀ ਬਦਲ ਦੇ ਬਣਨ ਦੀ ਬਹੁਤੀ ਆਸ ਨਹੀਂ। ਕਮਿਊਨਿਸਟ ਪਾਰਟੀ ਜਾਂ ਪਾਰਟੀਆਂ ਪੱਛਮੀ ਬੰਗਾਲ, ਤ੍ਰਿਪੁਰਾ ਤੇ ਕੇਰਲ ਤੋਂ ਬਾਹਰ ਕੋਈ ਵਰਨਣਯੋਗ ਸਫਲਤਾ ਪ੍ਰਾਪਤ ਨਹੀਂ ਕਰ ਸਕੀਆਂ, ਜਿਸ ਤੋਂ ਇਨ੍ਹਾਂ ਨੂੰ ਵਿਵਹਾਰਕ ਰੂਪ ਵਿਚ ਸਰਵ ਭਾਰਤੀ ਕਿਹਾ ਜਾ ਸਕੇ। ਜਨਤਾ ਪਾਰਟੀ ਵੀ ਅਜਿਹੀ ਕੋਈ ਆਸ ਨਹੀਂ ਬੰਨ੍ਹਾਉਂਦੀ, ਭਾਵੇਂ ਇਸ ਨੇ ਕਰਨਾਟਕ ਵਿਚ ਪਿਛਲੇ ਸਾਲ ਠੋਸ ਬਹੁਮਤ ਪ੍ਰਾਪਤ ਕਰਕੇ ਇਕ ਚਮਤਕਾਰ ਕਰ ਦਿਖਾਇਆ ਹੈ। ਇਹ ਚਮਤਕਾਰ ਕਿਸੇ ਹੋਰ ਰਾਜ ਵਿਚ ਨਿਕਟ ਭਵਿਖ ਵਿਚ ਵਰਤਦਾ ਪ੍ਰਤੀਤ ਨਹੀਂ ਹੁੰਦਾ।

ਇਨ੍ਹਾਂ ਹਾਲਾਤ ਵਿਚ ਅਸੀਂ ਕੇਵਲ ਇਹ ਹੀ ਦੇਖਦੇ ਹਾਂ ਕਿ ਭਾਰਤ ਵਿਚ ਕਾਂਗਰਸ ਪਾਰਟੀ ਇਕ ਰਾਜ ਤੋਂ ਪਿਛੋਂ ਦੂਜੇ ਰਾਜ ਵਿਚ ਵਿਸਥਾਪਿਤ ਹੋ ਰਹੀ ਹੈ ਹੋ ਸਕਦਾ ਹੈ ਕਿ ਅਗਲੀਆਂ ਚੋਣਾਂ ਵਿਚ ਇਹ ਕੁਝ ਹੋਰ ਰਾਜਾਂ ਵਿਚੋਂ ਵੀ ਵਿਸਥਾਪਿਤ ਹੋ ਜਾਵੇ। ਅਗਲੀਆਂ ਚੋਣਾਂ ਵਿਚ ਵੀ ਇਸ ਦੇ ਪੱਛਮੀ ਬੰਗਾਲ, ਤ੍ਰਿਪੁਰਾ, ਤਾਮਿਲਨਾਡੂ, ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਬਹੁਮਤ ਪ੍ਰਾਪਤ ਕਰਨ ਦੀ ਸੰਭਾਵਨਾ ਨਹੀਂ ਦਿਸਦੀ। ਸਗੋਂ ਹੋ ਸਕਦਾ ਹੈ ਕਿ ਗੁਜਰਾਤ,

ਬਿਹਾਰ ਤੇ ਆਸਾਮ ਵਿਚ ਵੀ ਇਹ ਸਥਾਨਕ ਪਾਰਟੀਆਂ ਤੋਂ ਹਾਰ ਜਾਵੇ। ਇਸ ਤਰ੍ਹਾਂ ਸਮੇਂ ਦੀ ਚਾਲ ਕੇਂਦਰ ਵਿਚ ਵੀ ਕਾਂਗਰਸ ਪਾਰਟੀ ਦੇ ਠੋਸ ਬਹੁਮਤ ਰਖਣ ਦੀ ਸਦੀਵੀਂ ਸੰਭਾਵਨਾ ਨਹੀਂ ਦਰਸਾਂਦੀ, ਹੋ ਸਕਦਾ ਹੈ ਅਗਲੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਕੇਂਦਰ ਵਿਚ ਵੀ ਬਹੁਮਤ ਪ੍ਰਾਪਤ ਨਾ ਕਰ ਸਕੇ ਤੇ ਦੂਜੀਆਂ ਪਾਰਟੀਆਂ ਦੇ ਕਿਸੇ ਗੁੱਟ ਦਾ ਬਹੁਮਤ ਹੋ ਜਾਵੇ। ਉਸ ਹਾਲਤ ਵਿਚ ਕੇਂਦਰ ਵਿਚ ਵੀ ਇਹ ਕਾਂਗਰਸ ਦੇ ਟਾਕਰੇ ਵਿਚ ਬਹੁ-ਪਾਰਟੀ ਸਾਂਝੀ ਹਕੂਮਤ ਬਣਾ ਸਕਦੀ ਹੈ।

ਪਰ ਜੇ ਅਜਿਹੀ ਬਹੁ-ਪਾਰਟੀ ਸਾਂਝ ਕੋਈ ਸਥਿਰ ਰੂਪ ਧਾਰਨ ਨਾ ਕਰ ਸਕੇ ਤਾਂ ਭਾਰਤੀ ਸੰਘ ਦੇ ਹਾਲਾਤ ਕੁਝ ਵਧੇਰੇ ਹੀ ਗੰਧਲੇ ਹੋ ਸਕਦੇ ਹਨ। ਇਸ ਗੰਧਲੇਪਣ ਨੂੰ ਤੇ ਇਸ ਤੋਂ ਉਤਪੰਨ ਹੋਣ ਵਾਲੇ ਹੋਰ ਭੈੜੇ ਪਰਿਣਾਮਾਂ ਨੂੰ ਰੋਕਣ ਲਈ ਇਹ ਜ਼ਰੂਰੀ ਹੈ ਕਿ ਸਰਵ-ਭਾਰਤੀ ਪ੍ਰਸੰਗ ਵਿਚ ਇਕ ਅਜਿਹੀ ਸੰਘਵਾਦੀ (Federal) ਪਾਰਟੀ ਬਣ ਜਾਵੇ ਜਿਹੜੀ ਵੱਖ ਵੱਖ ਸਥਾਨਕ ਪਾਰਟੀਆਂ ਦਾ ਇਕ ਪੱਕਾ ਤੇ ਨਿਯਮਬੱਧ ਸੰਗਠਨ ਹੋਵੇ।

**ਸੰਘਵਾਦੀ**

ਅਜਿਹੇ ਸੰਗਠਨ ਦੇ ਉਤਪੰਨ ਹੋਣ ਦੀ ਇਕ ਜ਼ਰੂਰੀ ਸ਼ਰਤ ਇਹ ਜਾਪਦੀ ਹੈ ਕਿ ਭਾਰਤੀ ਸੰਘ ਵਿਚ ਕੇਂਦਰ ਤੇ ਰਾਜਾਂ ਵਿਚਕਾਰ ਅਧਿਕਾਰਾਂ ਦੀ ਵੰਡ ਅਜਿਹੀ ਕੀਤੀ ਜਾਵੇ ਜਿਸ ਵਿਚ ਰਾਜਾਂ ਨੂੰ ਵਧੇਰੇ ਅਧਿਕਾਰ ਪ੍ਰਾਪਤ ਹੋਣ ਤੇ ਉਹ ਇਕ ਸੰਘਵਾਦੀ ਚੇਤਨਾ ਦੇ ਅਧੀਨ ਇਕੱਠੇ ਰਹਿਣ; ਕੇਵਲ ਹਿੰਦੀ ਰਾਜਾਂ ਉਤੇ ਆਧਾਰਿਤ ਕਾਂਗਰਸ ਪਾਰਟੀ ਹੀ ਬਹੁਮਤ ਪ੍ਰਾਪਤ ਕਰਕੇ ਕੇਂਦਰ ਵਿਚ ਸਥਾਪਿਤ ਹੋ ਕੇ ਹੋਰ ਰਾਜਾਂ ਉਤੇ ਭਾਰੂ ਨਾ ਹੋ ਜਾਵੇ। ਅਰਥਾਤ, ਸਮੇਂ ਦੀ ਚਾਲ ਕੁਝ ਇਸ ਦਿਸ਼ਾ ਵਿਚ ਹੋ ਜਾਵੇ ਕਿ ਸਮੁੱਚੇ ਭਾਰਤ ਵਿਚ ਕਾਂਗਰਸ ਪਾਰਟੀ ਵਿਗਠਿਤ ਹੋ ਜਾਵੇ ਤੇ ਵੱਖ ਵੱਖ ਰਾਜਾਂ ਵਿਚ ਵਧੇਰੇ ਅਧਿਕਾਰਾਂ ਵਾਲੀਆਂ ਸਥਾਨਕ ਪਾਰਟੀਆਂ ਸਥਿਰ ਰੂਪ ਧਾਰਨ ਕਰਕੇ ਆਪਸ ਵਿਚ ਮਿਲਕੇ ਇਕ ਸੰਘਵਾਦੀ ਪਾਰਟੀ ਨੂੰ ਹੋਂਦ ਵਿਚ ਲਿਆਉਣ। ਭਾਰਤ ਵਿਚ ਹੁਣ ਲੋੜ ਸਰਵ ਭਾਰਤੀ ਕਾਂਗਰਸ ਜਾਂ ਜਨਤਾ ਪਾਰਟੀ ਦੀ ਨਹੀਂ, ਇਕ ਸਾਰੇ ਰਾਜਾਂ ਦੀ ਸਾਂਝ ਨਾਲ ਬਣੀ ਸੰਘਵਾਦੀ ਪਾਰਟੀ ਦੀ ਹੈ। ਰਾਜਾਂ ਵਿਚ ਵੱਖ ਵੱਖ ਸਥਾਨਕ ਪਾਰਟੀਆਂ ਵੀ ਆਪਣੇ ਆਪ ਨੂੰ ਸੰਘਵਾਦੀ ਨਾਮ ਦੇ ਕੇ ਸਥਾਨਕਤਾ ਦੇ ਦੋਸ਼ ਤੋਂ ਮੁਕਤ ਹੋ ਸਕਦੀਆਂ ਹਨ, ਜਿਵੇਂ ਪੰਜਾਬ ਵਿਚ ਅਕਾਲੀ ਪਾਰਟੀ, ਆਂਧਰਾ ਵਿਚ ਤੇਲਗੂ ਦੇਸਮ ਪਾਰਟੀ ਤੇ ਤਾਮਿਲਨਾਡੂ ਵਿਚ ਦੋਵੇਂ ਜਾਂ ਇਕ ਦਰਾਵੜ ਕੜਗਮ ਪਾਰਟੀ ਸੰਘਵਾਦੀ ਨਾਮ ਧਾਰਨ ਕਰ ਲੈਣ।

(ਬਾਕੀ ਪੰਨਾ 16 ਤੇ)


**Woods Auto Body**
530 Victoria St. NEW WESTMINSTER, B.C.
Collision Repairs & Painting
14 Year's experienced persons



We Serve :
■ Free Estimates ■ I.C.B.C. Claims ■ Rust Repairs
■ Glass installations
All work is guranteed
Come and see
more information : Call
Gurdip [Gordy] Mutti
Ph. Bus. 521-6730
Res. 521-2184

**BUYING & SELLING**
Farms—Home—Lots
& Commercial Properties
Bus. 877-1138
Pager 667-0868



KULDIP [KAL] RANGI
BEST CHOICE REALTY LTD.
1331 Kingsway, Vancouver, B.C. V5V 3E3
(24 HRS) PHONE: 877-1138
RES: 278-8320

# ਹਾਕੀ
## ਭਾਰਤੀ ਕੁੜੀਆਂ ਦੇ ਵਧਦੇ ਕਦਮ

ਸ਼ੰਗਾਰਾ ਸਿੰਘ ਭੁੱਲਰ



ਕਦੀ ਮੁੰਡਿਆਂ ਦੀ ਹਾਕੀ ਵਿਚ ਸਾਡਾ ਬੋਲਬਾਲਾ ਸੀ ਜੋ 60 ਵਿਆਂ ਤਕ ਬਣਿਆ ਰਿਹਾ ਪਰ ਪਿੱਛੋਂ ਇਹ ਸਮੇਂ ਦੀ ਤੋਰ ਨਾਲ ਫਿੱਕਾ ਪੈਂਦਾ ਗਿਆ। ਵਜ੍ਹਾ ਇਹ ਸੀ ਕਿ ਬਹੁਤ ਸਾਰੇ ਮੁਲਕ ਪਿੱਛੋਂ ਤੁਰ ਕੇ ਆਧੁਨਿਕ ਸਹੂਲਤਾਂ ਅਤੇ ਨਵੀਨ ਖੇਡ ਤਕਨੀਕਾਂ ਕਾਰਨ ਸਾਡੇ ਤੋਂ ਅੱਗੇ ਲੰਘਣੇ ਸ਼ੁਰੂ ਹੋ ਗਏ ਸਨ ਤੇ ਅਸੀਂ ਕੁਝ ਲਗਾਤਾਰ ਹਾਰਾਂ ਤੋਂ ਬੌਖਲਾ ਕੇ ਇਸ ਪ੍ਰਬੰਧ ਵਿਚ ਅਨੇਕਾਂ ਤਬਦੀਲੀਆਂ ਕਰਨ ਲਗ ਪਏ ਸਾਂ। ਇਨ੍ਹਾਂ ਵਿਚੋਂ ਸਭ ਤੋਂ ਵੱਡੀ ਭੁੱਲ ਸ਼ਾਇਦ ਇਸ ਖੇਡ ਦਾ ਪ੍ਰਬੰਧ ਉਨ੍ਹਾਂ ਲੋਕਾਂ ਦੇ ਹਵਾਲੇ ਕਰਨਾ ਸੀ ਜਿਨ੍ਹਾਂ ਦਾ ਹਾਕੀ ਨਾਲ ਕੋਈ ਵਾਸਤਾ ਵੀ ਨਹੀਂ ਸੀ, ਉਹ ਇਸ ਦੇ ਸਹਾਰੇ ਸਿਰਫ ਆਪਣੀ ਫੋਕੀ ਚੌਧਰ ਬਣਾਈ ਰੱਖਣਾ ਚਾਹੁੰਦੇ ਸਨ।

ਖੈਰ! ਇਸੇ ਦੌਰਾਨ ਭਾਰਤੀ ਕੁੜੀਆਂ ਨੇ ਹਾਕੀ ਵਿਚ ਮੱਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਨਾਲ ਸਾਡੇ ਕੁਝ ਕੁ ਸਿਰ ਜ਼ਰੂਰ ਉਚੇ ਹੋਏ। ਅਸੀਂ ਕੁੜੀਆਂ ਨੂੰ ਹੋਰ ਹੱਲਾਸ਼ੇਰੀ ਦੇਣੀ ਸ਼ੁਰੂ ਕੀਤੀ। ਫਲਸਰੂਪ ਉਹ ਪੈਰੋ ਪੈਰ ਉਨ੍ਹਾਂ ਮੰਜ਼ਲਾਂ ਵੱਲ ਵਧਣ ਲੱਗੀਆਂ ਜਿਹੜੀਆਂ ਕਦੀ ਸਾਡੇ ਮੁੰਡਿਆਂ ਦੀ ਹਾਕੀ ਟੀਮ ਨੇ ਤਹਿ ਕੀਤੀਆਂ ਸਨ। ਮੋਟੇ ਤੌਰ ਤੇ 80ਵਿਆਂ ਤੋਂ ਸ਼ੁਰੂ ਹੋ ਕੇ ਭਾਰਤੀ ਕੁੜੀਆਂ ਨੇ ਹਾਕੀ ਨੂੰ ਕੌਮਾਂਤਰੀ ਨਕਸ਼ੇ 'ਤੇ ਲਿਆਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕੁੜੀਆਂ ਨੇ ਜਿਥੇ 1982 ਵਿਚ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿਚ ਦਾਅਵੇਦਾਰ ਦੇਸਾਂ ਦੀਆਂ ਟੀਮਾਂ ਨੂੰ ਹਰਾ ਕੇ ਗੋਲਡ ਮੈਡਲ ਪ੍ਰਾਪਤ ਕੀਤਾ ਉਥੇ ਹੁਣੇ ਜਿਹੇ ਦਿੱਲੀ ਵਿਚ ਹੋਇਆ ਪਹਿਲਾ ਇੰਦਰਾ ਗਾਂਧੀ ਗੋਲਡ ਮਹਿਲਾ ਹਾਕੀ ਕੱਪ ਜਿੱਤ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਕੁੜੀਆਂ ਦੇ ਇਸ ਖੇਤਰ ਵਿਚ ਕਦਮ ਲਗਾਤਾਰ ਅਗਾਂਹ ਵਧ ਰਹੇ ਹਨ।

ਭਾਰਤ ਦੀ ਸਵਰਗੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਯਾਦ ਵਿਚ ਹੋਏ ਇਸ ਟੂਰਨਾਮੈਂਟ ਵਿਚ ਦੁਨੀਆਂ ਦੇ ਛੇ ਮੁਲਕਾਂ ਦੀਆਂ ਟੀਮਾਂ ਨੇ ਹਿੱਸਾ ਲਿਆ। ਭਾਰਤ ਤੋਂ, ਬਿਨਾਂ ਸੋਵੀਅਤ ਯੂਨੀਅਨ, ਜਪਾਨ, ਚੀਨ, ਪੱਛਮੀ ਜਰਮਨੀ ਅਤੇ ਜ਼ਿੰਬਾਬਵੇ ਸ਼ਾਮਲ ਹੋਏ।

ਟੂਰਨਾਮੈਂਟ ਦੇ ਮੁੱਢਲੇ ਮੈਚਾਂ ਤੋਂ ਇਸ ਗੱਲ ਦੀ ਆਸ ਬੱਝ ਗਈ ਸੀ ਕਿ ਭਾਰਤ ਵਿਚ ਪਹਿਲੀ ਵਾਰੀ ਸ਼ੁਰੂ ਹੋਏ ਇਸ ਟੂਰਨਾਮੈਂਟ ਨੂੰ ਭਾਰਤੀ ਕੁੜੀਆਂ ਵਲੋਂ ਬੜੀ ਅਸਾਨੀ ਨਾਲ ਜਿੱਤ ਲੈਣ ਦੀ ਸੰਭਾਵਨਾ ਹੈ ਜੋ ਪਿੱਛੋਂ ਜਾ ਕੇ ਸੱਚ ਵੀ ਸਾਬਤ ਹੋਈ। ਇਸ ਦਾ ਕਾਰਨ ਇਹ ਸੀ ਕਿ ਇਨ੍ਹਾਂ ਬਾਰੇ ਮੁੱਢਲੇ ਮੈਚ ਭਾਰਤੀ ਕੁੜੀਆਂ ਨੇ ਆਪਣੀ ਜਾਣਕਾਰ ਖੇਡ ਸਦਕਾ ਜਿੱਤ ਲਏ ਸਨ। ਇਥੋਂ ਤਕ ਕਿ ਇਨ੍ਹਾਂ ਮੁੱਢਲੇ ਮੈਚਾਂ ਵਿਚ ਭਾਰਤੀ ਕੁੜੀਆਂ ਨੇ ਸੋਵੀਅਤ ਯੂਨੀਅਨ ਦੀ ਉਸ ਟੀਮ ਨੂੰ ਵੀ ਹਰਾ ਦਿੱਤਾ ਸੀ ਜਿਹੜੀ ਖੁਦ ਇੰਟਰਕਾਂਟੀਨੈਂਟਲ ਕੱਪ ਜੇਤੂ ਸੀ ਅਤੇ ਜਿਸ ਦੀ ਖਿਡਾਰਨ ਨਤੇਲਾ ਕਰਾਸ ਨਿਕੋਵਾ ਦੀ ਖੇਡ ਦੀਆਂ ਦੁਨੀਆਂ ਵਿਚ ਧੁੰਮਾਂ ਪਾਈਆਂ ਹੋਈਆਂ ਹਨ। ਨਤੇਲਾ ਭਾਵੇਂ ਤਿੰਨ ਨਿਆਣਿਆਂ ਦੀ ਮਾਂ ਹੈ ਪਰ ਉਸ ਦੀਆਂ ਲੱਤਾਂ ਵਿਚ ਅਜੇ ਵੀ ਏਨੀ ਫੁਰਤੀ ਤੇ ਬਾਹਵਾਂ ਵਿਚ ਦਮ ਹੈ ਕਿ ਉਹ ਹਾਕੀ ਦੇ ਮੈਦਾਨ ਵਿਚ ਵਿਰੋਧੀ ਕੁੜੀਆਂ ਦੀਆਂ ਸਫਾਂ ਨੂੰ ਬੜੀ ਆਸਾਨੀ ਨਾਲ ਚੀਰਦੀ ਤੁਰੀ ਜਾਂਦੀ ਹੈ। ਉਸ ਦੀ ਲਾਈ ਹਿੱਟ ਹਾਈਂ ਮਾਈਂ ਕਿਸੇ ਕੁੜੀ ਤੋਂ ਰੁਕਦੀ ਨਹੀਂ।

ਇਹ ਬਹੁਤ ਚੰਗੀ ਗੱਲ ਹੋਈ ਕਿ ਭਾਰਤੀ ਕੁੜੀਆਂ ਇਸ ਟੂਰਨਾਮੈਂਟ ਵਿਚ ਜੇਤੂ ਸਾਬਤ ਹੋਈਆਂ।

ਉਨ੍ਹਾਂ ਨੇ ਜਿੰਨੇ ਵੀ ਮੈਚ ਖੇਡੇ, ਸਾਰੇ ਦੇ ਸਾਰੇ ਜਿੱਤੇ ਜਦੋਂ ਕਿ ਦੂਜੇ ਨੰਬਰ ਤੇ ਰਹਿਣ ਵਾਲੀ ਸੋਵੀਅਤ ਯੂਨੀਅਨ ਦੀ ਟੀਮ ਦੋ ਮੈਚ ਹਾਰ ਗਈ ਸੀ। ਭਾਰਤੀ ਕੁੜੀਆਂ ਨੇ ਪਹਿਲੇ ਮੈਚ ਵਿਚ ਜਪਾਨ ਨੂੰ, ਦੂਜੇ ਵਿਚ ਸੋਵੀਅਤ ਯੂਨੀਅਨ ਨੂੰ, ਤੀਸਰੇ ਵਿਚ ਜ਼ਿੰਬਾਬਵੇ ਨੂੰ, ਚੌਥੇ ਵਿਚ ਚੀਨ ਨੂੰ ਅਤੇ ਪੰਜਵੇਂ ਵਿਚ ਪੱਛਮੀ ਜਰਮਨੀ ਨੂੰ ਹਰਾ ਕੇ ਪੂਰੇ ਅੰਕ ਪ੍ਰਾਪਤ ਕੀਤੇ। ਭਾਰਤ ਵਲੋਂ ਰਾਜਬੀਰ, ਮਧੂ ਯਾਦਵ ਅਤੇ ਪੁਸ਼ਪਾ ਸ੍ਰੀਵਾਸਤਵ ਬਹੁਤ ਵਧੀਆ ਖੇਡੀਆਂ।

ਇਸ ਟੂਰਨਾਮੈਂਟ ਵਿਚ ਜਿੰਨੇ ਵੀ ਮੁਲਕਾਂ ਦੀਆਂ ਟੀਮਾਂ ਨੇ ਹਿੱਸਾ ਲਿਆ ਉਨ੍ਹਾਂ ਵਿਚੋਂ ਭਾਰਤ ਤੇ ਸੋਵੀਅਤ ਯੂਨੀਅਨ ਤੋਂ ਬਿਨਾਂ ਚੀਨ ਤੇ ਜ਼ਿੰਬਾਬਵੇ ਦੀਆਂ ਕੁੜੀਆਂ ਦੀ ਹਾਕੀ ਬੜੀ ਤੇਜ਼ ਤਰਾਰ ਸੀ ਭਾਵੇਂ ਵਿਰੋਧੀ ਟੀਮਾਂ ਅੱਗੇ ਉਨ੍ਹਾਂ ਦੀ ਬਹੁਤੀ ਪੇਸ਼ ਨਹੀਂ ਸੀ ਗਈ। ਭਵਿੱਖ ਵਿਚ ਸਾਨੂੰ ਇਨ੍ਹਾਂ ਤੋਂ ਵਧੇਰੇ ਸਾਵਧਾਨ ਰਹਿਣਾ ਪਵੇਗਾ।

ਭਾਵੇਂ ਭਾਰਤੀ ਕੁੜੀਆਂ ਇਸ ਟੂਰਨਾਮੈਂਟ ਵਿਚ ਜੇਤੂ ਰਹਿ ਗਈਆਂ ਪਰ ਉਨ੍ਹਾਂ ਦੀ ਸਮੁੱਚੀ ਖੇਡ ਤੋਂ ਕੁਝ ਗੱਲਾਂ ਜ਼ਰੂਰ ਸਪਸ਼ਟ ਹੁੰਦੀਆਂ ਹਨ।

ਇਕ ਤਾਂ ਇਹ ਕਿ ਭਾਰਤੀ ਕੁੜੀਆਂ ਹਰ ਮੈਚ ਦੇ ਪਹਿਲੇ ਅੱਧ ਵਿਚ ਬੜੀ ਤੇਜ਼ ਤੇ ਸ਼ਾਨਦਾਰ ਖੇਡ ਦਾ ਵਿਖਾਵਾ ਕਰਦੀਆਂ ਹਨ ਪਰ ਅੱਧੇ ਸਮੇਂ ਪਿੱਛੋਂ ਉਹ ਥੱਕੀਆਂ ਥੱਕੀਆਂ ਨਜ਼ਰ ਆਉਂਦੀਆਂ ਹਨ। ਕਿੰਨਾਂ ਚੰਗਾ ਹੋਵੇ ਜੇ ਉਹ ਮੈਚ ਦੇ ਦੋਹਾਂ ਸਮਿਆਂ ਦੌਰਾਨ ਹੀ ਇਕਸਾਰ ਖੇਡਣ। ਇਸੇ ਤਰ੍ਹਾਂ ਭਾਰਤੀ ਕੁੜੀਆਂ ਪੈਨਲਟੀ ਕਾਰਨਰ ਲਾਉਣ ਵਿਚ ਉਸੇ ਤਰ੍ਹਾਂ ਅਸਫਲ ਹੋ ਜਾਂਦੀਆਂ ਹਨ ਜਿਵੇਂ ਸਾਡੇ ਮੁੰਡੇ।

ਕੁੜੀਆਂ ਨੂੰ ਇਸ ਦਾ ਵੱਧ ਤੋਂ ਵੱਧ ਅਭਿਆਸ ਕਰਨਾ ਚਾਹੀਦਾ ਹੈ ਕਿਉਂਕਿ ਅੱਜ ਕੱਲ੍ਹ ਹਾਕੀ ਦੀ ਖੇਡ ਬਹੁਤੀ ਨਿਰਭਰ ਹੀ ਪੈਨਲਟੀ ਕਾਰਨਰ ਉਤੇ ਕਰਨ ਲੱਗ ਪਈ ਹੈ। ਸਿੱਧਾ ਗੋਲ ਤਾਂ ਖੇਡ ਵਿਚ ਬਹੁਤ ਘੱਟ ਹੀ ਹੁੰਦਾ ਹੈ। ਆਖਰ ਦੋਹਾਂ ਧਿਰਾਂ ਵਿਚ ਸਿੱਧਾ ਮੁਕਾਬਲਾ ਹੁੰਦਾ ਹੈ। ਉਸ ਵਿਚ ਭਲਾ ਕੋਈ ਮੈਚ ਕੀਹਨੂੰ ਲਿਜਾਣ ਦਿੰਦਾ ਹੈ। ਜੇ ਹਾਕੀ ਖੇਡ ਪ੍ਰਬੰਧਕ ਇਸ ਤਰ੍ਹਾਂ ਦੀਆਂ ਉਕਾਈਆਂ ਵੱਲ ਧਿਆਨ ਦੇਣ ਤਾਂ ਨਿਸ਼ਚੇ ਹੀ ਭਾਰਤੀ ਕੁੜੀਆਂ ਹੋਰ ਤੇਜ਼ੀ ਨਾਲ ਅਗਾਂਹ ਵਧ ਸਕਦੀਆਂ ਹਨ।

### ਹਾਕੀ ਦਾ ਜਾਦੂਗਰ

ਧਿਆਨ ਚੰਦ ਬਾਰੇ ਭਾਰਤ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੀ ਖੇਡ ਜਗਤ ਵਿਚ ਇਸ ਗੱਲ ਦੀ ਆਮ ਖੁੱਲ੍ਹੀ ਚਰਚਾ ਸੀ ਕਿ ਜਦੋਂ ਉਹ ਮੈਦਾਨ ਵਿਚ ਉਤਰਦੇ ਤਾਂ ਗੇਂਦ ਉਨ੍ਹਾਂ ਦੀ ਹਾਕੀ ਨਾਲ ਇਵੇਂ ਚਿੰਬੜ ਜਾਂਦੀ ਜਿਵੇਂ ਚੁੰਬਕ ਲੱਗਾ ਹੋਇਆ ਹੋਵੇ। ਸ਼ਾਇਦ ਇਹੀ ਕਾਰਨ ਹੈ ਕਿ ਧਿਆਨ ਚੰਦ ਜੀ ਨੂੰ ਹਾਕੀ ਦਾ ਜਾਦੂਗਰ ਵੀ ਕਿਹਾ ਜਾਂਦਾ ਸ਼ੀ। ਜਿਨ੍ਹਾਂ ਨੇ ਉਨ੍ਹਾਂ ਨੂੰ ਖੇਡਦਿਆਂ ਵੇਖਿਆ, ਉਨ੍ਹਾਂ ਦਾ ਕਹਿਣਾ ਹੈ ਕਿ ਧਿਆਨ ਚੰਦ ਵਿਚ ਬਿਜਲੀ ਵਰਗੀ ਫੁਰਤੀ ਸੀ। ਉਨ੍ਹਾਂ ਦੀ ਖੇਡ ਦੀ ਫੁਰਤੀ ਅਤੇ ਗੇਂਦ ਨੂੰ ਸਟਿਕ ਦੇ ਨਾਲ ਦੌੜਦੇ ਹੋਏ ਦੇਖ ਕੇ ਇਕ ਵਾਰ ਜਰਮਨੀ ਦੇ ਲੋਕਾਂ ਨੂੰ ਸ਼ੱਕ ਪੈ ਗਿਆ ਕਿ ਧਿਆਨ ਚੰਦ ਦੀ ਹਾਕੀ ਜਾਦੂ ਵਾਲੀ ਹਾਕੀ ਹੈ। ਸ਼ਾਇਦ ਤੁਹਾਨੂੰ ਨਾ ਪਤਾ ਹੋਵੇ, ਉਦੋਂ ਭਾਰਤ ਬਾਰੇ ਬਾਹਰਲੇ ਦੇਸ਼ਾਂ ਵਿਚ ਇਹ ਧਾਰਨਾ ਬਣੀ ਹੋਈ ਸੀ ਕਿ ਇਹ ਜਾਦੂਗਰਾਂ ਦਾ ਦੇਸ਼ ਹੈ। ਸੋ ਧਿਆਨ ਚੰਦ ਦੀ ਹਾਕੀ ਤੋੜ ਕੇ ਵੇਖੀ ਗਈ ਪਰ ਉਸ ਵਿਚੋਂ ਕੁਝ ਵੀ ਨਹੀਂ ਮਿਲਿਆ। ਫਿਰ ਧਿਆਨ ਚੰਦ ਨੂੰ ਖੇਡਣ ਲਈ ਹੋਰ ਹਾਕੀ ਦਿੱਤੀ ਗਈ ਪਰ ਉਨ੍ਹਾਂ ਨੇ ਉਸ ਨਾਲ ਵੀ ਗੋਲ ਕਰ ਦਿੱਤੇ ਤਾਂ ਸਾਰਿਆਂ ਨੂੰ ਮੰਨਣਾ ਪਿਆ ਕਿ ਇਹ ਕੋਈ ਜਾਦੂ ਵਾਦੂ ਨਹੀਂ, ਧਿਆਨ ਚੰਦ ਦੀ ਹਾਕੀ ਕਲਾ ਦਾ ਕਮਾਲ ਹੈ

# ਲੰਬੇ ਦਾਈਏ ਰੱਖਣ ਵਾਲੀ ਨੀਨਾ

ਕੋਈ ਵਿਦਿਆਰਥੀ ਜਾਂ ਵਿਦਿਆਰਥਣ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਜੇ ਆਪਣੀ ਹਿੰਮਤ 'ਤੇ ਖੇਡ ਪ੍ਰਦਰਸ਼ਨ ਦੇ ਮੀਲ ਪੱਥਰ ਕਾਇਮ ਕਰ ਦੇਵੇ ਤਾਂ ਇਸ ਨੂੰ ਕੁਦਰਤ ਦੀ ਮਿਹਰ ਹੀ ਸਮਝਿਆ ਜਾ ਸਕਦਾ ਹੈ। ਇਕ ਅਜਿਹੀ ਵਿਦਿਆਰਥਣ ਤੇ ਖਿਡਾਰਨ ਹੈ, ਮਿਸ ਨੀਨਾ, ਕਰਨਾਲ ਵਿਚ ਜੰਮੀ ਨੀਨਾ ਦੀ ਸਕੂਲ ਦੇ ਸਮੇਂ ਤੋਂ ਹੀ ਖੇਡਾਂ ਵਿਚ ਰੁਚੀ ਹੋ ਗਈ ਸੀ। ਇਸ ਸਦਕਾ ਉਹ ਸਰਕਾਰੀ ਕਾਲਜ ਕਰਨਾਲ ਦੀ "ਬੈਸਟ ਐਥਲੀਟ" ਬਣ ਗਈ। ਉਸ ਨੇ ਬਾਸਕਟਬਾਲ, ਬੈਡਮਿੰਟਨ ਅਤੇ ਐਥਲੈਟਿਕਸ ਵਿਚ ਰਾਜ ਪੱਧਰ ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕਰ ਕੇ, ਜਿਥੇ ਕਾਲਜ ਦਾ ਨਾਂ ਰੌਸ਼ਨ ਕੀਤਾ, ਉਥੇ ਖੇਡ ਜਗਤ ਵਿਚ ਆਪਣਾ ਵੀ ਇਕ ਸ਼ਾਨਦਾਰ ਇਤਿਹਾਸ ਬਣਾ ਲਿਆ।

ਨੀਨਾ ਹੁਣ ਤਕ "ਰਾਸ਼ਟਰੀ ਖੇਡਾਂ" ਵਿਚ ਅੱਠ ਵਾਰ ਹਿੱਸਾ ਲੈ ਚੁੱਕੀ ਹੈ। ਦਿੱਲੀ, ਜੈਪੁਰ, ਗੰਟੂਰ, ਕਲਕੱਤਾ, ਸ੍ਰੀਨਗਰ, ਰਾਂਚੀ, ਬਹਰਾਮਪੁਰ ਵਿਚ ਹੋਈਆਂ ਰਾਸ਼ਟਰੀ ਖੇਡਾਂ ਵਿਚ ਉਸ ਨੇ ਆਪਣੀ ਕਲਾ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਕੇ ਹਰਿਆਣਾ ਪ੍ਰਾਂਤ ਦਾ ਨਾਂ ਰੌਸ਼ਨ ਕੀਤਾ। ਨੀਨਾ ਕਿੰਨੇ ਹੀ ਐਵਾਰਡ ਪ੍ਰਾਪਤ ਕਰ ਚੁੱਕੀ ਹੈ। ਕੁਰਕਸ਼ੇਤਰ ਯੂਨੀਵਰਸਿਟੀ ਤੋਂ ਡੀ. ਪੀ. ਐਡ ਦੀ ਟਰੇਨਿੰਗ ਕਰ ਕੇ ਅੱਜ ਕੱਲ੍ਹ ਮਾਸਟਰ ਆਫ ਫਿਜ਼ੀਕਲ ਐਜੂਕੇਸ਼ਨ ਦਾ ਕੋਰਸ ਕਰ ਰਹੀ ਹੈ।

ਉਸ ਦੇ ਇਰਾਦੇ ਬੁਲੰਦ ਹਨ। ਖੇਡਾਂ ਨੂੰ ਉਹ ਆਪਣਾ ਇਸ਼ਟ ਸਮਝਦੀ ਹੈ। ਉਸ ਦੀ ਇੱਛਾ ਹੈ ਕਿ ਉਹ ਜੀਵਨ ਭਰ ਆਪ ਵੀ




ਖੇਡਦੀ ਰਹੇ ਅਤੇ ਨਾਲ ਨਾਲ ਵਿਦਿਆਰਥਣਾਂ ਨੂੰ ਖੇਡਾਂ ਬਾਰੇ ਭਰਪੂਰ ਜਾਣਕਾਰੀ ਅਤੇ ਟਰੇਨਿੰਗ ਦਿੰਦੀ ਰਹੇ। ਉਸ ਨੇ ਬੜੇ ਲੰਬੇ ਦਾਈਏ ਰੱਖੇ ਹੋਏ ਹਨ। ਵੇਖੀਏ ਕਿਥੋਂ ਤਕ ਪੂਰੇ ਹੁੰਦੇ ਹਨ।

–ਜਗਦੀਸ਼ ਪ੍ਰਸਾਦਿ ਕੌਸ਼ਿਕ

## ਪੰਜਾਬੀ ਵਰਸਿਟੀ ਦਾ ਕਬੱਡੀ ਕੈਂਪ

ਮਾਨਸਾ — ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਬੱਡੀ ਟੀਮ ਨੂੰ ਅੰਤਰ-ਵਰਸਿਟੀ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਇਥੇ ਲਹਿਰੂ ਮੈਮੋਰੀਅਲ ਕਾਲਜ ਵਿਚ ਯੂਨੀਵਰਸਿਟੀ ਟੀਮ ਦਾ ਪੰਦਰਾਂ ਰੋਜ਼ਾ ਕੈਂਪ ਲਗਾਇਆ ਗਿਆ। ਇਹ ਕੈਂਪ ਇਸ ਕਾਲਜ ਦੇ ਸਰੀਰਕ ਸਿੱਖਿਆ ਅਧਿਆਪਕ ਅਤੇ ਕਬੱਡੀ ਕੋਚ ਪ੍ਰੋ: ਮੱਘਰ ਸਿੰਘ ਸਿੱਧੂ ਦੀ ਨਿਗਰਾਨੀ ਹੇਠ ਲਗਿਆ। ਕੈਂਪ ਵਿਚ ਯੂਨੀਵਰਸਿਟੀ ਨਾਲ ਸਬੰਧਤ ਵੱਖ ਵੱਖ ਕਾਲਜਾਂ ਦੇ ਅਠਾਰਾਂ ਖਿਡਾਰੀਆਂ ਨੇ ਭਾਗ ਲਿਆ। ਜਿਨ੍ਹਾਂ ਵਿਚੋਂ ਬਾਰਾਂ ਖਿਡਾਰੀ ਅੰਮ੍ਰਿਤਸਰ ਵਿਚ ਹੋ ਰਹੇ ਅੰਤਰ-ਵਰਸਿਟੀ ਕਬੱਡੀ ਟੂਰਨਾਮੈਂਟ ਲਈ ਚੁਣੇ ਗਏ। ਪੰਜਾਬੀ ਯੂਨੀਵਰਸਿਟੀ ਦੀ ਚੋਣ ਕਮੇਟੀ ਨੇ ਅੰਗਰੇਜ਼ ਸਿੰਘ ਪਟਿਆਲਾ (ਕੈਪਟਨ), ਕੁਲਵਿੰਦਰ ਸਿੰਘ ਪਟਿਆਲਾ(ਸਕੱਤਰ), ਸੁਖਦੇਵ ਸਿੰਘ ਮਾਨਸਾ, ਜਸਬੀਰ ਸਿੰਘ ਮਾਨਸਾ, ਬਲਰਾਜ ਸਿੰਘ ਫਰੀਦਕੋਟ, ਅਮਰਜੀਤ ਸਿੰਘ ਰਾਮਪੁਰਾ, ਸੁਲਤਾਨ ਸਿੰਘ ਸੰਗਰੂਰ, ਗੁਰਮੇਲ ਸਿੰਘ ਸੰਗਰੂਰ, ਓਮ ਪ੍ਰਕਾਸ਼ ਸੰਗਰੂਰ, ਸੁਖਦੇਵ ਸਿੰਘ ਭਾਗੋਮਾਜਰਾ, ਭੁਪਿੰਦਰ ਸਿੰਘ ਸਮਾਣਾ, ਜਗਦੇਵ ਸਿੰਘ ਮਾਨਸਾ ਅਤੇ ਅਮਰੀਕ ਸਿੰਘ ਪਟਿਆਲਾ ਨੂੰ ਅੰਤਰ-ਵਰਸਿਟੀ ਟੂਰਨਾਮੈਂਟ ਲਈ ਚੁਣਿਆ।





FIDELTY REALTY LTD.
5316 Victoria Drive
Vancouver, B.C.
BUYING & SELLING
Always Remember
Ph. 324-3888
HARPAL S. TOOR
Member Medallion Club
R.E. Board of Greater Vancouver
437-3350

Goyal Travels Inc.
4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.
Cheapest Fares to:
FIJI—INDIA—PAKISTAN—COLOMBO—NEPAL
IATA
THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:
• 2 Asia House, K.G. Marg, New Delhi—110001 Phone 389217
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252

(ਪੰਨਾ 14 ਦੀ ਬਾਕੀ) —3

ਸੁਤੰਤਰਤਾ ਪ੍ਰਾਪਤੀ ਅਰਥਾਤ 1947 ਤੋਂ ਪਿਛੋਂ ਹੁਣ 1985 ਤੱਕ ਪੰਜਾਬ ਵਿਚ ਤੀਹ ਵਰ੍ਹੇ ਦੇ ਕਰੀਬ ਹਕੂਮਤ ਕਾਂਗਰਸ ਪਾਰਟੀ ਦੀ ਰਹੀ ਹੈ, ਪੰਜ ਵਰ੍ਹੇ ਦੇ ਕਰੀਬ ਅਕਾਲੀ ਪਾਰਟੀ ਦੀ, ਜਨਸੰਘ ਤੇ ਕਮਿਊਨਿਸਟਾਂ ਦੀ ਹਮਾਇਤ ਨਾਲ (ਇਸ ਵਿਚ ਨੌਂ ਦਸ ਮਹੀਨੇ ਲਛਮਣ ਸਿੰਘ ਗਿੱਲ ਦੀ ਵਜ਼ਾਰਤ ਦੇ ਵੀ ਸ਼ਾਮਲ ਹਨ), ਤੇ ਸਾਢੇ ਤਿੰਨ ਸਾਲ ਦੇ ਕਰੀਬ ਰਾਸ਼ਟਰਪਤੀ ਰਾਜ ਰਿਹਾ ਹੈ। ਜਦੋਂ 1952 ਵਿਚ ਪਹਿਲੀਆਂ ਚੋਣਾਂ ਹੋਈਆਂ ਤਾਂ ਸਮੁੱਚੇ ਪੰਜਾਬ ਵਿਚ (ਜਿਸ ਵਿਚ ਹੁਣ ਵਾਲਾ ਹਰਿਆਣਾ ਸ਼ਾਮਲ ਸੀ ਤੇ ਮਾਲਵਾ ਖੇਤਰ ਦੇ ਕੁਝ ਜ਼ਿਲੇ ਪੈਪਸੂ ਦੇ ਰੂਪ ਵਿਚ ਬਾਹਰ ਸਨ) ਅਕਾਲੀ ਪਾਰਟੀ ਨੂੰ ਕੁਲ ਤੇਰਾਂ ਸਥਾਨ ਮਿਲੇ ਸਨ ਤੇ ਕਮਿਊਨਿਸਟਾਂ ਨੂੰ ਗਿਆਰਾਂ। ਸੰਨ 1957 ਵਿਚ ਜਦੋਂ ਪੈਪਸੂ ਦੇ ਜ਼ਿਲੇ ਪੰਜਾਬ ਵਿਚ ਸ਼ਾਂਮਲ ਹੋ ਗਏ ਸਨ ਅਤੇ ਕਾਂਗਰਸ ਤੇ ਅਕਾਲੀ ਪਾਰਟੀ ਵਿਚਕਾਰ ਸਮਝੌਤਾ ਹੋ ਗਿਆ ਸੀ ਤਾਂ ਕਮਿਊਨਿਸਟਾਂ ਨੂੰ ਕੇਵਲ ਪੰਜ ਸਥਾਨ ਮਿਲੇ ਸਨ, ਭਾਵੇਂ ਇਨ੍ਹਾਂ ਦੀ ਕੁਲ ਵੋਟ 12 ਫੀ ਸਦੀ ਸੀ। ਕਮਿਊਨਿਸਟਾਂ ਦੀ ਸਥਿਤੀ ਵਿਚ ਕੁਝ ਸੁਧਾਰ 1967 ਵਿਚ ਹੋਇਆ ਜਦੋਂ ਦੋਹਾਂ ਕਮਿਊਨਿਸਟ ਪਾਰਟੀਆਂ ਨੇ ਅਕਾਲੀ ਪਾਰਟੀ ਨਾਲ ਸਮਝੌਤਾ ਕਰ ਕੇ ਚੋਣਾਂ ਲੜੀਆਂ ਸਨ। ਉਸ ਵੇਲੇ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਰਲ ਕੇ ਪੰਦਰਾਂ ਸਥਾਨ ਮਿਲੇ ਸਨ ਤੇ ਕਮਿਊਨਿਸਟ ਪਾਰਟੀ ਦਾ ਇਕ ਵਜ਼ੀਰ ਅਕਾਲੀ ਪਾਰਟੀ ਦੀ ਅਗਵਾਈ ਵਾਲੀ ਸਾਂਝੀ ਵਜ਼ਾਰਤ ਵਿਚ ਲਿਆ ਗਿਆ ਸੀ। 1968 ਵਿਚ ਲਛਮਣ ਸਿੰਘ ਨੇ ਅਕਾਲੀ ਪਾਰਟੀ ਵਿਚੋਂ ਟੁੱਟ ਕੇ ਕਾਂਗਰਸ ਪਾਰਟੀ ਦੀ ਹਮਾਇਤ ਨਾਲ ਵਜ਼ਾਰਤ ਬਣਾ ਲਈ ਸੀ, ਜਿਹੜੀ ਕੇਵਲ 10 ਕੁ ਮਹੀਨੇ ਚਲੀ। ਫਿਰ 1969 ਤੋਂ 1971 ਤਕ ਪਹਿਲਾਂ ਗੁਰਨਾਮ ਸਿੰਘ ਦੀ ਅਗਵਾਈ ਵਿਚ ਤੇ ਫਿਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਵਜ਼ਾਰਤ ਰਹੀ ਤੇ 1972 ਵਿਚ ਫਿਰ ਕਾਂਗਰਸ ਦੀ ਵਜ਼ਾਰਤ ਬਣ ਗਈ। ਇਨ੍ਹਾਂ ਪੰਜਾਂ ਸਾਲਾਂ ਵਿਚ ਦੋ ਵਾਰ ਕੁਲ ਮਿਲਾ ਕੇ ਇਕ ਸਾਲ ਤੋਂ ਥੋੜਾ ਵੱਧ ਰਾਸ਼ਟਰਪਤੀ ਰਾਜ ਹੋਇਆ।

## ਗੜਬੜ

1983 ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਅਗਵਾਈ ਵਿਚ ਪੰਜਾਬ ਵਿਚ ਚੋਖੀ ਗੜਬੜ ਉਤਪੰਨ ਹੋ ਗਈ ਤੇ ਦਰਬਾਰਾ ਸਿੰਘ ਦੀ ਕਾਂਗਰਸ ਵਜ਼ਾਰਤ ਨੂੰ ਆਪਣੇ ਸਥਿਰ ਬਹੁਮਤ ਦੇ ਬਾਵਜੂਦ ਅਸਤੀਫਾ ਦੇਣਾ ਪਿਆ, ਜਿਸ ਕਾਰਨ ਇਥੇ ਫਿਰ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ। ਪਿਛਲੇ ਤਿੰਨ ਕੁ ਵਰ੍ਹਿਆਂ ਵਿਚ ਪੰਜਾਬ ਵਿਚ ਬਹੁਤ ਕਲੇਸ਼ਮਈ ਸਥਿਤੀ ਰਹੀ, ਜਿਸ ਤੋਂ ਛੁਟਕਾਰਾ ਕੇਵਲ ਜੁਲਾਈ 1985 ਵਿਚ ਰਾਜੀਵ ਗਾਂਧੀ ਤੇ ਸੰਤ ਲੌਂਗੋਵਾਲ ਵਿਚਕਾਰ ਸਮਝੌਤੇ ਰਾਹੀਂ ਹੋਇਆ। ਹੁਣ 1985 ਦੀਆਂ ਚੋਣਾਂ ਵਿਚ ਪੰਜਾਬ ਵਿਚ ਪਹਿਲੀ ਵਾਰੀ ਅਕਾਲੀ ਪਾਰਟੀ ਨੂੰ 73 ਸਥਾਨਾਂ ਨਾਲ ਸੰਪੂਰਨ ਬਹੁਮਤ ਮਿਲਿਆ ਹੈ।

1972 ਵਿਚ ਭਾਰਤੀ ਕਮਿਊਨਿਸਟ ਪਾਰਟੀ ਦਾ ਕਾਂਗਰਸ ਪਾਰਟੀ ਨਾਲ ਸਮਝੌਤਾ ਹੋ ਗਿਆ ਸੀ, ਜਿਸ ਕਾਰਨ ਇਸ ਨੂੰ ਦੋ ਸਥਾਨ ਸੰਸਦ ਵਿਚ ਤੇ ਦਸ ਸਥਾਨ ਪੰਜਾਬ ਵਿਧਾਨ ਸਭਾ ਵਿਚ ਮਿਲ ਗਏ ਸਨ। ਕਮਿਊਨਿਸਟ ਪਾਰਟੀ(ਮਾਰਕਸੀ) ਨੂੰ ਅਕਾਲੀ ਪਾਰਟੀ ਨਾਲ ਸਮਝੌਤਾ ਕਰਕੇ ਕੇਵਲ ਛੇ ਵਿਧਾਨ ਸਭਾਈ ਸਥਾਨ ਮਿਲੇ ਸਨ। 1977 ਵਿਚ ਕਾਂਗਰਸ ਦੇ ਹਾਰ ਜਾਣ ਨਾਲ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਿਤੀ ਬਹੁਤ ਪਤਲੀ ਪੈ ਗਈ ਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਸਥਿਤੀ ਵਿਚ ਵੀ ਜਨਤਾ — ਅਕਾਲੀ ਗਠਜੋੜ ਨਾਲ ਮੇਲ ਦੇ ਬਾਵਜੂਦ ਬਹੁਤਾ ਸੁਧਾਰ ਨਾ ਹੋਇਆ। 1980 ਵਿਚ ਭਾਰਤੀ ਕਮਿਊਨਿਸਟ ਪਾਰਟੀ ਦਾ ਪਹਿਲਾਂ ਵਾਂਗ ਹੀ ਕਾਂਗਰਸ ਪਾਰਟੀ ਨਾਲ ਸਮਝੌਤਾ ਰਿਹਾ ਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦਾ ਅਕਾਲੀ ਪਾਰਟੀ ਨਾਲ। ਦੋਹਾਂ ਨੂੰ ਮਿਲਾ ਕੇ ਉਤਨੇ ਕੁ ਸਥਾਨ ਹੀ ਮਿਲੇ ਜਿਤਨੇ ਪਹਿਲੇ ਮਿਲਦੇ ਰਹੇ ਸਨ।

## ਪਰਿਣਾਮ

ਇਨ੍ਹਾਂ ਸਮਝੌਤਿਆਂ ਦਾ ਇਕ ਪਰਿਣਾਮ ਇਹ ਹੋਇਆ ਕਿ ਭਾਰਤੀ ਕਮਿਊਨਿਸਟ ਪਾਰਟੀ ਕਾਂਗਰਸ ਪਾਰਟੀ ਦੀ ਪੂਛਲ ਸਮਝੀ ਜਾਣ ਲਗ ਪਈ ਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਅਕਾਲੀ ਪਾਰਟੀ ਦੀ ਪੂਛਲ। ਹੁਣ 1985 ਦੀਆਂ ਚੋਣਾਂ ਵਿਚ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਦੂਜੀ ਵੱਡੀਆਂ ਪਾਰਟੀਆਂ ਨਾਲ ਸਮਝੌਤੇ ਦੀ ਵੱਡੀ ਕੀਮਤ ਦੇਣੀ ਪਈ ਹੈ। ਭਾਰਤੀ ਕਮਿਊਨਿਸਟ ਪਾਰਟੀ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਇਕੱਠੀਆਂ, ਅਕਾਲੀਆਂ ਪਾਰਟੀ ਤੇ ਕਾਂਗਰਸ ਦੋਹਾਂ ਤੋਂ ਵੱਖ ਹੋ ਕੇ ਚੋਣਾਂ ਲੜੀਆਂ। ਭਾਰਤੀ ਕਮਿਊਨਿਸਟ ਪਾਰਟੀ ਕੇਵਲ ਇਕ ਸਥਾਨ ਉਤੇ ਸਫਲ ਹੋਈ ਤੇ ਕਮਿਊਨਿਸਟ ਪਾਰਟੀ(ਮਾਰਕਸਵਾਦੀ) ਨੂੰ ਕੋਈ ਸਥਾਨ ਨਾ ਮਿਲਿਆ। ਕਾਰਨ ਇਹ ਹੈ ਕਿ ਉਪਰੋਕਤ ਸਮਝੌਤਿਆਂ ਦੇ ਦੌਰਾਨ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਅਧਾਰ ਕਮਜ਼ੋਰ ਪੈ ਗਏ।

## ਸਬਕ

ਤਦ ਵੀ ਜੇ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਕੁਲ ਪ੍ਰਾਪਤ ਵੋਟਾਂ ਦੇ ਆਧਾਰ 'ਤੇ ਪਰਖਿਆ ਜਾਵੇ ਤਾਂ ਇਨ੍ਹਾਂ ਦੀ ਸਥਿਤੀ ਸਿਵਾਏ 1957 ਦੀਆਂ ਚੋਣਾਂ ਤੋਂ ਹੋਰ ਬਾਕੀ ਚੋਣਾਂ ਨਾਲੋਂ ਕਮਜ਼ੋਰ ਨਹੀਂ ਹੋਈ। ਐਤਕੀਂ ਦੋਹਾਂ ਪਾਰਟੀਆਂ ਨੂੰ 63 ਸੀਟਾਂ ਲੜ ਕੇ ਅੱਠ ਫੀਸਦੀ ਵੋਟਾਂ ਮਿਲੀਆਂ ਹਨ ਜੋ 1957 ਤੋਂ ਛੁੱਟ ਦੂਜੇ ਵਰ੍ਹਿਆਂ ਦੀਆਂ ਚੋਣਾਂ ਤੋਂ ਘੱਟ ਨਹੀਂ। ਪਰ 1957 ਦੀਆਂ ਚੋਣਾਂ ਇਕ ਸਾਂਝੀ ਕਮਿਊਨਿਸਟ ਪਾਰਟੀ ਨੂੰ ਹੁਣ ਨਾਲੋਂ ਬਹੁਤ ਘੱਟ ਸਥਾਨਾਂ ਉਤੇ ਲੜ ਕੇ ਵੀ ਕੁਲ ਵੋਟਾਂ ਦਾ 12 ਫੀਸਦੀ ਭਾਗ ਪ੍ਰਾਪਤ ਹੋਇਆ ਸੀ। ਇਸ ਤੋਂ ਇਕ ਗੱਲ ਸਿੱਧ ਹੁੰਦੀ ਹੈ ਕਿ ਕਮਿਊਨਿਸਟ ਪਾਰਟੀਆਂ ਨੂੰ ਦੂਜੀਆਂ ਪਾਰਟੀਆਂ, ਕਾਂਗਰਸ ਜਾਂ ਅਕਾਲੀਆਂ ਨਾਲ ਮਿਲ ਕੇ ਬਹੁਤਾ ਲਾਭ ਨਹੀਂ ਹੁੰਦਾ। ਇਸ ਦੇ ਉਲਟ ਜਦੋਂ 1957 ਵਿਚ ਕਾਂਗਰਸ ਤੇ ਅਕਾਲੀ ਪਾਰਟੀਆਂ ਸਮਝੌਤਾ ਕਰਕੇ ਇਕੱਠੀਆਂ ਲੜੀਆਂ ਸਨ ਤਾਂ ਸਾਂਝੀ ਕਮਿਊਨਿਸਟ ਪਾਰਟੀ ਇਕੱਲੀ ਮੁਖ ਵਿਰੋਧੀ ਪਾਰਟੀ ਹੋਣ ਦੇ ਕਾਰਨ ਸਦਾ ਨਾਲੋਂ ਵਧੇਰੇ ਵੋਟਾਂ ਲੈ ਗਈ ਸੀ। ਇਸ ਤੋਂ ਕਮਿਊਨਿਸਟ ਪਾਰਟੀਆਂ ਨੂੰ ਇਕ ਸਬਕ ਮਿਲਿਆ ਹੈ ਕਿ ਉਹ ਕਾਂਗਰਸ ਜਾਂ ਅਕਾਲੀ ਪਾਰਟੀ ਨਾਲ ਮਿਲ ਕੇ ਆਪਣਾ ਆਧਾਰ ਕਮਜ਼ੋਰ ਕਰ ਲੈਂਦੀਆਂ ਹਨ ਅਤੇ ਜੇ ਕਾਂਗਰਸ ਤੇ ਅਕਾਲੀ ਪਾਰਟੀਆਂ ਇਕੱਠੀਆਂ ਹੋ ਜਾਣ ਤਾਂ ਕਮਿਊਨਿਸਟਾਂ ਦਾ ਆਧਾਰ ਕੁਝ ਵਧ ਜਾਂਦਾ ਹੈ।

1985 ਦੀਆਂ ਚੋਣਾਂ ਵਿਚ ਇਕ ਹੋਰ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਾਂਗਰਸ ਪਾਰਟੀ ਨੂੰ ਵਧੇਰੇ ਵੋਟਾਂ ਸ਼ਹਿਰਾਂ ਵਿਚੋਂ ਮਿਲੀਆਂ ਹਨ ਜਿਥੇ ਹਿੰਦੂ ਵਸੋਂ ਬਹੁਤੀ ਹੈ। ਪਰ ਇਸ ਹਿੰਦੂ ਵਸੋਂ ਨੇ ਭਾਰਤੀ ਜਨਤਾ ਪਾਰਟੀ ਨੂੰ ਪ੍ਰਵਾਨ ਨਹੀਂ ਕੀਤਾ। ਭਾਰਤੀ ਜਨਤਾ ਪਾਰਟੀ ਨੂੰ ਚਾਰ ਸਥਾਨ ਕੇਵਲ ਪੰਜਾਬ ਦੇ ਦੋ ਸਿਰਿਆਂ ਗੁਰਦਾਸਪੁਰ ਦੀ ਪਠਾਨਕੋਟ ਤਹਿਸੀਲ ਤਵਿਚ ਤੇ ਫਿਰੋਜ਼ਪੁਰ ਅਤੇ ਅਬੋਹਰ ਤੋਂ ਮਿਲੀਆਂ ਹਨ। ਇਸ ਤੋਂ ਇਕ ਹੋਰ ਸਿੱਟਾ ਇਹ ਵੀ ਨਿਕਲਦਾ ਹੈ ਕਿ ਕਮਿਊਨਿਸਟ ਪਾਰਟੀਆਂ ਦਾ ਜ਼ੋਰ ਨਾ ਕੇਵਲ ਹਿੰਦੂ ਸ਼ਹਿਰੀ ਵਸੋਂ ਵਿਚ ਸਗੋਂ ਹਿੰਦੂ ਪੇਂਡੂ ਵਸੋਂ ਅਰਥਾਤ ਕਿਰਸਾਣੀ ਵਿਚ ਵੀ ਘੱਟ ਹੈ। ਇਨ੍ਹਾਂ ਦੋ ਸਿਰਿਆਂ ਦੀ ਹਿੰਦੂ ਵਸੋਂ, ਸ਼ਹਿਰੀ ਤੇ ਪੇਂਡੂ ਵੀ, ਕਾਂਗਰਸ ਤੇ ਅਕਾਲੀ ਪਾਰਟੀ ਵਿਚ ਸਮਝੌਤੇ ਨੂੰ ਪ੍ਰਵਾਨ ਨਹੀਂ ਕਰਦੀ। ਤਿੰਨ ਆਜ਼ਾਦ ਵੀ ਜੋ ਸਫਲ ਹੋਏ ਹਨ, ਇਨ੍ਹਾਂ ਹਿੰਦੂ ਵਸੋਂ ਵਾਲੀਆਂ ਥਾਵਾਂ ਵਿਚੋਂ ਹੀ ਚੁਣੇ ਗਏ ਹਨ।

## ਸਿੱਟਾ

ਇਨ੍ਹਾਂ ਸਾਰੇ ਸਮਾਚਾਰਾਂ ਤੋਂ ਇਕ ਸਿੱਟਾ ਇਹ ਨਿਕਲਦਾ ਹੈ ਕਿ ਪੰਜਾਬ ਵਿਚ ਹਾਲੀ ਕਾਂਗਰਸ ਤੇ ਅਕਾਲੀ ਪਾਰਟੀ ਤੋਂ ਵੱਖਰੀ ਕੋਈ ਤੀਜੀ ਧਿਰ ਖੜ੍ਹੀ ਨਹੀਂ ਹੋ ਸਕੀ। ਅਕਾਲੀ ਪਾਰਟੀ ਕੁਝ ਹਿੰਦੂਆਂ ਤੇ ਇਕ ਮੁਸਲਮਾਨ ਪ੍ਰਤਿਆਸ਼ੀਆਂ ਨੂੰ ਹਮਾਇਤ ਦੇ ਕੇ ਜਾਂ ਆਪਣਾ ਟਿਕਟ ਦੇ ਕੇ ਵੀ ਕੇਵਲ ਤਿੰਨ ਸਥਾਨ ਹੀ ਗੈਰ-ਸਿਖ ਬਹੁਸੰਖਿਆ ਵਾਲੇ ਸਥਾਨਾਂ ਵਿਚ ਲੈ ਸਕੀ ਹੈ। ਤੇ ਇਸ ਦਾ ਨਾ ਕੇਵਲ ਨਾਮ ਸਗੋਂ ਆਧਾਰ ਵੀ ਸਿੱਖ ਵਸੋਂ ਵਾਲਾ ਹੀ ਹੈ। ਇਸ ਤੋਂ ਅੱਗੋ ਸਿੱਟਾ ਇਹ ਨਿਕਲਦਾ ਹੈ ਕਿ ਪੰਜਾਬ ਵਿਚ ਵੀ ਬਾਕੀ ਦੇ ਬਹੁਤੇ ਭਾਰਤੀ ਰਾਜਾਂ ਵਾਂਗਰ ਕਾਂਗਰਸ ਪਾਰਟੀ ਦਾ ਕੋਈ ਸਰਵ ਭਾਰਤੀ ਬਦਲ ਉਤਪੰਨ ਨਹੀਂ ਹੋਇਆ ਤੇ ਨਾ ਹੀ ਉਤਪੰਨ ਹੋਣ ਦੀ ਆਸ ਹੈ। ਇਸ ਸਥਿਤੀ ਵਿਚ ਜੇ ਕਿਸੇ ਸਰਵ ਭਾਰਤੀ ਬਦਲ ਦੀ ਪੰਜਾਬ ਵਿਚ ਆਸ ਰੱਖੀ ਜਾ ਸਕਦੀ ਹੈ ਤਾਂ ਉਹ ਕੇਵਲ ਕਮਿਊਨਿਸਟ ਪਾਰਟੀ ਹੀ ਹੈ। ਭਾਰਤੀ ਜਨਤਾ ਪਾਰਟੀ ਦਾ ਆਧਾਰ ਕੇਵਲ ਪੰਜਾਬ ਦੀ ਹਿੰਦੂ ਵਸੋਂ ਵਿਚ ਹੈ ਜਦੋਂ ਕਿ ਕਮਿਊਨਿਸਟ ਪਾਰਟੀਆਂ ਦਾ ਆਧਾਰ ਭਾਵੇਂ ਬਹੁਤਾ ਸਿਖ ਵਸੋਂ ਵਿਚ ਹੀ ਹੈ, ਕੁਝ ਥੋੜਾ ਬਹੁਤ ਹਿੰਦੂ ਵਸੋਂ ਵਿਚ ਵੀ ਹੈ, ਖਾਸ ਕਰਕੇ ਸ਼ਹਿਰਾਂ ਵਿਚ ਵਧਦੀ ਕਿਰਤੀ ਸ਼੍ਰੇਣੀ ਵਿਚ ਅਰਥਾਤ, ਪੰਜਾਬ ਵਿਚ ਕਾਂਗਰਸ ਪਾਰਟੀ ਤੋਂ ਬਿਨਾਂ ਜੇ ਕਿਸੇ ਹੋਰ ਪਾਰਟੀ ਦਾ ਆਧਾਰ ਹਿੰਦੂ ਸਿੱਖ ਦੋਹਾਂ ਵਿਚ ਸਾਂਝਾ ਹੈ ਤਾਂ ਉਹ ਕਮਿਊਨਿਸਟ ਪਾਰਟੀ ਦਾ ਹੀ ਹੈ। ਜੇ ਅਕਾਲੀ ਪਾਰਟੀ ਆਪਣੇ ਆਪ ਨੂੰ ਪੰਜਾਬੀ ਪਾਰਟੀ ਵੀ ਕਹਿਣ ਲਗ ਜਾਵੇ ਤਾਂ ਉਹ ਇਕ ਖੇਤਰੀ ਪਾਰਟੀ ਹੀ ਰਹਿੰਦੀ ਹੈ। ਸਪਸ਼ਟ ਹੈ ਕਿ ਜੇ ਸਮਾਚਾਰ ਹੁਣ ਨਾਲੋਂ ਬਹੁਤਾ ਨਾ ਬਦਲਣ ਤਾਂ ਪੰਜਾਬ ਵਿਚ ਕਾਂਗਰਸ ਪਾਰਟੀ ਦਾ ਵਿਕਲਪ ਕੇਵਲ ਕਮਿਊਨਿਸਟ ਪਾਰਟੀਆਂ ਹੀ ਹੋ ਸਕਦੀਆਂ ਹਨ। ਇਸ ਮਨੋਰਥ ਦੀ ਪ੍ਰਾਪਤੀ ਲਈ ਕਮਿਊਨਿਸਟ ਪਾਰਟੀਆਂ ਨੂੰ ਆਪਣਾ ਕੰਮ ਵਧੇਰੇ ਕਰ ਕੇ ਛੋਟੀ ਕਿਰਸਾਨੀ ਤੋਂ ਛੁੱਟ ਪਿੰਡਾਂ ਦੀ ਕਿਰਤੀ ਸ਼ਰੇਣੀ ਵਿਚ ਵਧਾਉਣ ਦੀ ਲੋੜ ਹੈ। ਇਹ ਲੰਮੇਂ ਸਮੇਂ ਦੀ ਗੱਲ ਜਾਪਦੀ ਹੈ ਪਰ ਸਮਾਜਿਕ ਤੇ ਰਾਜਸੀ ਪਰਿਵਰਤਨ ਜਦੋਂ ਆਉਂਦੇ ਹਨ ਤਾਂ ਇਹ ਆਪਣੇ ਅੱਗੇ ਸਮੇਂ ਦੀ ਵਿਥ ਨੂੰ ਬਹੁਤ ਸੁਕੇੜ ਲੈਂਦੇ ਹਨ।

---

ਹੁਣ ਤਾਂ ਬੱਚੇ ਵੀ ਬੜੇ ਚੁਸਤ ਹੋ ਗਏ ਹਨ। ਬੜੀ ਫੁਰਤੀ ਨਾਲ ਗੱਲਾਂ ਕਰਦੇ ਹਨ। ਇਕ ਬੱਚਾ ਆਪਣੀ ਮੰਮੀ ਨਾਲ ਉਸਦੀ ਸਹੇਲੀ ਦੇ ਘਰ ਗਿਆ। ਵਾਪਸ ਮੁੜਨ ਸਮੇਂ ਉਸਦੀ ਮੰਮੀ ਨੇ ਉਸਨੂੰ ਪੁੱਛਿਆ, ''ਬੇਟੇ! ਅੰਟੀ ਕਿਹੋ ਜਿਹੇ ਲੱਗੇ?'' ''ਬਿਲਕੁਲ ਤੁਹਾਡੇ ਵਰਗੇ'' ਉਹ ਸੁਣਕੇ ਪਹਿਲੋਂ ਤਾਂ ਹੱਸੀ ਫਿਰ ਕਹਿਣ ਲੱਗੀ, ''ਮੇਰੇ ਵਾਂਗ ਕਿਵੇਂ?'' ਉਹ ਝੱਟ ਹੀ ਬੋਲਿਆ, ''ਅੰਟੀ ਵੀ ਤੁਹਾਡੇ ਵਾਂਗ ਬਹੁਤ ਉਚੀ ਤੇ ਬਹੁਤ ਬੋਲਦੇ ਨੇ...।''

ਭਾਵ ਕਿ ਬੱਚੇ ਤੋਂ ਬੁੱਢੇ ਤਕ, ਕੁੜੀ ਤੋਂ ਬੁੜ੍ਹੀ ਤਕ, ਸਾਰੇ ਕਦੀ ਨਾ ਕਦੀ ਬੜੇ ਹੀ ਮਨੋਰੰਜਕ ਢੰਗ ਨਾਲ ਗੱਲ ਕਰਦੇ ਹਨ। ਗਹੁ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਗੱਲਾਂ ਵਿਚ ਜੀਵਨ ਦੀ ਕੋਈ ਨੌਸ ਸਚਾਈ ਛੁਪੀ ਹੁੰਦੀ ਹੈ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ?

ਅਸੀਂ ਹੇਠ ਲਿਖੇ ਮਾਮਲਿਆਂ ਬਾਰੇ ਸਲਾਹ ਦੇ ਸਕਦੇ ਹਾਂ

- ਰਿਸਤੇਦਾਰਾਂ ਨੂੰ ਕੈਨੇਡਾ ਜਾਂ ਯੂ. ਐਸ. ਏ. ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ, ਅਮਰੀਕਾ ਯਾ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ। ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸਤੇਦਾਰ ਦੇ ਬਚੇ ਨੂੰ ਅਡਾਪਟ (ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਜਾਂ ਯੂ. ਐਸ. ਏ. ਫੜਿਆ ਜਾਵੇ ਜਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸਤੇਦਾਰ ਦੀ ਚਿਠੀ ਭਰੀ ਹੈ ਤਾ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ

ਹੋਰ ਜਾਣਕਾਰੀ ਲਈ ਮਿਲੋ

ਜਾਂ ਫੂਨ ਕਰੋ

**ਮਲਕੀਤ ਸਿੰਘ ਪਰਹਾਰ**

**ਨਵਾਂ ਫੋਨ:**

**OFF.(604)733-1644**

**Res.(604)228- 0452**

**Malkit Singh Parhar**
#201-1275 W. 6th Avenue,
Vancouver, B.C. V6H1A6

- ਬਿਜਨਸ ਤੌਰ ਤੇ ਕੈਨੇਡਾ ਜਾਂ ਯੂ. ਐਸ. ਏ. ਦੀ ਇੰਮੀਗਰੇਸ਼ਨ ਲੈਣੀ ਹੋਵੇ।
- ਸਟੂਡਿੰਟ ਵੀਜੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਜੇਕਰ ਤੁਸ਼ੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨ੍ਹਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜਮੀਨ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੌਰਗੇਜ਼ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿਦਾਂ ਪੈਸੇ ਲੈ ਸਕਦੇ ਹੋ।
- ਜੇ ਤੁਸੀਂ ਵਸੀਅਤ ਖਿਆਲ ਨਾਲ ਨਹੀਂ ਬਨਾਉਂਦੇ ਅਤੇ ਤੁਹਾਡੇ ਮਗਰਲੇ ਰਿਸ਼ਤੇਦਾਰਾਂ ਨੂੰ ਮਗਰੋਂ ਬਹੁਤ ਹੀ ਤਕਲੀਫਾਂ ਆ ਸਕਦੀਆ ਹਨ ਤਾਂ ਗੌਰਮਿੰਟ ਉਸਦੇ ਵਿਚੋਂ ਬਹੁਤ ਹੀ ਟੈਕਸ ਲੈ ਜਾਂਦੀ ਹੈ। ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਸਹੀ ਵਸੀਅਤ ਸਮੇਂ ਦੇ ਅਨੁਸਾਰ, ਵੱਖ-ਵੱਖ ਕਿਸਮਾਂ ਦੀ ਕਿਵੇਂ ਬਣਾਈ ਜਾ ਸਕਦੀ ਹੈ।

*World-Wide Immigration To Canada and U.S.A. Ltd.*



## ਭਾਈ ਬਿਧੀ ਚੰਦ

ਪੰਜਾਬ ਦਿਆਂ ਕੰਧ-ਚਿੱਤਰਾਂ ਵਿਚ ਕਈ ਵੇਰ ਚਿੱਤਰਤ ਵਿਸ਼ੇ ਸਬੰਧੀ ਚਿੱਤਰ ਦੀ ਪਿੱਠ-ਭੂਮੀ 'ਤੇ ਹੀ ਲਿਖਤ ਰਾਹੀਂ ਸਪਸ਼ਟੀਕਰਨ ਦੇ ਦਿੱਤਾ ਜਾਂਦਾ ਸੀ ਜਿਵੇਂ ਕਿ ਸ੍ਰੀ ਅਕਾਲ ਤਖਤ ਦੇ ਇਸ ਕੰਧ-ਚਿੱਤਰ ਤੋਂ ਸਪਸ਼ਟ ਹੈ : ਘੋੜੇ ਲਿਆਇਆ ਭਾਈ ਬਿਧੀ ਚੰਦ ਹਜੂਰਾ । ਕਾਬਲ ਦੇ ਦੋ ਮਸੰਦ ਭਗਤ ਮੱਲ ਅਤੇ ਤਾਰਾ ਚੰਦ ਨੇ ਬਹੁਤ ਸੁੰਦਰ ਅਤੇ ਸਡੌਲਤਾ ਵਾਲੇ ਦੋ ਘੋੜੇ ਗੁਰੂ ਹਰਗੋਬਿੰਦ ਸਾਹਿਬ ਨੂੰ ਭੇਟ ਕਰਨ ਲਈ ਲਿਆਂਦੇ ਸਨ ਜੋ ਰਾਹ ਵਿਚ ਹੀ ਲਾਹੌਰ ਦੇ ਮੁਗਲ ਅਹਿਲਕਾਰਾਂ ਨੇ ਜ਼ਬਤ ਕਰ ਲਏ ਸਨ । ਗੁਰੂ ਜੀ ਦੇ ਇਕ ਸ਼ਰਧਾਲੂ ਭਾਈ ਬਿਧੀ ਚੰਦ ਨੇ ਇਨ੍ਹਾਂ ਘੋੜਿਆਂ ਨੂੰ ਮੁਗਲਾਂ ਤੋਂ ਛੁੜਾ ਕੇ ਗੁਰੂ ਹਰਗੋਬਿੰਦ ਸਾਹਿਬ ਕੋਲ ਲੈ ਆਂਦਾ ਸੀ । ਇਹ ਘਟਨਾ ਇਸ ਵਿਚ ਰੂਪਮਾਨ ਕੀਤੀ ਗਈ ਹੈ ।

ਚਿੱਤਰ ਵਿਚਲੀਆਂ ਆਕ੍ਰਿਤੀਆਂ - ਗੁਰੂ ਹਰਗੋਬਿੰਦ, ਉਨ੍ਹਾਂ ਦੇ ਪਿਛਾਂਹ ਦਿਖਾਏ ਦੋ ਸੇਵਾਦਾਰ, ਹੱਥ ਜੋੜੀਂ ਖੜ੍ਹਾ ਭਾਈ ਬਿਧੀ ਚੰਦ, ਦੋਵੇਂ ਘੋੜੇ ਅਤੇ ਗੁਰੂ ਜੀ ਦੇ ਹੱਥ 'ਤੇ ਬੈਠਾ ਬਾਜ਼ - ਸਾਰੀਆਂ ਹੀ ਇਕ ਚਸ਼ਮ ਬਣਾਈਆਂ ਹਨ । ਇਸ ਕੰਧ-ਚਿੱਤਰ ਵਿਚ ਗੁਰੂ ਜੀ ਦੇ ਸਿਰ ਨੂੰ ਗੂੜ੍ਹੇ ਰੰਗ ਦੇ ਨੂਰੀ ਘੇਰੇ ਜਾਂ ਜੋਤ-ਚੱਕਰ ਨਾਲ ਪ੍ਰਕਾਸ਼ਮਾਨ ਕੀਤਾ ਗਿਆ ਹੈ ਜਦੋਂ ਕਿ ਪੰਜਾਬ ਦੇ ਬਹੁਤਿਆਂ ਕੰਧ-ਚਿੱਤਰਾਂ ਵਿਚ ਅਜਿਹਾ ਨੂਰੀ ਘੇਰਾ ਅਕਸਰ ਹਲਕੇ ਰੰਗ ਦਾ ਚਿੱਤਰਿਆ ਮਿਲਿਆ ਹੈ ।

ਪੰਜਾਬ ਦਿਆਂ ਕੰਧ-ਚਿੱਤਰਾਂ ਵਿਚ ਚਿੱਤਰਾਂ ਦੀ ਸੇਵਾ ਕਰਾਉਣ ਵਾਲਿਆਂ ਬਾਰੇ ਬਹੁਤ ਘੱਟ ਵੇਰਵੇ ਪ੍ਰਾਪਤ ਹੋਏ ਹਨ ਪਰ ਕਈਆਂ ਥਾਵਾਂ 'ਤੇ ਸੇਵਾ ਕਰਾਉਣ ਵਾਲਿਆਂ ਦੇ ਨਾਂ ਵੀ ਚਿੱਤਰਾਂ ਵਿਚ ਅੰਕਿਤ ਕੀਤੇ ਮਿਲੇ ਹਨ ਜਿਵੇਂ ਕਿ ਇਸ ਚਿੱਤਰ ਵਿਚ : ਟਹਿਲ ਤਿਨਾਂ ਆਲਿਆਂ ਦੇ ਵਿਚ ਮੂਰਤਾਂ ਦੀ ਕਰਾਈ ਹਰੀ ਸਿੰਘ, ਨਿਕੇ ਬਿਲਾਸਾ ਸਿੰਘ ਤੇ ਮਾਈ ਪਿਆਰੀ ਦੇ ਨਾਓਂ ਤੇ ।

ਡਾ. ਕੰਵਰਜੀਤ ਸਿੰਘ ਕੰਗ

### ਸੁਆਸ ਹਾਲੇ ਬਾਕੀ ਹਨ:

ਬਾਬ ਜੁਪਕੇ ਆਪਣੇ ਜ਼ਮਾਨੇ ਦਾ ਬਹੁਤ ਚੰਗਾ ਕੋਚ ਸੀ । ਖਿਡਾਰੀਆਂ ਨੂੰ ਖੇਡ-ਮੈਦਾਨ ਵਿਚ ਭੇਜਣ ਤੋਂ ਪਹਿਲਾਂ ਉਨ੍ਹਾਂ ਨੂੰ ਭਿੰਨ ਭਿੰਨ ਤਰੀਕਿਆਂ ਨਾਲ ਉਤਸ਼ਾਹਿਤ ਕਰਿਆ ਕਰਦਾ ਸੀ । ਇਕ ਵਾਰ ਬਹੁਤ ਹੀ ਤਕੜੀ ਟੀਮ ਨਾਲ ਉਨ੍ਹਾਂ ਦਾ ਮੁਕਾਬਲਾ ਹੋਣਾ ਸੀ । ਬਾਬ ਨੂੰ ਜਿੱਤਣ ਦੇ ਆਸਾਰ ਨਜ਼ਰ ਨਹੀਂ ਸਨ ਆ ਰਹੇ । ਫਿਰ ਵੀ ਉਹ ਆਪਣੇ ਖਿਡਾਰੀਆਂ ਨੂੰ ਇਕੱਠਿਆਂ ਕਰਕੇ ਕਹਿਣ ਲੱਗਾ, "ਵੇਖੋ, ਇਹ ਸੁਪਰੀਮ ਟੈਸਟ ਹੈ ।

ਇਸ ਵਿਚ ਤੁਸੀਂ ਬਹੁਤ ਮਿਹਨਤ ਨਾਲ ਖੇਡਣਾ ਹੈ। ਖੇਡਣ ਵਿਚ ਜੀਵਨ-ਬਾਜ਼ੀ ਤਕ ਲਾ ਦੇਣੀ ਹੈ । ਵਿਚਾਲੇ ਕਿਸੇ ਖਿਡਾਰੀ ਨੂੰ ਵਾਪਸ ਨਹੀਂ ਬੁਲਾਇਆ ਜਾਵੇਗਾ । ਸਮਝੋ ਮਰਨ ਤਕ ਤੁਸੀਂ ਖੇਡਦੇ ਹੀ ਰਹਿਣਾ ਹੈ ।"

ਖੇਡ ਸ਼ੁਰੂ ਹੋਈ । ਬਾਬ ਦੀ ਟੀਮ ਬਹੁਤ ਜੋਸ਼ ਨਾਲ ਚੰਗੀ ਖੇਡ ਦਾ ਪ੍ਰਦਰਸ਼ਨ ਕਰ ਰਹੀ ਸੀ । ਉਦੋਂ ਹੀ ਇਕ ਖਿਡਾਰੀ ਮੈਦਾਨ ਵਿਚ ਬੇਹੋਸ਼ ਡਿੱਗ ਪਿਆ ।

ਬਾਬ ਨੇ ਵਾਧੂ ਖਿਡਾਰੀ ਨੂੰ ਇਸ਼ਾਰਾ ਕਰਦਿਆਂ ਕਿਹਾ, "ਜਾ ਕੇ ਉਸ ਦੀ ਥਾਂ ਲਵੋ । ਉਹ ਖਿਡਾਰੀ ਖੇਡ-ਮੈਦਾਨ ਵਿਚ ਗਿਆ ਤੇ ਜ਼ਮੀਨ 'ਤੇ ਲੇਟੇ ਖਿਡਾਰੀ ਨੂੰ ਚੰਗੀ ਤਰ੍ਹਾਂ ਵੇਖ ਕੇ ਵਾਪਸ ਆ ਗਿਆ ।

"ਕੀ ਹੋਇਆ ?" ਬਾਬ ਚੀਕਿਆ, "ਵਾਪਸ ਕਿਉਂ ਆ ਗਿਆ ਏਂ ?"

"ਹਾਲੇ ਜ਼ਰੂਰੀ ਨਹੀਂ ਹੈ, ਸਰ । ਥੋੜ੍ਹੇ ਜਿਹੇ ਸੁਆਸ ਹਾਲੇ ਬਾਕੀ ਹਨ ।"

★

ਇਕ ਵਿਅਕਤੀ ਉਤੇ ਇਹ ਦੋਸ਼ ਸੀ ਕਿ ਉਸ ਦੀਆਂ ਦੋ ਪਤਨੀਆਂ ਹਨ । ਕਾਫੀ ਲੰਬੀ ਬਹਿਸ ਮਗਰੋਂ ਉਸ ਦਾ ਵਕੀਲ਼ ਇਹ ਸਾਬਤ ਕਰਨ ਵਿਚ ਸਫਲ ਹੋ ਗਿਆ ਕਿ ਉਸ ਦੀ ਇਕ ਪਤਨੀ ਹੀ ਹੈ । ਇਸ 'ਤੇ ਜੱਜ ਨੇ ਉਸ ਵਿਅਕਤੀ ਨੂੰ ਕਿਹਾ: "ਤੈਨੂੰ ਇਸ ਅਪਰਾਧ ਤੋਂ ਮੁਕਤ ਕੀਤਾ ਜਾਂਦਾ ਹੈ । ਹੁਣ ਤੂੰ ਆਪਣੇ ਘਰ ਜਾ ਸਕਦਾ ਹੈ ।"

"ਕਿਹੜੀ ਪਤਨੀ ਦੇ ਘਰ?" ਉਸ ਨੇ ਪੂਰੀ ਜਾਣਕਾਰੀ ਲੈਣ ਲਈ ਪੁੱਛਿਆ ।

-●-


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया

**AIR-INDIA**

**WE'RE YOUR AIRLINE**

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433



ਸ਼ਮਸ਼ੇਰ ਸਿੰਘ ਸੰਧੂ

## ਰਜਨੀ ਕਾਂਤ ਦੀ ਸਥਿਤੀ ਡਾਂਵਾਡੋਲ

ਤਾਮਿਲ ਫਿਲਮਾਂ ਵਿਚ ਸਟਾਰ ਕਹਾਉਣ ਵਾਲੇ ਰਜਨੀ ਕਾਂਤ ਨੇ ਜਦੋਂ ਹਿੰਦੀ ਫਿਲਮਾਂ ਵਿਚ ਪ੍ਰਵੇਸ਼ ਕੀਤਾ ਸੀ ਤਾਂ ਉਸ ਉਪਰ ਬੜੀਆਂ ਆਸਾਂ-ਉਮੀਦਾਂ ਲਗੀਆਂ ਸਨ। ਪਹਿਲੀ ਹਿੰਦੀ ਫਿਲਮ 'ਅੰਧਾ ਕਾਨੂੰਨ' ਜਦੋਂ ਰਿਲੀਜ਼ ਹੋਈ ਤਾਂ ਰਜਨੀ ਕਾਂਤ ਦੇ ਕੰਮ ਦੀ ਸ਼ਲਾਘਾ ਕਾਰਨ ਉਹ ਦੀ ਇਕ ਦਮ ਪੁੱਛਗਿਛ ਵਧ ਗਈ। ਪਰ ਬਾਅਦ ਵਿਚ 'ਅੰਧਾ ਕਾਨੂੰਨ' ਦੀ ਸਫਲਤਾ ਦਾ ਸਾਰਾ ਸਿਹਰਾ ਅਮਿਤਾਭ ਬਚਨ ਦੇ ਸਿਰ ਬੱਝ ਗਿਆ।

ਰਜਨੀ ਕਾਂਤ ਨੂੰ ਦੱਖਣੀ ਫਿਲਮਾਂ ਵਿਚ 'ਐਕਸ਼ਨ ਕਿੰਗ' ਵਜੋਂ ਗਿਣਿਆ ਜਾਂਦਾ ਹੈ। ਬੰਬਈ ਵਿਚ ਵੀ ਉਸ ਨੇ ਆਪਣੇ ਇਸ ਇਮੇਜ ਨੂੰ ਬਰਕਰਾਰ ਰੱਖਣ ਲਈ ਸਿਰਤੋੜ ਯਤਨ ਕੀਤੇ ਪਰ ਬਾਜ਼ੀ ਪੁੱਠੀ ਪੈਂਦੀ ਰਹੀ। 'ਜਾਨ, ਜਾਨੀ, ਜਨਾਰਦਨ' ਵਿਚ ਰਜਨੀ ਕਾਂਤ ਨੂੰ ਤੀਹਰਾ ਰੋਲ ਕਰਨ ਦਾ ਤੇ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਉਣ ਦਾ ਸੁਨਿਹਰੀ ਮੌਕਾ ਮਿਲਿਆ ਪਰ ਉਹ ਨਿਭਾ ਨਾ ਸਕਿਆ। ਗੰਗਵਾ, ਵਫਾਦਾਰ, ਜੀਤ ਹਮਾਰੀ, ਮੇਰੀ ਅਦਾਲਤ ਵੀ ਸਮੇਂ ਸਮੇਂ ਸਿਰ ਰਜਨੀ ਕਾਂਤ ਨਾਲ ਬੇਵਫਾਈ ਕਰ ਗਈਆਂ। 'ਗ੍ਰਿਫਤਾਰ' 'ਚ ਭਾਵੇਂ ਰਜਨੀ ਕਾਂਤ ਦਾ ਰੋਲ ਠੀਕ ਰਹਿ ਗਿਆ ਪਰ ਇਸ ਫਿਲਮ ਵਿਚ ਅਮਿਤਾਭ ਬਚਨ ਤੇ ਕਮਲ ਹਸਨ ਨੇ ਉਸ ਨੂੰ ਵੱਖਰੀ ਪਛਾਣ ਨਾ ਬਨਾਉਣ ਦਿੱਤੀ।

ਭਾਵੇਂ ਅਜੇ ਉਸ ਕੋਲ 5-7 ਹਿੰਦੀ ਫਿਲਮਾਂ ਹੈਨ ਪਰ ਰਜਨੀ ਕਾਂਤ ਬੌਖਲਾ ਗਿਆ ਹੈ ਤੇ ਉਸ ਨੂੰ ਜਾਪਦਾ ਹੈ ਕਿ ਇਕ ਦਿਨ ਬੰਬਈ ਤੋਂ ਬਿਸਤਰਾ ਗੋਲ ਕਰਨਾ ਪਵੇਗਾ। ਪਿਛਲੇ ਡਾਇਰੈਕਟਰਾਂ ਨੂੰ ਬੁਰਾ-ਭਲਾ ਕਹਿੰਦਾ ਹੋਇਆ ਰਜਨੀ ਕਾਂਤ ਕਿਸੇ ਅਜਿਹੇ ਡਾਇਰੈਕਟਰ ਦੀ ਭਾਲ ਵਿਚ ਹੈ ਜੋ ਉਹ ਦੀ 'ਠੀਕ' ਢੰਗ ਨਾਲ ਵਰਤੋਂ ਕਰਕੇ ਦਿਖਾਵੇ।

## ਆਸ਼ਾ ਭੌਂਸਲੇ

ਲਤਾ ਮੰਗੇਸ਼ਕਰ ਦੀ ਛੋਟੀ ਭੈਣ ਆਸ਼ਾ ਭੌਂਸਲੇ ਦੀ ਲੰਡਨ ਰਿਕਾਰਡ ਕੰਪਨੀ ਦੁਆਰਾ ਤਿਆਰ ਕੀਤੀ ਡਿਸਕ ਦੀ ਵਿੱਕਰੀ 4 ਕਰੋੜ ਤੋਂ ਟੱਪ ਗਈ ਹੈ ਜੋ ਕਿ ਆਪਣੇ ਆਪ ਵਿਚ ਇਕ ਰਿਕਾਰਡ ਹੈ। "ਆਵੇ ਮਾਰਿਆ" ਸਿਰਲੇਖ ਹੇਠਲੀ ਇਸ ਡਿਸਕ ਵਿਚ ਆਸ਼ਾ ਭੌਂਸਲੇ ਦੇ ਅੰਗਰੇਜ਼ੀ ਤੇ ਹਿੰਦੀ ਵਿਚ ਗਾਏ ਗੀਤ ਹਨ। ਇੰਗਲੈਂਡ ਦੇ ਸੰਗੀਤ-ਆਲੋਚਕਾਂ ਨੇ ਵੀ ਇਸ ਡਿਸਕ ਦੀ ਸ਼ਲਾਘਾ ਕੀਤੀ ਸੀ ਤੇ ਇੰਡੋ-ਪਾਪ ਸਿੰਗਰਾਂ ਵਿਚੋਂ ਆਸ਼ਾ ਭੌਂਸਲੇ ਨੂੰ ਉਤਮ ਕਰਾਰ ਦਿੱਤਾ ਸੀ। ਉਥੇ ਦੀ "ਇੰਡੋ ਬ੍ਰਿਟਿਸ਼ ਕਲਚਰਲ ਐਸੋਸੀਏਸ਼ਨ" ਨੇ ਪਿਛੇ ਜਿਹੇ ਆਸ਼ਾ ਭੌਂਸਲੇ ਨੂੰ "ਨਾਈਟਿੰਗੇਲ ਆਫ ਏਸ਼ੀਆ" ਦੇ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਸੀ।

## ਫਿਲਮਾਂ ਦੇ ਨਾਂ-ਰੀਸ ਦੀ ਘੜੀਸ

ਫਿਲਮਾਂ ਵਾਲੇ ਆਮ ਲੋਕਾਂ ਨਾਲੋਂ ਵੱਧ ਵਹਿਮੀ ਸਮਝੇ ਜਾਂਦੇ ਹਨ। ਇਕ ਦੂਜੇ ਦੀ ਵਧ ਚੜ੍ਹ ਕੇ ਰੀਸ ਕਰਨ ਦਾ ਵੀ ਫਿਲਮਕਾਰਾਂ 'ਚ ਆਮ ਰਿਵਾਜ਼ ਹੈ। ਬੜੀ ਵਾਰ ਇੰਝ ਹੋਇਆ ਹੈ ਕਿ ਇਕ ਫਿਲਮ ਜਦੋਂ ਚਲ ਨਿਕਲੀ ਤਾਂ ਉਸ ਦੇ ਨਾਂ ਨੂੰ "ਲੱਕੀ" ਮੰਨਦੇ ਹੋਇਆਂ ਹੋਰਨਾਂ ਵਲੋਂ ਆਪਣੀਆਂ ਫਿਲਮਾਂ ਦੇ ਟਾਈਟਲਾਂ ਵਿਚ ਮਿਲਦੇ-ਜੁਲਦੇ ਸ਼ਬਦ ਜੋੜ ਲੈਣੇ ਆਮ ਗੱਲ ਰਹੀ ਹੈ। ਰਾਜ ਕਪੂਰ ਦੀ ਫਿਲਮ "ਰਾਮ ਤੇਰੀ ਗੰਗਾ ਮੈਲੀ" ਦੀ ਅਪਾਰ ਮਹਿਮਾ ਉਪਰੰਤ ਕੁਝ ਨਵੀਆਂ ਫਿਲਮਾਂ ਦੇ ਨਾਂ ਇਸ ਪ੍ਰਕਾਰ ਸੁਣਾਈ ਦੇ ਰਹੇ ਹਨ : ਗੰਗਾ ਕੇ ਦੋ ਲਾਲ, ਗੰਗਾ ਉਲਟੀ ਬਹੇ, ਗੰਗਾ ਜਮਨਾ ਸਰਸਵਤੀ, ਗੰਗਾ ਕਿਨਾਰੇ, ਗੰਗਾ ਦੀ ਬੇਟੀ ਅਤੇ ਗੀਤ ਗੰਗਾ।

ਕੁਝ ਸਾਲ ਪਹਿਲਾਂ ਜਦੋਂ ਪੰਜਾਬੀ ਫਿਲਮ "ਪੁੱਤ ਜੱਟਾਂ ਦੇ" ਚਲ ਨਿਕਲੀ ਤਾਂ ਬਣਨ ਵਾਲੀਆਂ ਕਈ ਪੰਜਾਬੀ ਫਿਲਮਾਂ ਦੇ ਟਾਈਟਲਾਂ 'ਚ "ਜੱਟ" ਸ਼ਬਦ ਦਾ ਪ੍ਰਯੋਗ ਕੀਤਾ ਗਿਆ : ਜੱਟ ਦਾ ਗੰਡਾਸਾ, ਮੌਲਾ ਜੱਟ, ਜੱਟਾਂ ਦੇ ਪੁੱਤ ਸ਼ੇਰ, ਯਾਰੀ ਜੱਟ ਦੀ, ਜੱਟ ਦੀ ਬੜ੍ਹਕ .....।



ਰਜਨੀ ਕਾਂਤ ਉਰਫ ਐਕਸ਼ਨ ਕਿੰਗ ਫਿਲਮ "ਵਫਾਦਾਰ" ਵਿਚ।

ਪਰ ਫਿਲਮਕਾਰ ਅਰਜਨ ਹਿੰਗੋਰਾਨੀ ਦਾ ਕਿੱਸਾ ਹੋਰ ਵੀ ਅਜੀਬ ਹੈ। ਉਸ ਨੂੰ ਕਿਸੇ ਜੋਤਸ਼ੀ ਨੇ ਦੱਸਿਆ ਕਿ ਜੇਕਰ ਆਪਣੀਆਂ ਫਿਲਮਾਂ ਦੇ ਨਾਂ "ਤਿੰਨ ਕੱਕਿਆਂ" ਨਾਲ ਰਖੇਂਗਾ ਤਾਂ ਮੁਰਾਦ ਪੂਰੀ ਹੁੰਦੀ ਰਹੇਗੀ। ਬੀਤੇ ਸਮੇਂ 'ਚ ਹਿੰਗੋਰਾਨੀ ਨੂੰ ਇਹ ਵਹਿਮ ਰਾਸ ਵੀ ਆਉਂਦਾ ਰਿਹਾ ਹੈ। ਉਹ ਦੀ ਨਵੀਂ ਫਿਲਮ "ਕ੍ਰਿਸ਼ਮਾ ਕੁਦਰਤ ਕਾ" ਨਾਂ ਵਿਚ "ਤਿੰਨ ਕੱਕੇ" ਹਨ ਤੇ ਇਕ ਹੋਰ ਵੱਡੇ ਬਜਟ ਦੀ ਫਿਲਮ "ਸਲਤਨਤ" ਨੂੰ ਵੀ ਹਿੰਗੋਰਾਨੀ ਨੇ "ਕਾਰਨਾਮੇ ਕਮਾਲ ਕੇ ਇਨ ਸਲਤਨਤ" ਦੇ ਨਾ ਹੇਠ ਤਿਆਰ ਕੀਤਾ ਹੈ। ਇਸ ਵਹਿਮ ਦਾ ਮਖੌਲ ਉਡਾਉਣ ਵਾਲੇ ਲੋਕ "ਤਿੰਨ ਕੱਕਿਆਂ" ਦੀ ਵਰਤੋਂ ਕਰਦੇ ਹੋਏ ਅਰਜਨ ਹਿੰਗੋਰਾਨੀ ਨੂੰ "ਕੱਚਾ ਕਾਨੋਂ ਕਾ" ਕਹਿਣ ਲਗ ਪਏ ਹਨ।

## 'ਕਲਰਕ' ਅੱਧੀ ਮੁਕੰਮਲ

ਮਨੋਜ ਕੁਮਾਰ ਦੀ ਫਿਲਮ 'ਕਲਰਕ' 50 ਪ੍ਰਤੀਸ਼ਤ ਬਣ ਕੇ ਤਿਆਰ ਹੋ ਗਈ ਹੈ। ਬਹੁਤ ਸਾਰੀ ਇਨਡੋਰ ਸ਼ੂਟਿੰਗ ਤੇਜ਼ੀ ਨਾਲ ਕੀਤੀ ਗਈ ਤੇ ਆਊਟ ਡੋਰ ਦੀਆਂ ਵੀ ਤਿਆਰੀਆਂ ਖਿਚੀਆਂ ਜਾ ਰਹੀਆਂ ਹਨ। ਵੀ. ਆਈ. ਪੀ. ਫਿਲਮਜ਼ ਦੇ ਬੈਨਰ ਹੇਠ ਬਣ ਰਹੀ 'ਕਲਰਕ' ਦੇ ਗਾਣੇ ਕਾਫੀ ਅਰਸਾ ਪਹਿਲਾਂ ਰਿਕਾਰਡ ਕਰ ਲਏ ਸਨ ਤੇ ਚਾਰ ਗਾਣਿਆਂ ਨੂੰ ਫਿਲਮਾਇਆ ਜਾ ਚੁੱਕਾ ਹੈ। ਇਕ ਗਾਣਾ ਫਿਲਮਸਿਟੀ ਵਿਚ ਭਗਵਾਨ ਕ੍ਰਿਸ਼ਨ ਦਾ ਵੱਡਾ ਬੁੱਤ ਬਣਾਂ ਕੇ ਮਨੋਜ ਕੁਮਾਰ ਉਪਰ ਫਿਲਮਾਇਆ ਗਿਆ।

'ਕਲਰਕ' ਦਾ ਸਭੋ ਕੁਝ ਮਨੋਜ ਕੁਮਾਰ ਹੀ ਹੈ ; ਨਿਰਮਾਤਾ, ਨਿਰਦੇਸ਼ਕ, ਸੰਪਾਦਕ। ਫਿਲਮ ਦੇ ਸਿਤਾਰਿਆਂ 'ਚ ਮਨੋਜ ਤੋਂ ਇਲਾਵਾ ਸ਼ਸੀ ਕਪੂਰ, ਰੇਖਾ, ਅਨੀਤਾ ਰਾਜ, ਰਾਜੀਵ ਗੋਸਵਾਮੀ ਤੇ ਪ੍ਰੇਮ ਚੋਪੜਾ ਕੰਮ ਕਰ ਰਹੇ ਹਨ।

ਇਸ ਫਿਲਮ ਦੀ ਖਾਸੀਅਤ ਇਹ ਹੈ ਕਿ ਪਾਕਿਸਤਾਨ ਦੀ ਉਘੀ ਫਿਲਮੀ ਜੋੜੀ ਮੁਹੰਮਦ ਅਲੀ ਤੇ ਜ਼ੇਬਾ ਵੀ ਅਹਿਮ ਰੋਲ ਨਿਭਾ ਰਹੇ ਹਨ। ਮੁਹੰਮਦ ਅਲੀ, ਮਨੋਜ ਦਾ ਵੱਡਾ ਭਰਾ ਬਣਦਾ ਹੈ ਤੇ ਅਪਾਹਜ ਫੌਜੀ। ਜ਼ੇਬਾ ਫਿਲਮ ਵਿਚ ਮਨੋਜ ਦੀ ਭਾਬੀ ਹੈ। ਜਿਵੇਂ ਕਿ ਨਾਂ ਤੋਂ ਜਾਪਦਾ ਹੈ 'ਕਲਰਕ' ਫਿਲਮ ਇਕ ਸਾਧਾਰਨ ਬੰਦੇ ਦੀਆਂ ਨਿਤਾਪ੍ਰਤੀ ਪਰੇਸ਼ਾਨੀਆਂ ਦਾ ਖੁਲਾਸਾ ਪੇਸ਼ ਕਰੇਗੀ।

## ਦੁੰਮ ਛੱਲਾ

ਇਕ ਫਿਲਮ ਐਕਟਰੈਸ ਦੀ ਜਦੋਂ ਪਤੀ ਨਾਲ ਅਣਬਣ ਹੋਈ ਨੂੰ ਕਾਫੀ ਅਰਸਾ-ਬੀਤ ਗਿਆ ਤਾਂ ਉਸ ਨੇ ਤਲਾਕ ਲਈ ਅਰਜ਼ੀ ਦੇ ਦਿ ਤੀ।

ਜੱਜ ਨੇ ਪੁੱਛਿਆ, "ਤਲਾਕ ਲੈਣ ਪਿਛੋਂ ਤੂੰ ਕੀ ਕਰੇਂਗੀ ?"

"ਸ਼ਾਦੀ"। ਐਕਟਰੈਸ ਨੇ ਜਵਾਬ ਦਿਤਾ।

"ਪਰ ਤੂੰ ਚਾਰ ਵਾਰ ਪਹਿਲਾਂ ਵੀ ਤਲਾਕ ਲੈ ਚੁੱਕੀ ਏਂ, ਹੁਣ ਪੰਜਵੀਂ ਵਾਰ ਜੱਜ ਨੇ ਸਵਾਲ ਕੀਤਾ।

"ਜੱਜ ਸਾਹਿਬ, ਪੰਜੇ ਉਂਗਲੀਆਂ ਬਰਾਬਰ ਨਹੀਂ ਹੁੰਦੀਆਂ।" ਐਕਟਰੈਸ ਨੇ ਭਰੋਸੇ ਨਾਲ ਕਿਹਾ।



ਪੰਜਾਬੀ ਫਿਲਮ "ਰਾਂਝਣ ਮੇਰਾ ਯਾਰ" ਵਿਚ ਮੀਨਾ ਰਾਏ ਤੇ ਖੋਸਲਾ। →


JIM PATTISON



PONTIAC - BUICK - CADILLAC and GMC

3434 MAIN ST. VANCOUVER, B.C.

Tel. 879-4233

ਨਵੀਆਂ ਪੌਂਟੀਅਕ ਲਾਇਨ Parlad Gill

ਫਾਇਰਫਲਾਇਰ - ਸੱਨਬਰਸਟ - ਅਕੈਡੀਅਨ - ਟੀ1000 - ਸੱਨਬਰਡ - ਫੀਰਏਰੋ ਫੀਰੋ - ਫਾਇਰਬਰਡ - ਟਰਾਂਜ਼ਐਮ - ਗਰੈਂਡਐਮ - ਪੌਂਟੀਅਕ 6000 - ਬੌਨਾਵਿਲ ਅਤੇ ਪੈਰੀਜ਼ੀਅਨ

—ਬੀਊਕ ਲਾਇਨ

ਸਕਾਈਹਾਕ - ਸਕਾਈਲਾਰਕ - ਸੈਂਚਰੀ - ਰੀਗਲ ਸੋਮਰਸੈਟ - ਰੀਗਲ - ਲੇਸਬਰ - ਈਲੈਕਟਰਾ ਪਾਰਕ ਐਵੇਨੀਊ - ਈਵੀਰਾ

ਕੈਡੂਲਿਕ ਲਾਇਨ

ਡੀਵਿੱਲ - ਫਲੀਟਵੁੱਡ - ਐਲਡਰਡੋ - ਸਵਿੱਲ - ਜੀ ਐਮ ਸੀ - ਪਿੱਕ ਅਪ - ਵੈਨ - ਜ਼ਿਮੀ ਅਤੇ 4x4 ਵੀਲ ਡਰਾਈਵ

ਸਾਡੇ ਕੋਲ ਹੋਰ ਵੀ ਬਹੁਤ ਸਾਰੀਆਂ ਨਵੀਆਂ ਅਤੇ ਪੁਰਾਣੀਆਂ ਕਾਰਾਂ ਹਨ।

ਜੇ ਤੁਸੀਂ Chevorlet, Oldsmobile Or Toyata Line ਦੀਆਂ ਨਵੀਆਂ ਕਾਰਾਂ ਲੈਣੀਆਂ ਹੋਣ ਤਾਂ ਮਿਲੋ ਜਾਂ ਫੋਨ ਕਰੋ :—

ਪਰਲਾਦ ਸਿੰਘ ਗਿੱਲ





Bus. 879 - 4233

Res. 435 - 1834

ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

# ਗੁਲਸ਼ਨ ਨੰਦਾ ਯਾਦ ਰਹੇਗਾ

ਫੇਰ ਇਕ ਵਾਰ ਮੌਤ ਜਿੱਤ ਗਈ ਤੇ ਜ਼ਿੰਦਗੀ ਹਾਰ ਗਈ। 16-17 ਨਵੰਬਰ ਦੀ ਰਾਤ ਨੂੰ ਬੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਜ਼ਿੰਦਗੀ ਤੇ ਮੌਤ ਦੇ ਘੋਲ ਉਪਰੰਤ ਨਾਵਲਕਾਰ ਗੁਲਸ਼ਨ ਨੰਦਾ ਸਦਾ ਲਈ ਤੁਰ ਗਿਆ।

ਹਿੰਦੀ ਫਿਲਮੀ ਹਲਕਿਆਂ ਤੇ ਪਾਪੂਲਰ ਹਿੰਦੀ ਸਾਹਿਤ ਵਿਚ ਗੁਲਸ਼ਨ ਨੰਦਾ ਦਾ ਨਾ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਫਿਲਮੀ ਲੇਖਕਾਂ ਵਿਚ ਤਾਂ ਉਹ ਸਟਾਰ - ਲੇਖਕ ਵਜੋਂ ਜਾਣਿਆ ਜਾਂਦਾ ਰਿਹਾ। ਲੱਖਾਂ ਪਾਠਕ ਉਹਦੇ ਹਰੇਕ ਨਵੇਂ ਨਾਵਲ ਨੂੰ ਅੱਡੀਆਂ ਚੁੱਕ ਕੇ ਉਡੀਕਿਆ ਕਰਦੇ ਸਨ।

ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਦੇ ਸਟਾਲਾਂ ਉਪਰ ਵਿਕਣ ਵਾਲੇ 'ਸਾਹਿਤ'' ਵਿਚ ਗੁਲਸ਼ਨ ਨੰਦਾ ਦੀਆਂ ਕਿਤਾਬਾਂ ਦੀ ਬੜੀ ਪੁੱਛ-ਪ੍ਰਤੀਤ ਅਜੇ ਵੀ ਹੈ।

ਬਹੁਤੇ ਫਿਲਮੀ ਲੇਖਕ, ਫਿਲਮਾਂ ਵਿਚ ਲਿਖਣ ਪਿਛੋਂ ਮਸ਼ਹੂਰ ਹੋਏ ਪਰ ਗੁਲਸ਼ਨ ਨੰਦਾ ਇਸ ਖੇਤਰ ਵਿਚ ਜਾਂਣ ਤੋਂ ਪਹਿਲਾਂ ਹੀ ਬੇਹੱਦ ਚਰਚਿਤ ਹੋ ਚੁੱਕਾ ਸੀ।

1952 ਵਿਚ ਉਹਨੇ ਪਹਿਲਾ ਨਾਵਲ "ਘਾਟ ਕਾ ਪੱਥਰ" ਲਿਖਿਆ। ਨਵੇਂ ਲੇਖਕਾਂ ਵਾਂਗ ਉਹਨੂੰ ਵੀ ਉਦੋਂ ਪ੍ਰਕਾਸ਼ਕ ਨਹੀਂ ਸੀ ਲੱਭਦਾ ਜਿਸ ਕਾਰਨ ਨਾਵਲ ਨੂੰ ਪੱਲਿਓਂ ਪੈਸੇ ਲਾ ਕੇ ਛਪਵਾਇਆ। ਫਿਲਮ ਲਾਈਨ 'ਚ ਨੰਦਾ 1962 ਵਿਚ ਆਇਆ ਜਦੋਂ ਅੰਜਲੀ ਪਿਕਚਰਜ਼ ਬੈਨਰ ਹੇਠ ਉਹਦੀ ਰਚਨਾ 'ਤੇ ਅਧਾਰਤ "ਫੂਲੋਂ ਕੀ ਸੇਜ" ਫਿਲਮ ਬਣੀ। ਦੂਜੀ ਫਿਲਮ ਉਹਨੇ ਲਿਖੀ "ਸ਼ਹਿਨਾਈ" ਜਿਸ ਨੂੰ ਐਸ. ਡੀ. ਨਾਰੰਗ ਨੇ ਬਣਾਇਆ। ਇਸ ਫਿਲਮ ਨੇ 15 ਹਫਤੇ ਦੀ ਕਾਮਯਾਬੀ ਹਾਸਲ ਕੀਤੀ। "ਫੂਲੋਂ ਕੀ ਸੇਜ" ਇਕ ਅਣਛਪੀ ਕਹਾਣੀ ਤੋਂ ਅਤੇ "ਸ਼ਹਿਨਾਈ" ਨੂੰ "ਅੰਧੇਰੇ ਚਿਰਾਗ" ਨਾਵਲ ਤੋਂ ਤਿਆਰ ਕੀਤਾ ਗਿਆ।

ਕਿਸੇ ਸਮੇਂ ਉਘੇ ਫਿਲਮਕਾਰ ਗੁਰੂ ਦੱਤ (ਮਰਹੂਮ) ਨੇ ਨੰਦਾ ਦੀ ਲਿਖਤ ਉਪਰ ਫਿਲਮ ਬਨਾਉਣ ਦੀ ਸੋਚੀ ਸੀ। ਪਰ ਉਸੇ ਲਿਖਤ "ਪੱਥਰ ਕੇ ਹੋਂਠ" ਨੂੰ ਲੈ ਕੇ ਬਾਅਦ ਵਿਚ ਐਲ. ਵੀ. ਪਰਸਾਦ ਨਿਰਮਾਤਾ ਨੇ "ਖਿਲੌਨਾ" ਫਿਲਮ ਬਣਾਈ ਜੋ ਕਿ ਆਪਣੇ ਵੇਲਿਆਂ ਦੀ ਹਿੱਟ ਫਿਲਮ ਅਖਵਾਈ। ਇਸੇ ਤਰ੍ਹਾਂ ਗੁਲਸ਼ਨ ਨੰਦਾ ਦੇ ਨਾਵਲਾਂ ਤੋਂ ਕਜਲ, ਨੀਲ ਕਮਲ, ਪੱਥਰ ਕੇ ਸਨਮ, ਵਾਸਨਾ, ਸਗਾਈ, ਕਟੀ ਪਤੰਗ, ਸ਼ਰਮੀਲੀ, ਦਾਗ, ਜੋਸ਼ੀਲਾ, ਅਨੋਖੀ ਪਹਿਚਾਨ ਤੇ ਜੁਗਨੂੰ ਵਰਗੀਆਂ ਖੂਬਸੂਰਤ ਫਿਲਮਾਂ ਤਿਆਰ ਹੋਈਆਂ।

ਭਾਵੇਂ ਗੁਲਸ਼ਨ ਨੰਦਾ ਨੂੰ ਫਿਲਮੀ ਲੇਖਕ ਵਜੋਂ ਖਾਸ ਇਨਾਮ — ਕਰਾਮ ਨਹੀਂ ਮਿਲੇ ਪਰ ਇਹ ਗੱਲ ਵਰਨਣਯੋਗ ਹੈ ਕਿ ਉਹਦੇ ਉਸਾਰੇ ਇਸਤਰੀ ਪਾਤਰਾਂ ਦੇ ਰੋਲ ਨਿਭਾ ਕੇ ਨਿਰੂਪਾ ਰਾਏ ਨੇ "ਸ਼ਹਿਨਾਈ" 'ਚੋਂ ਮੀਨਾ ਕੁਮਾਰੀ ਤੇ ਪਦਮਨੀ ਨੇ "ਕਾਜਲ" 'ਚੋਂ ਵਹੀਦਾ ਰਹਿਮਾਨ ਨੇ "ਨੀਲ ਕਮਲ" 'ਚੋਂ ਮੁਮਤਾਜ਼ ਨੇ "ਖਿਲੌਨਾ" ਚੋਂ ਆਸ਼ਾ ਪਾਰਿਖ ਨੇ "ਕਟੀ ਪਤੰਗ" 'ਚੋਂ ਇਨਾਮ ਹਾਸਲ ਕੀਤੇ। ਲੇਖਕ ਵਜੋਂ ਕਾਫੀ ਰੁਝੇਵਾਂ ਸੀ।

ਕਈਆਂ ਨੂੰ ਇਹ ਜਾਣ ਕੇ ਸ਼ਾਇਦ ਹੈਰਾਨੀ ਹੋਵੇ ਕਿ ਨੰਦਾ ਦੇ ਨਾਵਲ "ਝੀਲ ਕੇ ਉਸ ਪਾਰ" ਦਾ ਪਹਿਲਾ ਐਡੀਸ਼ਨ ਪੰਜ ਲੱਖ ਕਾਪੀਆਂ ਸੀ। "ਕਟੀ ਪਤੰਗ" ਨਾਵਲ ਦੀ ਵਿਕਰੀ ਛੇ ਲੱਖ ਨੂੰ ਟੱਪ ਚੁੱਕੀ ਹੈ। 19 ਸਾਲ ਦੀ ਉਮਰ ਵਿਚ ਉਹਨੇ ਪਹਿਲੀ ਕਹਾਣੀ "ਇਮਤਿਆਜ਼" ਲਿਖੀ ਤੇ ਜਦੋਂ ਛਪ ਕੇ ਆਈ ਉਹਨੇ ਚਾਅ ਨਾਲ ਰਿਸਾਲੇ ਦੀਆਂ ਦਸ ਕਾਪੀਆਂ ਖਰੀਦੀਆਂ।

ਗੁਲਸ਼ਨ ਨੰਦਾ ਸ਼ਿਲਪੀ — ਕਲਾਕਾਰ ਸੀ। ਤਦੇ ਤਾਂ ਉਹ ਮਨੁੱਖੀ ਜ਼ਿੰਦਗੀ ਦੀਆਂ ਹਾਰਾਂ — ਚੀਸ਼ਾਂ 'ਤੇ ਹੌਕਿਆਂ ਹਾਵਿਆਂ ਨੂੰ ਲੋਟੂ - ਸਮਾਜ ਦੇ ਸੰਦਰਭ ਵਿਚ ਰੁਮਾਂਟਿਕ ਅੰਦਾਜ਼ ਨਾਲ ਪੇਸ਼ ਕਰ ਕੇ ਆਪਣੇ ਅਗਾਂਹਵਧੂ ਲੇਖਕ ਹੋਣ ਦਾ ਸਫਲ ਭਉਲਾ ਪਾ ਦਿੰਦਾ ਸੀ। ਉਹਦੀ ਅਜਿਹੀ ਸ਼ਿਲਪਕਾਰੀ ਦੀ ਇਕ ਮਿਸਾਲ ਫਿਲਮ "ਨਯਾ ਜ਼ਮਾਨਾ" ਸੀ।

● ● ●

ਪੀੜ ਸਾਡੇ ਦਿਲ ਦੀ ਨਾ ਜਾਣੀ ਤੇ ਨਾ ਸਮਝੀ ਕਿਸੇ,
ਕੱਟ ਚੱਲੇ ਹਾਂ ਸਖਤ ਦੋ ਪਹਿਰ ਤੇਰੇ ਸ਼ਹਿਰ ਵਿਚ।


## ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1


# ਗੁਜ਼ਰੇ ਦੌਰ ਦਾ ਮਰਸੀਆ

ਸੀ. ਮਾਰਕੰਡਾ

ਪਿੱਛੇ ਜਿਹੇ ਜੋ ਚੰਦਰੀ
ਇਕ ਵਾਅ ਸੀ ਵਗੀ
ਕੰਮਬਖਤ ਮੇਰੇ ਚਮਨ ਦੇ
ਰੁੱਖਾਂ ਸੰਗ ਖਹਿ ਗਈ।
ਕੁਝ ਪੁਟ ਗਈ, ਪੁਟ ਸੁੱਟ ਗਈ
ਕੁਝ ਕਰ ਗਈ ਮਰੁੰਡ
ਉਸ ਦੀ ਉਜਾੜੂ ਗਾਥਾ ਹੁਣ
ਖੰਡਰਾਂ ਵਿਚ ਰਹਿ ਗਈ।

●

ਰੁੱਖਾਂ 'ਤੇ ਚੰਦਰੀ ਵਾਅ ਦਾ
ਏਦਾਂ ਦਾ ਸੀ ਅਸਰ
ਕਿ ਆਪੋ ਵਿਚ ਹੀ ਭਿੜ ਉਨ੍ਹਾਂ
ਮੱਥੇ ਭੰਨਾ ਲਏ।
ਜੋ ਵੇਖ ਕੇ ਜਿਉਂਦੇ ਸੀ
ਸਾਹਾਂ 'ਚ ਲੈਂਦੇ ਸਾਹ
ਸਦੀਆਂ ਦੀ ਸਾਂਝੀ ਸਾਂਝ ਦੇ
ਰਿਸ਼ਤੇ ਗੁਆ ਲਏ।

●

ਮਾਲੀ ਵਿਚਾਰਾ ਵੇਖ ਇਹ
ਭੈਅ ਭੀਤ ਹੋ ਗਿਆ
ਏਦਾਂ ਹੀ ਮੇਰੇ ਬਾਗ ਦਾ
ਇਹ ਹਸ਼ਰ ਹੋਏਗਾ?
ਲਾਈਆਂ ਪਿਉਂਦਾ ਕੀ ਭਲਾ
ਲਾਉਣਾ ਸੀ ਇਹੀਓ ਰੰਗ?
ਕੀ ਕੇਸੂਆਂ ਦੇ ਫੁੱਲਾਂ 'ਚੋਂ
ਫਿਰ ਰੱਤ ਚੋਏਗਾ?

●

ਆਈਆਂ ਹਵਾਵਾਂ ਤੁਰ ਗਈਆਂ
ਰੁੱਤਾਂ ਨੂੰ ਲੂਹ ਗਈਆਂ
ਪਿੰਡਾਂ ਤੇ ਸ਼ਹਿਰਾਂ ਦੋਹਾਂ ਨੂੰ
ਭੈਅ ਭੀਤ ਕਰ ਗਈਆਂ।
ਜੋ ਪੰਛੀਆਂ ਦੇ ਬੋਲਾਂ ਨੂੰ ਸਨ
ਕਰ ਗਈਆਂ ਖਾਮੋਸ਼
ਫੁੱਲਾਂ ਦੇ ਸੋਹਲ ਸੀਨੇ ਉਹ
ਕੰਡਿਆਂ ਤੇ ਧਰ ਗਈਆਂ।

●

ਵਕਤ ਆਖਰ ਦੌੜਦਾ
ਥਕ ਚੂਰ ਹੋ ਗਿਆ
ਸੁਣ ਮਰਸੀਏ ਉਹ ਸੋਗ ਦੇ
ਸਾਗਰ 'ਚ ਘਿਰ ਗਿਆ।
ਬਦਨਾਮ ਜਿਹਾ ਜੋ ਜ਼ਿਕਰ ਸੀ
ਯਾਦਾਂ 'ਚ ਸੁਲਘਦਾ
ਰੇਤੇ ਦੀ ਮੁੱਠੀ ਵਾਂਗਰਾਂ
ਉਂਗਲਾਂ 'ਚੋਂ ਕਿਰ ਗਿਆ।

●

ਰਸ ਭਿੰਨੀ ਮਹਿਕ ਵੰਡਦੀ ਸੀ
ਜੀਵਨ ਨੂੰ ਇਕ ਨਸ਼ਾ
ਉਹ ਮੌਤ ਦਾ ਸੰਦੇਸ਼ ਹੁਣ
ਬਣ ਕੇ ਨਹੀਂ ਆਏਗੀ।
ਇਹ ਫੁਲ ਜੋ ਫੁਲਾਂ ਤੋਂ ਈ
ਹੋਈ ਨੇ ਜਾ ਰਹੇ ਦੂਰ
ਇਹ ਦੂਰੀ ਆਖਰ
ਸਿਮਟਕੇ ਹੁਣ ਨਿਕਟ ਆਏਗੀ।

●

ਲਹੂਆਂ ਦੇ ਸਾਗਰ ਤਰ ਲਏ
ਲਾਸ਼ਾਂ ਨਾ ਗਿਣ ਸਕੇ।
ਬੁਝਿਆਂ ਚਿਰਾਗਾਂ ਨੂੰ ਰਤਾ
ਆ ਮੁੜ ਜਗਾ ਦਈਏ।
ਇਹ ਦੌਰ ਜੋ ਇਕ ਗੁਜ਼ਰਿਆ
ਤਹਿਜ਼ੀਬ 'ਤੇ ਕਲੰਕ
ਆਓ ਇਹ ਚੰਦਰਾ ਦੌਰ ਹੁਣ
ਕਬਰੀਂ ਦਬਾ ਦਈਏ।

●

## ਗਜ਼ਲ

ਸ਼ਾਮ ਸਿੰਘ

ਖੁਸ਼ਨਸੀਬੀ ਦੋਸਤੋ ਵਿਰਲੇ ਘਰਾਂ 'ਚ ਹੈ।
ਬੰਦਾ ਕਮਾਲ ਉਹੀ ਜੋ ਖੁਸ਼ ਹਰ ਤਰ੍ਹਾਂ 'ਚ ਹੈ।
ਲੱਭੀਏ ਸਕੂਨ ਆਪਾਂ ਜਿਸਮਾਂ ਤੋਂ ਬਾਹਰ ਜਾ ਕੇ,
ਸੁਖ ਤਾਂ ਹਜ਼ੂਰ ਹਾਜ਼ਰ ਮਨ ਦੀ ਸਰਾਂ 'ਚ ਹੈ।
ਸੀ ਭਟਕਿਆ ਜੋ ਰਾਹ ਤੋਂ, ਹੁਣ ਖੁਦ ਤੋਂ ਭਟਕਿਆ,
ਲਟਕਦਾ ਉਲਟਾ ਸਮਾਂ ਉਸ ਦੇ ਦਰਾਂ 'ਚ ਹੈ।
ਉਡਣੇ ਦੀ ਤਾਂਘ ਰਹਿ ਗਈ ਬਸ -ਤਾਂਘ ਉਡਣ ਦੀ,
ਉਹੋ ਉਡਾਣ ਚਾਹਾਂ ਜੋ ਪੰਛੀ-ਪਰਾਂ 'ਚ ਹੈ।
ਸੁਣਿਆ ਹੈ ਕੁਝ ਸਿਤਾਰੇ ਅਜ ਕੱਲ੍ਹ ਫਰਾਰ ਨੇ,
ਓਨਾ ਹੀ ਚਾਨਣਾ ਪਰ ਸਾਡੇ ਗਰਾਂ 'ਚ ਹੈ।

●

ਅਦਾਲਤ ਵਿਚ ਇਕ ਅਪਰਾਧੀ 'ਤੇ ਸਰਕਾਰੀ ਵਕੀਲ ਨੇ ਜਿਰਹ ਕੀਤੀ: "ਤੁਹਾਡੇ ਵਿਰੁਧ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਤੁਹਾਡੀਆਂ ਉਂਗਲੀਆਂ ਦੇ ਨਿਸ਼ਾਨ ਦਰਵਾਜ਼ੇ 'ਤੇ ਸਾਫ ਵਿਖਾਈ ਦਿੰਦੇ ਹਨ।"

"ਪਰ ਜਨਾਬ, ਉਸ ਸਮੇਂ ਤਾਂ ਮੈਂ ਦਸਤਾਨੇ ਪਹਿਨੇ ਹੋਏ ਸਨ," ਅਪਰਾਧੀ ਨੇ ਉੱਤਰ ਦਿਤਾ।

●


## ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
## ਕ੍ਰਿਪਾ ਕਰਕੇ ਸਾਨੂੰ ਜ਼ਰੂਰ ਦੱਸੋ

ਚਿਟ ਨੰਬਰ ________
ਪੁਰਾਣਾ ਪਤਾ ________
________
________
________
ਨਵਾਂ ਪਤਾ ਸਟ੍ਰੀਟ/ਐਵੇਨਿਊ ________
ਟਾਊਨ ________
ਸਟੇਟ ________
ਪੋਸਟਲ ਕੋਡ ________
ਫੋਨ ਨੰਬਰ ________



## ਸਿਖ ਸੁਸਾਇਟੀ ਆਫ ਮੈਨੀਟੋਬਾ ਇੰਕ: ਵਿਨੀਪੈਗ
## ਗ੍ਰੰਥੀ ਦੀ ਲੋੜ

ਸਿਖ ਸੁਸਾਇਟੀ ਆਫ ਮੈਨੀਟੋਬਾ ਇੰਕ: ਵਿਨੀਪੈਗ ਨੂੰ ਗ੍ਰੰਥੀ ਸੱਜਣ ਦੀ ਲੋੜ ਹੈ। ਦਰਖਾਸਤ ਕਰਨ ਵਾਲੇ ਉਮੀਦਵਾਰ ਲਈ ਹੇਠ ਲਿਖੀਆਂ ਯੋਗਤਾਵਾਂ ਦਾ ਹੋਣਾ ਜ਼ਰੂਰੀ ਹੈ।

- ਅਰਜ਼ੀ ਦੇਣ ਵਾਲਾ ਅੰਮ੍ਰਿਤਧਾਰੀ ਸਿਖ ਹੋਵੇ ਅਤੇ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਜਾਂ ਪਟਿਆਲਾ ਦਾ ਸਨਾਤਕ (ਗਰੈਜੂਏਟ ਹੋਵੇ।
- ਗੁਰਬਾਣੀ ਅਤੇ ਕੀਰਤਨ ਵਿਚ ਨਿਪੁੰਨ ਹੋਵੇ।
- ਸਿਖ ਇਤਿਹਾਸ ਅਤੇ ਸਿਖ ਧਰਮ ਵਾਰੇ ਪੰਜਾਬੀ ਅਤੇ ਇੰਗਲਿਸ਼ ਵਿਚ ਸੰਗਤਾਂ ਵਿਚ ਪ੍ਰਚਾਰ ਕਰਨ ਦੀ ਸਮਰਥਾ ਰਖਦਾ ਹੋਵੇ।
- ਬੱਚਿਆਂ ਨੂੰ ਪੰਜਾਬੀ ਪੜ੍ਹਾ ਸਕੇ।
- ਗੁਰਦੁਆਰੇ ਦਾ ਪ੍ਰਬੰਧ ਅਤੇ ਕੰਮ ਚਲਾਉਣ ਦੇ ਯੋਗ ਹੋਵੇ।

ਗੁਰਦੁਆਰਾ ਸਾਹਿਬ ਵਿਚ ਰਹਿਣ ਲਈ ਜਗ੍ਹਾ ਮਿਲੇਗੀ। ਤਨਖਾਹ ਆਪਸੀ ਗਲਬਾਤ ਕਰਕੇ ਮਿਥੀ ਜਾਵੇਗੀ।

ਅਰਜ਼ੀ ਲਿਖਤੀ ਰੂਪ ਵਿਚ, ਰੈਫਰੈਂਸ ਨਾਲ ਦੇਵੋ।

ਪਰਤਾਪ ਸਿੰਘ ਫੰਗੂੜਾ
ਪ੍ਰਧਾਨ ਸਿਖ ਸੁਸਾਇਟੀ ਆਫ ਮੈਨੀਟੋਬਾ ਇੰਕ:
1244 MOLLARD RD.
WINNIPEG, MAN. R3C 2E8


●

ਅਪਰਾਧੀ: (ਜੱਜ ਨੂੰ): "ਕੀ ਕਹਿ ਰਹੇ ਹੋ, 15 ਵਰ੍ਹੇ ਜੇਲ੍ਹ। ਜੇ ਇੰਨੇ ਵਰ੍ਹੇ ਮੈਂ ਜੀਉਂਦਾ ਨਾ ਰਿਹਾ ਤਾਂ?"

ਜੱਜ: "ਜੇ ਤੂੰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਾਰੀ ਉਮਰ ਜੇਲ੍ਹ ਵਿਚ ਰਹਿਣਾ ਪਵੇਗਾ।" ●

ਗਵਾਹ ਜਦੋਂ ਸੱਚ ਬੋਲਣ ਦੀ ਕਸਮ ਖਾ ਚੁਕਿਆ ਤਾਂ ਜੱਜ ਨੇ ਉਸ ਤੋਂ ਪੁੱਛਿਆ," ਇਸ ਕਸਮ ਦਾ ਮਤਲਬ ਤੂੰ ਜਾਣਦਾ ਹੈ ਨਾ?"

"ਜੀ ਹਾਂ,ਹਜ਼ੂਰ," ਗਵਾਹ ਦ੍ਰਿੜ੍ਹਤਾ ਨਾਲ ਬੋਲਿਆ, "ਇਸ ਦਾ ਮਤਲਬ ਹੈ ਕਿ ਭਾਵੇਂ ਮੈਂ ਝੂਠ ਬੋਲਾਂ ਜਾਂ ਸੱਚ, ਅਖੀਰ ਤਕ ਉਸ 'ਤੇ ਡਟਿਆ ਰਹਾਂ।" ●


## ਭਾਰਤ ਜਾਣ ਦੀ ਤਿਆਰੀ ਹੈ?
## East West Travel Ltd.

### ਹਵਾਈ ਟਿਕਟਾਂ



ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।

Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ
Ph.(403)235-3661

5320 - 8th AVE. S.E. CALGARY, ALTA T2A 4L7



# FOGG MOTORS

60 - 10th Street, New Westminster

ਸਾਡੇ ਕੋਲੋਂ ਬਹੁਤ ਸਾਰੀਆਂ ਪੁਰਾਣੀਆਂ ਕਾਰਾਂ, ਪਿੱਕ ਅਪ ਤੇ ਵੈਨਾਂ ਬੜੀ ਸਸਤੀ ਕੀਮਤ ਤੇ ਮਿਲ ਸਕਦੀਆਂ ਹਨ

ਚੰਗੀਆਂ ਕਾਰਾਂ, ਵੈਨਾਂ ਤੇ ਪਿੱਕ ਅਪ(ਨਵੀਆਂ ਜਾਂ ਪੁਰਾਣੀਆਂ) ਖ੍ਰੀਦਣ ਵਾਸਤੇ ਆਪਣੀ ਕਮਿਊਨਿਟੀ ਦੇ ਜਾਣੇ ਪਛਾਣੇ ਭਰੋਸੇਯੋਗ ਸੇਲਜ਼ਮੈਨ ਨੂੰ ਸਦਾ ਯਾਦ ਰੱਖੋ। GMC Chrysler ਜਾਂ Ford ਦੀ ਕਾਰ ਲੈਣੀ ਹੋਵੇ ਤਾਂ ਵੀ ਸੁਖਜਿੰਦਰ ਸਿੰਘ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਸਲਾਹ ਦੇ ਕੇ ਫਖਰ ਮਹਿਸੂਸ ਕਰਦੇ ਹਨ। ਕਾਰਾਂ ਸਸਤੇ ਰੇਟ ਤੇ ਅਸਾਨ ਕਿਸ਼ਤਾਂ ਵੀ ਮਿਲ ਸਕਦੀਆਂ ਹਨ।

ਅਸੀਂ ਹਰ ਐਤਵਾਰ 11 ਵਜੇ
ਸਵੇਰ ਤੋਂ ਲੈ ਕੇ
4 ਵਜੇ ਸ਼ਾਮ ਤੱਕ ਖੁਲ੍ਹੇ ਰਹਿੰਦੇ ਹਾਂ।

ਇਕ ਵਾਰ ਜ਼ਰੂਰ ਦਰਸ਼ਨ ਦਿਓ



Sukhjinder Bath (Sukhi)
Bus: 522-2821 Res: 594-7712

# ਸਾਊਥ ਅਫਰੀਕਨ ਗੋਰੇ ਫੌਜੀ ਨੇ ਹੋਰ ਜ਼ੁਲਮ ਕਰਨੋਂ ਤੋਬਾ ਕੀਤੀ

ਸਾਊਥ ਅਫਰੀਕਾ ਦਾ ਇਕ ਗੋਰਾ ਫੌਜੀ ਜੋ ਉਥੋਂ ਭਗੌੜਾ ਹੋ ਕੇ ਇਥੇ ਅਮਰੀਕਾ ਦੇ ਇਕ ਸ਼ਹਿਰ ਲਾਂਸ ਏਂਜਲਸ ਵਿਚ ਆ ਗਿਆ ਹੈ, ਦੇ ਅਨੁਸਾਰ ਉਹ ਸਾਊਥ ਅਫਰੀਕਾ ਫੌਜ ਵਿਚ ਬਖਤਰਬੰਦ ਗਡੀਆਂ ਦੇ ਦਸਤੇ ਵਿਚ ਸੀ। ਇਸ ਗੋਰੇ ਦਾ ਨਾ ਬਰਨਾਰਡ ਬਟਲਰ ਸਮਿਥ ਹੈ। ਉਸ ਦੁਆਰਾ ਕੀਤੇ ਕਾਲੇ ਲੋਕਾਂ ਦੇ ਕਤਲ, ਬਖਤਰਬੰਦ ਗੱਡੀਆਂ ਨੂੰ ਝੌਂਪੜੀਆਂ ਉਤੇ ਚਾੜ੍ਹ ਦੇਣਾ ਜਿਹਨਾਂ ਵਿਚ ਕਿ ਹਜ਼ਾਰਾਂ ਕਾਲੇ ਪਰਿਵਾਰ ਰਹਿੰਦੇ ਹਨ ਤੇ ਗੋਰੇ ਸਿਪਾਹੀਆਂ ਤੋਂ ਡਰ ਕੇ ਇਹਨਾਂ ਵਿਚ ਆ ਲੁਕਦੇ ਅਤੇ ਜਦੋਂ ਉਹ ਆਪਣੀ ਆਰਮਰਡ ਕਾਰ ਇਹਨਾ ਝੌਂਪੜੇ ਤੋਂ ਚਾੜ੍ਹਦਾ ਤਾਂ ਲੋਕਾਂ ਦੀਆਂ ਚੀਖਾਂ ਜਾਂ ਉਹਨਾਂ ਦਾ ਕਾਰ ਥੱਲੇ ਆ ਕੇ ਕੁਚਲਿਆ ਜਾਣਾ, ਜਦੋਂ ਮੈਂ ਅਜ ਵੀ ਯਾਦ ਕਰਦਾ ਹਾਂ ਤਾਂ ਕੰਬ ਜਾਂਦਾ ਹਾਂ। ਜਦੋਂ 18 ਟਨ ਭਾਰੀ ਇਹ ਕੈਰੀਅਰ ਕਾਲੇ ਲੋਕਾਂ ਨੂੰ ਦਰਖਤਾਂ ਵਿਚ ਚੂੱਕ ਕੇ ਮਾਰਦੀ ਅਤੇ ਉਸਦੇ ਚਿੱਟੇ ਸਾਥੀਆਂ ਦੇ ਹਾਸੇ ਜੋ ਇਹ ਘਿਨੌਣਾ ਕਤਲੇਆਮ ਕਰਦੇ ਹੱਸਦੇ। ਹੁਣ ਉਸਨੇ ਇਹ ਫੈਸਲਾ ਕੀਤਾ ਹੈ ਕਿ ਉਹ ਇਹ ਘਿਨੌਣਾ ਕੰਮ ਫਿਰ ਕਦੇ ਨਹੀਂ ਕਰੇਗਾ।

# ਹਾਇਡਾ ਇੰਡੀਅਨਾਂ ਅਤੇ ਬੀ. ਸੀ. ਸਰਕਾਰ ਵਿਚ ਗਲਬਾਤ

ਫੈਡਰਲ ਮਨਿਸਟਰ ਡੇਵਿਡ ਕਰਾਂਬੀ ਦੇ ਯਤਨਾਂ ਸਦਕਾ ਬੀ. ਸੀ. ਸਰਕਾਰ ਲਾਇਲ ਆਈਲੈਂਡ ਦੇ ਮਸਲੇ ਬਾਰੇ ਹਾਇਡਾ ਇੰਡੀਅਨਾਂ ਨਾਲ ਗਲਬਾਤ ਕਰ ਰਹੀ ਹੈ। ਹਾਇਡਾ ਚੀਫ ਮਾਈਲਡ ਰਿਚਰਡਸਨ ਅਤੇ ਬੀ. ਸੀ. ਦਾ ਅਟਾਰਨੀ ਬਰਾਇਨ ਸਮਿਥ ਆਪਸ ਵਿਚ ਗਲਬਾਤ ਕਰ ਰਹੇ ਹਨ। ਯਾਦ ਰਹੇ ਕਿ ਪਿਛਲੇ ਦਿਨੀਂ ਹਾਇਡਾ ਕਬੀਲੇ ਦੇ ਕੁਝ ਲੋਕਾਂ ਨੂੰ ਅਦਾਲਤ ਦੇ ਹੁਕਮ ਵਿਰੁਧ ਵਿਖਾਵਾ ਕਰਨ ਕਰਕੇ ਅਤੇ ਲਾਗਿੰਗ ਕਰਨ ਵਾਲਿਆਂ ਨੂੰ ਰੋਕਣ ਕਾਰਨ ਸਜਾਵਾਂ ਹੋਈਆਂ ਹਨ। ਆਮ ਲੋਕਾਂ ਅਨੁਸਾਰ ਬੀ. ਸੀ. ਸਰਕਾਰ ਨੂੰ ਗਲਬਾਤ ਰਾਹੀਂ ਮਸਲਾ ਹਲ ਕਰਨਾ ਚਾਹੀਦਾ ਬਜਾਏ ਕੋਰਟ ਜਾਣ ਦੇ। ਅਜ ਗਲਬਾਤ ਵਿਚ ਇਹ ਫੈਸਲਾ ਲਿਆ ਗਿਆ ਕਿ ਬੀ. ਸੀ. ਦਾ ਅਟਾਰਨੀ ਕੈਬੀਨਟ ਨੂੰ ਸਲਾਹ ਦੇਵੇਗਾ ਕਿ ਉਹ (ਸਰਕਾਰ) ਕੁਝ ਚਿਰ ਲਈ ਲਾਗਿੰਗ ਰੋਕ ਦੇਵੇ ਜਦੋਂ ਤਕ ਕਿ ਦੋਨੋਂ ਪਾਰਟੀਆਂ ਗਲਬਾਤ ਕਰਦੀਆਂ ਹਨ।

# ਅਤਿਵਾਦ ਦੇ ਵਿਰੁਧ ਡਟਣ ਦੀ ਸਲਾਹ

ਗੁਰਦਾਸਪੁਰ — ਡਿਪਟੀ ਸਪੀਕਰ ਸ: ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਸਾਰੇ ਇਕੱਠੇ ਹੋ ਕੇ ਅਤਿਵਾਦ ਦਾ ਟਾਕਰਾ ਕਰਨਾ ਚਾਹੀਦਾ ਹੈ ਅਤੇ ਸਰਕਾਰ ਦੇ ਹੱਥ ਮਜ਼ਬੂਤ ਕਰਨੇ ਚਾਹੀਦੇ ਹਨ। ਉਹ ਇਥੇ ਅਕਾਲੀ ਵਰਕਰਾਂ ਦੇ ਇਕ ਇਕੱਠ ਨੂੰ ਸੰਬੋਧਲ ਕਰ ਰਹੇ ਸਨ। ਸ੍ਰੀ ਕਾਹਲੋਂ ਨੇ ਗਿਆਨੀ ਸਾਹਿਬ ਸਿੰਘ ’ਤੇ ਹੋਏ ਕਾਤਲਾਨਾ ਹਮਲੇ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਅਕਾਲੀ ਸਰਕਾਰ ਜੇਲ੍ਹਾਂ ਵਿਚ ਬੰਦ ਨੌਜੁਆਨਾਂ ਦੀ ਰਿਹਾਈ ਕਰਵਾਉਣ ਅਤੇ ਫੌਜੀ ਭਗੌੜਿਆਂ ਨੂੰ ਮੁੜ ਕੇ ਸਥਾਪਤ ਕਰਨ ਲਈ ਪਹਿਲ ਦੇ ਅਧਾਰ ’ਤੇ ਕੰਮ ਕਰ ਰਹੀ ਹੈ। ਡਿਪਟੀ ਸਪੀਕਰ ਨੇ ਦੱਸਿਆ ਕਿ ਸਾਡੀ ਸਰਕਾਰ ਫੋਕਲ ਪੁਆਇੰਟ ਬਣਾਉਣ, ਮਾਡਲ ਸਕੂਲ ਖੋਲ੍ਹਣ ਅਤੇ ਨਵੇਂ ਹਸਪਤਾਲ ਖੋਲ੍ਹਣ ਲਈ ਮੁੜ ਤੋਂ ਕੰਮ ਸ਼ੁਰੂ ਕਰ ਰਹੀ ਹੈ।

# ਕੈਨੇਡਾ ਅਤੇ ਅਮਰੀਕਾ ਵਿਚਕਾਰ ਖੁਲ੍ਹਾ ਵਪਾਰ ਛੇਤੀ

ਵਾਸ਼ਿੰਗਟਨ — ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਬਰਾਇਨ ਮਲਰੂਨੀ ਵਲੋਂ ਪਿਛਲੇ ਸਾਲ ਦੇ ਯਤਨਾਂ ਦੇ ਸਿੱਟੇ ਵਜੋਂ ਦੋਹਾਂ ਮੁਲਕਾਂ ਵਿਚਕਾਰ ਖੁਲ੍ਹਾ ਵਪਾਰ ਛੇਤੀ ਹੀ ਸ਼ੁਰੂ ਹੋਣ ਦੀ ਆਸ ਹੈ। ਪਿਛਲੇ ਦਿਨੀਂ ਸੂਬਿਆਂ ਦੇ ਪ੍ਰੀਮੀਅਰਾਂ ਨਾਲ ਪ੍ਰਧਾਨ ਮੰਤਰੀ ਨੇ ਇਸ ਵਿਸ਼ੇ ਉਪਰ ਗਲਬਾਤ ਕੀਤੀ ਸੀ। ਕੁਝ ਪ੍ਰੀਮੀਅਰ ਇਸ ਦੇ ਵਿਰੁੱਧ ਸਨ, ਪ੍ਰੰਤੂ ਕੁਝ ਇਸ ਦੇ ਹੱਕ ਵਿਚ ਸਨ। ਬੀ. ਸੀ. ਦੇ ਪ੍ਰੀਮੀਅਰ ਬਿਲ ਬੇਨਿਟ ਚਾਹੁੰਦੇ ਸਨ ਕਿ ਖੁਲ੍ਹਾ ਵਪਾਰ ਛੇਤੀ ਸ਼ੁਰੂ ਹੋ ਜਾਵੇ। ਉਨ੍ਹਾਂ ਨੂੰ ਆਸ ਹੈ ਕਿ ਇਸ ਤਰ੍ਹਾਂ ਬੀ. ਸੀ. ਦੀਆਂ ਲੱਕੜੀ ਮਿੱਲਾਂ ਵਿਚ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਜਾਵੇਗਾ।

ਅਮਰੀਕਾ ਵਿਚ, ਅਮਰੀਕਨ ਲੱਕੜ-ਮਿਲਾਂ ਦੇ ਮਾਲਕਾਂ ਦੀ ਕੌਂਸਲ ਦੇ ਨੁਮਾਇੰਦਿਆਂ ਨੇ ਪ੍ਰਧਾਨ ਰੇਗਨ ਉਪਰ ਜ਼ੋਰ ਪਾਇਆ ਹੈ ਕਿ ਖੁਲ੍ਹਾ ਵਪਾਰ ਕਰਨ ਤੋਂ ਪਹਿਲਾਂ ਲੱਕੜ-ਮਿਲਾਂ ਸਬੰਧੀ ਫੈਸਲਾ ਲੈ ਲੈਣਾ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਕੈਨੇਡਾ ਦੀਆਂ ਲੱਕੜੀ ਮਿਲਾਂ ਦਾ ਸਸਤਾ ਲੰਬਰ ਅਮਰੀਕਾ ਦੀਆਂ ਲੱਕੜ-ਮਿਲਾਂ ਦੇ ਲਈ ਮਾਰੂ ਸਿੱਧ ਹੋਵੇਗਾ।

• •

(ਪੰਨਾ 1 ਦੀ ਬਾਕੀ

ਮੈਕਾਰਥੀ ਦੇ ਕਹਿਣ ਅਨੁਸਾਰ ਇਕ ਦਿਨ ਇਸ ਟਰੇਨ ਦਾ ਟਰੈਕ ਹੋਪ ਸ਼ਹਿਰ ਤੱਕ ਜਾਵੇਗਾ ਹਾਈਵੇ ਨੰ: 1 ਦੇ ਨਾਲ ਨਾਲ। ਇਹ ਸਿਰਫ ਸਾਢੇ ਤੇਰਾਂ ਮੀਲ ਲੰਬਾ ਫਾਸਲਾ ਤੈਅ ਕਰੇਗੀ ਤੇ ਡਾਊਨ ਟਾਊਨ ਸੀਬਸ ਟਰਮੀਨਲ ਤੋਂ ਚਲਕੇ ਨਿਊਵੈਸਟਮਨਿਸਟਰ 27 ਮਿੰਟਾਂ ਵਿਚ ਪੁਜੇਗੀ। ਭਾਵੇਂ ਇਹ ਬਹੁਤੇ ਲੋਕਾਂ ਲਈ ਲਾਹੇਵੰਦ ਨਾ ਹੋਵੇ ਪਰ ਡਾਊਨ ਟਾਊਨ ਫੂਡ ਬੈਂਕ ਦੀ ਲਾਈਨ ਨੂੰ ਇਹ ਹੋਰ ਲੰਬਾ ਕਰੇਗੀ।

ਸਕਾਈ ਟਰੇਨ ਉਪਰ ਅੱਜ 11 ਦਸੰਬਰ ਨੂੰ ਦੁਪਹਿਰ ਤੋਂ ਰਾਤ ਦੇ ਸਾਢੇ ਨੌਂ ਵਜੇ ਤੱਕ ਮੁਫਤ ਰਾਈਡ ਸੀ ਜੋ ਕਿ 12-13-14 ਦਸੰਬਰ ਅਤੇ 20-21-27 ਅਤੇ 28 ਦਸੰਬਰ ਨੂੰ ਵੀ ਮੁਫਤ ਹੋਵੇਗੀ।

# ‘ਤਾਰਾ ਯੁੱਧ’ ਲਈ ਅਮਰੀਕਾ ਦਾ ਇੰਗਲੈਂਡ ਭਾਗੀਦਾਰ ਬਣਿਆ

ਅਮਰੀਕੀ ਪ੍ਰਧਾਨ ਰੀਗਨ ਜਿਸਨੂੰ ਕਾਫੀ ਸਮੇਂ ਤੋਂ ਪੁਲਾੜ ਵਿਚ ਮਿਸਲਾਂ ਬੀੜਨ ਦਾ ਭੂਤ ਸਵਾਰ ਹੋਇਆ ਸੀ ਨੂੰ ਹੁਣ ਇਕ ਹੋਰ ਸਾਥੀ ਮਿਲ ਗਿਆ। ਇੰਗਲੈਂਡ ਜੋ ਕਾਫੀ ਸਮੇਂ ਤੋਂ ਇਸ ਵਿਚ ਸ਼ਾਮਲ ਹੋਣ ਲਈ ਤਾਂਘ ਰਿਹਾ ਸੀ ਆਖਰ ਉਸਨੇ ਇਸ ਵਿਚ ਸਹਿਯੋਗ ਲਈ ਦਸਖਤ ਕਰ ਦਿਤੇ। ਅਮਰੀਕਾ ਜੋ ਹੁਣ ਤਕ ਕਲਾ ਹੀ ਇਸਦੀ ਵਕਾਲਤ ਕਰਦਾ ਸੀ ਅਤੇ ਇਸ ਨੂੰ ਨਾਟੋ ਗੁਟ ਦੇ ਬਾਕੀ ਦੇਸ਼ਾਂ ਵਲੋਂ ਕੋਈ ਚੰਗਾ ਹੁੰਗਾਰਾ ਨਹੀਂ ਸੀ ਮਿਲ ਰਿਹਾ। ਹੁਣ ਜਦੋਂ ਇੰਗਲੈਂਡ ਨੇ ਦਸਖਤ ਕਰ ਦਿਤੇ ਹਨ ਤਾਂ ਪੱਛਮੀ ਜਰਮਨੀ ਵਿਚ ਇਸ ਵਿਚ ਸ਼ਾਮਲ ਹੋਣ ਲਈ ਤਾਂਘ ਰਹੀ ਹੈ ਇਹ ਮੌਤ ਦੇ ਵਣਜਾਰੇ ਫਿਰ ਸਿਰ ਚੁਕਣ ਲਗ ਪਏ ਹਨ ਜਦੋਂ ਕਿ ਸੰਸਾਰ ਵਿਚ ਪਹਿਲਾਂ ਹੀ ਐਨੇ ਪ੍ਰਮਾਣੂ ਹਥਿਆਰ ਹਨ ਕਿ ਇਕ ਵਾਰ ਨਹੀਂ ਬਲਕਿ ਬਾਰਾਂ ਵਾਰ ਇਸ ਨੂੰ ਇਹਨਾਂ ਹਥਿਆਰਾਂ ਨਾਲ ਤਬਾਹ ਕਰ ਸਕਦੇ ਹਨ

# ਜਪਾਨ ਅਤੇ ਭਾਰਤ ਵਿਚਕਾਰ ਵਿਗਿਆਨਕ ਸਹਿਯੋਗ ਬਾਰੇ ਸਮਝੌਤਾ

ਟੋਕੀਓ — ਜਪਾਨ, ਭਾਰਤ ਨੂੰ ਇਸਪਾਤ ਦੀ ਸਨਅਤ ਦੇ ਵਿਕਾਸ ਲਈ ਤਕਨੀਕੀ ਸਹਾਇਤਾ ਦੇਣ ਦੇ ਨਾਲ ਨਾਲ ਮਾਲੀ ਸਹਾਇਤਾ ਦੇਣ ਲਈ ਵੀ ਸਹਿਮਤ ਹੋ ਗਿਆ ਹੈ। ਜਪਾਨ ਵਲੋਂ ਭਾਰਤੀ ਕੱਪੜਾ ਸਨਅਤ ਅਤੇ ਰੇਲਵੇ ਦੇ ਆਧੁਨਿਕੀਕਰਨ ਲਈ ਵੀ ਸਹਾਇਤਾ ਦਿਤੀ ਜਾਵੇਗੀ।

ਭਾਰਤ ਨੂੰ ਜਪਾਨੀ ਤਕਨੀਕੀ ਦੇਣ ਦੇ ਸਬੰਧ ਵਿਚ ਇਥੇ ਹੋਏ ਸਮਝੌਤੇ ਉਤੇ ਭਾਰਤੀ ਵਿਦੇਸ਼ ਮੰਤਰੀ ਸ੍ਰੀ ਬਲੀਰਾਮ ਭਗਤ ਅਤੇ ਜਪਾਨ ਦੇ ਵਿਦੇਸ਼ ਮੰਤਰੀ ਸ੍ਰੀ ਸ਼ਿਨਤਾਰੋ ਵਲੋਂ ਦਸਖਤ ਕੀਤੇ ਗਏ। ਇਸ ਸਮਝੌਤੇ ਹੇਠ ਜਪਾਨ ਵਲੋਂ ਭਾਰਤ ਨੂੰ ਕੰਪਿਊਟਰਾਂ ਅਤੇ ਹੋਰ ਸਨਅਤਾਂ ਵਿਚ ਜਪਾਨੀ ਤਰੀਕੇ ਮੁਹੱਈਆ ਕਰਾਈ ਜਾਵੇਗੀ। ਇਸ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਇਕ ਸਾਂਝੀ ਕਮੇਟੀ ਕਾਇਮ ਕੀਤੀ ਜਾਵੇਗੀ ਜੋ ਸਾਇੰਸੀ ਅਤੇ ਤਕਨੀਤੀ ਖੇਤਰਾਂ ਵਿਚ ਸਹਿਯੋਗ ਕੀਤੇ ਜਾਂਣ ਦੀਆਂ ਸੰਭਾਵਨਾਵਾਂ ਦਾ ਪਤਾ ਲਾਵੇਗੀ। ਇਸ ਕਮੇਟੀ ਦੀਆਂ ਮੀਟਿੰਗਾਂ ਵਾਰੀ ਵਾਰੀ ਹਿੰਦ ਤੇ ਜਪਾਨ ਵਿਚ ਹੋਣਗੀਆਂ।

ਭਾਰਤੀ ਪ੍ਰਧਾਨ ਮੰਤਰੀ ਨੇ ਇਸ ਸਮਝੌਤੇ ਨੂੰ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਨਵੇਂ ਯੁਗ ਦੀ ਸ਼ੁਰੂਆਤ ਕਰਾਰ ਦਿਤਾ ਅਤੇ ਕਿਹਾ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦਾ ਖੇਤਰ ਬਹੁਤ ਵਿਸ਼ਾਲ ਹੋ ਜਾਵੇਗਾ। ਦੋਵੇਂ ਦੇਸ਼ ਇਸ ਗੱਲ ਲਈ ਵੀ ਸਹਿਮਤ ਹੋ ਗਏ ਹਨ ਕਿ ਚੰਗੇਰੀ ਸੂਝਬੂਝ ਲਈ ਸਭਿਆਚਾਰਕ ਸਾਂਝ ਵੀ ਵਧਾਈ ਜਾਣੀ ਚਾਹੀਦੀ ਹੈ।

ਦੋਵਾਂ ਦੇਸ਼ਾਂ ਦੇ ਬੁੱਧੀਜੀਵੀਆਂ ਦਾ ਇਕ ਸੈਮੀਨਾਰ ਅਗਲੇ ਸਾਲ ਮਾਰਚ ਵਿਚ ਨਵੀਂ ਦਿੱਲੀ ਵਿਚ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿਚ ਆਪਸੀ ਮਸਲਿਆਂ ਦੇ ਨਾਲ ਨਾਲ ਅੰਤਰਰਾਸ਼ਟਰੀ ਮਸਲੇ ਵੀ ਵਿਚਾਰੇ ਜਾਣਗੇ। ਅਸਾਮ ਗੈਸ ਟਰਬਾਈਨ ਲਈ ਦਿਤੇ ਗਏ ਕਰਜ਼ੇ ਤੋਂ ਪਿਛੋਂ ਇਹ ਸਮਝੌਤਾ ਹੋਣ ਨਾਲ ਸਪਸ਼ਟ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਜਪਾਨੀ ਪ੍ਰਧਾਨ ਮੰਤਰੀ ਸ੍ਰੀ ਨਾਕਾਸੋਨੇ ਨਾਲ ਚੰਗੇ ਸਬੰਧ ਕਾਇਮ ਹੋ ਗਏ ਹਨ।

ਜਪਾਨੀ ਪਾਰਲੀਮੈਂਟ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਜਪਾਨ ਨੂੰ ਸੱਦਾ ਦਿਤਾ ਕਿ ਉਹ ਭਾਰਤ ਦੇ ਮੋਢੇ ਨਾਲ ਮੋਢਾ ਮਿਲਾ ਕੇ ਚਲੇ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਅਤੇ ਸਹਿਯੋਗ ਕੇਵਲ ਉਨ੍ਹਾਂ ਲਈ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਲਈ ਲਾਹੇਵੰਦ ਹੋਵੇਗਾ। ਉਨ੍ਹਾਂ ਕਿਹਾ ਕਿ ਅਸੀਂ ਜਪਾਨ ਦੇ ਉਸ ਵਿਚਾਰ ਨਾਲ ਸਹਿਮਤ ਹਾਂ ਕਿ ਇਸ ਦੁਨੀਆਂ ਨੂੰ ਪ੍ਰਮਾਣੂੰ ਤਬਾਹੀ ਤੋਂ ਹਰ ਹਾਲਤ ਵਿਚ ਬਚਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਤਬਾਹੀ ਨੂੰ ਨਹੀਂ ਝੁਠਲਾਇਆ ਜਾ ਸਕਦਾ ਅਤੇ ਮਨੁੱਖਤਾ ਨੂੰ ਪੇਸ਼ ਖਤਰੇ ਨੂੰ ਘਟਾ ਕੇ ਹੀ ਪੁਰਾਣੇ ਜ਼ਖਮਾਂ ਨੂੰ ਕੁਝ ਭੁਲਾਇਆ ਜਾ ਸਕਦਾ ਹੈ।

ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਭਾਵੇਂ ਦੋਵੇਂ ਦੇਸ਼ ਵੱਖ ਵੱਖ ਨੀਤੀਆਂ ਉਤੇ ਚਲ ਰਹੇ ਹਨ ਪਰ ਇਹ ਨਤੀਆਂ ਵਿ ਸ਼ਵ ਅਮਨ ਲਈ ਮਿਲ ਕੇ ਚਲਣ ਦੇ ਰਾਹ ਵਿਚ ਰੋੜਾ ਨਹੀਂ ਬਣ ਸਕਦੀਆਂ। ਭਾਰਤ-ਜਪਾਨ ਸਬੰਧਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਬੰਧ ਪੰਜਵੀਂ ਸਦੀ ਤੋਂ ਚਲੇ ਆ ਰਹੇ ਹਨ ਅਤੇ ਭਵਿਖ ਵਿਚ ਹੋਰ ਮਜ਼ਬੂਤ ਹੋਣਗੇ। ਪ੍ਰਧਾਨ ਮੰਤਰੀ ਨੇ ਨਿਸ਼ਸ਼ਤਰੀਕਰਣ ਦੀ ਜ਼ੋਰਦਾ ਵਕਾਲਤ ਕੀਤੀ ਅਤੇ ਜਨੇਵਾ ਵਿਚ ਸ੍ਰੀ ਗੋਰਬਾਚੋਵ ਅਤੇ ਸ੍ਰੀ ਰੀਗਨ ਵਿਚਕਾਰ ਹੋਈ ਗੱਲਬਾਤ ਦਾ ਸਵਾਗਤ ਕੀਤਾ। ਰਾਜੀਵ ਗਾਂਧੀ ਨੇ ਕਿਹਾ ਕਿ ਦੁਨੀਆਂ ਵਿਚ ਵਿਕਾਸਸ਼ੀਲ ਦੇਸ਼ਾਂ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਹੈ। ਉਨ੍ਹਾਂ ਕਿਹਾ ਕਿ ਕਈ ਗਰੀਬ ਦੇਸ਼ਾਂ ਨੂੰ ਤਾਂ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਬਰਾਬਰੀ ਉਤੇ ਆਧਾਰਤ ਨਵਾਂ ਵਿਸ਼ਵ ਆਰਥਿਕ ਨਿਜ਼ਾਮ ਕਾਇਮ ਕੀਤੇ ਜਾਣ ਦੀ ਸਲਾਹ ਦਿਤੀ। ਸ੍ਰੀ ਗਾਂਧੀ ਨੇ ਕਿਹਾ ਕਿ ਜੇਕਰ ਵਿ ਵਿਕਸਤ ਦੇਸ਼ਾਂ ਨੂੰ ਮੰਦੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਕਰਜ਼ਿਆਂ ਦੀ ਅਦਾਇਗੀ ਦਾ ਸਾਹਮਣਾ ਹੈ। ਇਸ ਲਈ ਉਨ੍ਹਾਂ ਦੇਸ਼ਾਂ ਵਿਚ ਗਰੀਬੀ ਦੇ ਨਾਲ ਬੇਰੁਜ਼ਗਾਰੀ ਵੀ ਵਧ ਰਹੀ ਹੈ।

ਉਨ੍ਹਾਂ ਕਿਹਾ ਕਿ ਇਹ ਮਸਲੇ ਇਹੋ ਜਿਹੇ ਨਹੀਂ ਜੋ ਕੁਝ ਦੇਸ਼ ਹੀ ਸੁਲਝਾ ਸਕਦੇ ਹੋਣ। ਸਗੋਂ ਇਸ ਲਈ ਤਾਂ ਅੰਤਰਰਾਸ਼ਟਰੀ ਪੱਧਰ ਉਤੇ ਯਤਨ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਤਰੱਕੀ ਦਾ ਲਾਭ ਸਭਨਾਂ ਤੱਕ ਪੁੱਜਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਇਸ ਦੁਨੀਆਂ ਵਿਚ ਭੁੱਖਮਰੀ ਅਤੇ ਫਜ਼ੂਲਖਰਚੀ ਨਾਲ ਨਹੀਂ ਚਲ ਸਕਦੇ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਦੌਰਾਨ ਹਿੰਦ ਵਲੋਂ ਕੀਤੀ ਗਈ ਤਰੱਕੀ ਦਾ ਵੀ ਜ਼ਿਕਰ ਕੀਤਾ। ਮੈਂਬਰਾਂ ਨੇ ਭਾਸ਼ਨ ਦੌਰਾਨ ਕਈ ਵੇਰ ਜ਼ੋਰਦਾਰ ਤਾੜੀਆਂ ਵਜਾ ਕੇ ਪ੍ਰਧਾਨ ਮੰਤਰੀ ਦੇ ਵਿਚਾਰਾਂ ਦੀ ਸਰਾਹਨਾ ਕੀਤੀ।

# ਨੋਬਲ ਅਮਨ ਪੁਰਸਕਾਰ ਸੋਵੀਅਤ ਅਤੇ ਅਮਰੀਕੀ ਡਾਕਟਰਾਂ ਵਿਚਕਾਰ

ਸੰਸਾਰ ਪ੍ਰਸਿੱਧ ਨੋਬਲ ਅਮਨ ਪੁਰਸਕਾਰ ਸੋਵੀਅਤ ਡਾਕਟਰ ਅਤੇ ਅਮਰੀਕੀ ਡਾਕਟਰ ਨੂੰ ਕਲ ਓਸਲੋ ਵਿਖੇ ਦਿਤਾ ਗਿਆ। ਇਹ ਪੁਰਸਕਾਰ ਦੋਨਾਂ ਡਾਕਟਰਾਂ ਦੁਆਰਾ ਸੰਸਾਰ ਅਮਨ ਲਈ ਕੀਤੇ ਸਾਂਝੇ ਯਤਨਾਂ ਨੂੰ ਮੁਖ ਰਖਕੇ ਇਹਨਾਂ ਨੂੰ ਦਿਤਾ ਗਿਆ। ਡਾ. ਚਾਜੋਵ ਅਤੇ ਡਾ. ਲੋਨ ਜਿਹਨਾਂ ਨੇ ਸੰਸਾਰ ਦੇ ਸਾਰੇ ਡਾਕਟਰਾਂ ਨੂੰ ਪ੍ਰਮਾਣੂ ਜੰਗ ਦੇ ਖਤਰੇ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਪਰੇਰਿਆ ਅਤੇ ਪ੍ਰਮਾਣੂ ਹਥਿਆਰਾਂ ਵਿਰੁਧ ਇਕ ਬਹੁਤ ਵੱਡੀ ਸੰਸਾਰ ਵਿਆਪੀ ਅਮਨ ਲਹਿਰ ਜਥੇਬੰਦ ਕੀਤੀ। ਇਸ ਤਰ੍ਹਾਂ ਇਹਨਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਅਮਰੀਕਨ ਪ੍ਰਧਾਨ ਸੋਵੀਅਤ ਨੇਤਾ ਨਾਲ ਗਲਬਾਤ ਲਈ ਤਿਆਰ ਹੋਇਆ ਸੀ

# ਲਿਬਰਲ ਪਾਰਟੀ ਲੀਡਰ ‘ਆਰਟ ਲੀ’ ਦੁਆਰਾ ਬੀ. ਸੀ. ਵਿਚ ਲਿਬਰਲਾਂ ਨੂੰ ਇਲੈਕਸ਼ਨ ਲਈ ਤਿਆਰ ਹੋਣ ਦਾ ਸੱਦਾ

ਆਰਟ ਲੀ ਨੇ ਲਿਬਰਲ ਦੀ ਕ੍ਰਿਸਮਿਸ ਪਾਰਟੀ ਵਿਚ ਸਾਰੇ ਪਾਰਟੀ ਵਰਕਰਾਂ ਨੂੰ ਇਲੈਕਸ਼ਨ ਲਈ ਹਰ ਸਮੇਂ ਤਿਆਰ ਰਹਿਣ ਲਈ ਕਿਹਾ। ਉਹਨਾਂ ਕਿਹਾ ਕਿ ਬੀ. ਸੀ. ਚੋਣ ਮੁਹਿੰਮ ਚਲ ਪਈ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਬੀ. ਸੀ. ਵਿਚ ਨਵੀਂ ਪੀੜ੍ਹੀ ਲੀਡਰਸ਼ਿਪ ਵਿਚ ਆਵੇ। ਉਹਨਾਂ ਕਿਹਾ ਕਿ ਮੌਜੂਦਾ ਬੀ. ਸੀ. ਸਰਕਾਰ ਤੋਂ ਲੋਕ ਅੱਕ ਗਏ ਹਨ ਅਤੇ ਹੁਣ ਸਮਾਂ ਹੈ ਕਿ ਇਕ ਉਸਾਰੂ ਵਾਧਾਂ ਹੋਵੇ।

# ਬਰਨਾਲਾ ਦੀਆਂ ਨਤੀਆਂ ਦੀ ਜਿੱਤ

ਚੰਡੀਗੜ੍ਹ — ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਤਿ ਨਜ਼ਦੀਕੀ ਸਾਥੀ ਸ. ਹਰਦਿਆਲ ਸਿੰਘ ਮੋਫਰ ਨੇ, ਜੋ ਸੰਤ ਲੌਂਗੋਵਾਲ ਉਤੇ ਹੋਏ ਹਮਲੇ ਸਮੇਂ ਗੋਲੀਆਂ ਨਾਲ ਜ਼ਖਮੀ ਹੋ ਗਏ ਸਨ, ਕਿਹਾ ਕਿ ਸ. ਗੁਰਚਰਨ ਸਿੰਘ ਟੌਹੜਾ ਦੀ ਜਿੱਤ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੀਆਂ ਨੀਤੀਆਂ ਦੀ ਜਿੱਤ ਹੈ।

ਇਥੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਸ. ਬਰਨਾਲਾ ਨੇ ਜਿਸ ਸੁਚੱਜੇ ਢੰਗ ਨਾਲ ਸਰਕਾਰ ਤੇ ਅਕਾਲੀ ਪਾਰਟੀ ਨੂੰ ਚਲਾਇਆ ਹੈ, ਉਸ ਨਾਲ ਉਹ ਸਿੱਖਾਂ ਦੇ ਹਰਮਨ ਪਿਆਰੇ ਨੇਤਾ ਬਣ ਗਏ ਹਨ। ਉਨ੍ਹਾਂ ਕਿਹਾ ਕਿ ਸ. ਟੌਹੜਾ ਦੀ ਸ਼ਾਨਦਾਰ ਜਿੱਤ ਨਾਲ ਪੰਥ ਵਿਚ ਏਕਤਾ ਹੋਰ ਵੀ ਮਜ਼ਬੂਤ ਹੋਈ ਹੈ।

# ਚੰਡੀਗੜ੍ਹ ਦੇ ਸਾਰੇ ਮੁਲਾਜ਼ਮਾਂ ਨੂੰ ਲੈਣ ਤੋਂ ਪੰਜਾਬ ਦੀ ਨਾਂਹ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਚੰਡੀਗੜ੍ਹ ਦੇ ਯੂ. ਟੀ. ਕੇਡਰ ਦੇ ਕਰਮਚਾਰੀਆਂ ਨੂੰ ਪੰਜਾਬ, ਹਰਿਆਣਾ ਅਤੇ ਕੇਂਦਰੀ ਸਾਸ਼ਤ ਪ੍ਰਦੇਸ਼ ਵਿਚ ਵੰਡ ਦੇਣ ਦਾ ਸੁਝਾਅ ਦਿਤਾ ਹੈ। ਜਾਣਕਾਰ ਸੂਤਰਾਂ ਤੋਂ ਪਤਾ ਲਗਿਆ ਹੈ ਕਿ ਪੰਜਾਬ ਸਰਕਾਰ ਨੇ ਪ੍ਰਸਾਸ਼ਨ ਦੇ 18000 ਤੋਂ ਵੱਧ ਕਰਮਚਾਰੀਆਂ ਨੂੰ ਚੰਡੀਗੜ੍ਹ ਦੇ ਪੰਜਾਬ ਵਿਚ ਸ਼ਾਮਲ ਹੋਣ ਸਮੇਂ ਜਿਉਂ ਦੇ ਤਿਉਂ ਪੰਜਾਬ ਵਿਚ ਲੈਣ ਤੋਂ ਇਨਕਾਰ ਕਰ ਦਿਤਾ ਹੈ। ਇਸ ਲਈ ਯੂ. ਟੀ. ਕੇਡਰ ਦੇ ਜਿਹੜੇ ਕਰਮਚਾਰੀ ਪੰਜਾਬ ਦੇ ਵਸਨੀਕ ਹਨ ਉਨ੍ਹਾਂ ਨੂੰ ਪੰਜਾਬ ਵਿਚ ਲੈ ਲਿਆ ਜਾਵੇਗਾ ਤੇ ਜਿਹੜੇ ਹਰਿਆਣੇ ਦੇ ਵਸਨੀਕ ਹਨ ਉਨ੍ਹਾਂ ਨੂੰ ਹਰਿਆਣੇ ਵਿਚ ਤੇ ਜਿਹੜੇ ਯੂ. ਟੀ. ਦੇ ਹਨ ਉਹਨਾਂ ਨੂੰ ਯੂ. ਟੀ. ਕੇਡਰ ਵਿਚ ਭੇਜੇ ਜਾਂਣ ਦੀ ਸੰਭਾਵਨਾ ਹੈ।

ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਦੇ ਦੋ ਮਾਹਿਰਾਂ ਦੀ ਕਮੇਟੀ ਨੂੰ ਇਹ ਸਪਸ਼ਟ ਕਰ ਦਿਤਾ ਸੀ ਕਿ 1966 ਦੇ ਪੁਨਰਗਠਨ ਉਪਰੰਤ ਇਹ ਤੈਅ ਕੀਤਾ ਗਿਆ ਸੀ ਕਿ ਪ੍ਰਸਾਸ਼ਨ ਦੇ ਸਾਰੇ ਵਿਭਾਗਾਂ ਵਿਚ ਪੰਜਾਬ ਅਤੇ ਹਰਿਆਣੇ ਦੇ ਕਰਮਚਾਰੀ 60 ਤੇ 40 ਦੇ ਅਨੁਪਾਤ ਨਾਲ ਲਏ ਜਾਣਗੇ। ਬਾਅਦ ਵਿਚ ਪੰਜਾਬ ਵਲੋਂ ਰੋਸ ਕਰਨ ਦੇ ਬਾਵਜੂਦ ਪ੍ਰਸਾਸ਼ਨ ਆਪਣੇ ਆਪ ਮੁਲਾਜ਼ਮਾਂ ਦੀ ਭਰਤੀ ਕਰਦਾ ਰਿਹਾ।

# ਕੈਨੇਡਾ ਦੇ ਸਿੱਖਾਂ ਉਤੇ ਭਾਰਤੀ ਸਿੱਖ ਔਖੇ

ਅੰਮ੍ਰਿਤਸਰ — ਸਿੱਖ ਧਾਰਮਿਕ ਯਾਤਰੀਆਂ, ਜੋ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਵਸ ਦੇ ਮੌਕੇ ਉਤੇ ਸਿਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਦੇ ਦਸ-ਰੋਜ਼ਾ ਦੌਰੇ ਬਾਅਦ ਇਥੇ ਪਰਤੇ, ਨੇ ਕਿਹਾ ਕਿ ਨਨਕਾਣਾ ਸਾਹਿਬ ਵਿਚ ਕੈਨੇਡਾ ਦੇ ਕੁਝ ਸਿੱਖਾਂ ਵਲੋਂ ਕੀਤੀਆਂ ਕਾਰਵਾਈਆਂ ਨਾਲ ਉਨ੍ਹਾਂ ਨੇ ਕੋਈ ਸਰੋਕਾਰ ਨਹੀਂ ਰੱਖਿਆ। ਕੁਝ ਯਾਤਰੀਆਂ ਨੇ ਪੱਤਰਕਾਰਾਂ ਨਾਲ ਗਲਬਾਤ ਸਮੇਂ ਕਿਹਾ ਕਿ ਭਾਰਤ ਤੋਂ ਗਏ ਕਿਸੇ ਵੀ ਸਿੱਖ ਯਾਂਤਰੀ ਨੇ ਕੈਨੇਡੀਆਈ ਸਿੱਖਾਂ ਦਾ ਸਾਥ ਨਹੀਂ ਦਿਤਾ, ਜਦੋਂ ਉਨ੍ਹਾਂ ਨੇ ਭਾਰਤੀ ਡਿਪਲੋਮੇਟਾਂ ਉਤੇ ਹਮਲਾ ਕੀਤਾ। ਉਨ੍ਹਾਂ ਨੇ ਕੈਨੇਡਿਆਈ ਸਿੱਖਾਂ ਦੀ ਇਸ ਹਰਕਤ ਉਤੇ ਖੇਦ ਪ੍ਰਗਟ ਕੀਤਾ। ਜਥੇ ਦੇ ਨੇਤਾ ਪ੍ਰੋ: ਗੁਰਸੇਵਕ ਸਿੰਘ ਨੇ ਕਿਹਾ ਕਿ ਭਾਰਤ ਤੋਂ ਗਏ ਸਿੱਖ ਧਾਰਮਿਕ ਯਾਤਰੀਆਂ ਉਤੇ ਕਰੜੀ ਨਿਗ੍ਹਾ ਰੱਖੀ ਗਈ ਸੀ।

ਪੰਜਾਬ ਤੇ ਦੇਸ਼ ਦੇ ਦੂਜੇ ਭਾਗਾਂ ਵਿਚੋਂ ਗਏ 2860 ਯਾਤਰੀ ਤਿੰਨ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਭਾਰਤ ਪਰਤੇ। ਕਸਟਮ ਵਿਭਾਗ ਦੇ ਸੂਤਰਾਂ ਅਨੁਸਾਰ ਯਾਤਰੀਆਂ ਕੋਲੋਂ ਭਾਰੀ ਗਿਣਤੀ ’ਚ ਕੱਪੜਾ, ਘੜੀਆਂ, ਮੇਵੇ, ਬਿਜਲਈ ਵਸਤਾਂ ਤੇ ਹੋਰ ਸਮਾਨ ਫੜਿਆ ਜੋ ਉਹ ਨਾਜਾਇਜ਼ ਤੌਰ ’ਤੇ ਲਿਆ ਰਹੇ ਸਨ।